SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 173 Website : www.punjabiakhbaar.ca Email: editor@punjabiakhbaar.ca Friday, 4 June 2021

## 215 ਬੱਚਿਆਂ ਦੇ ਪਿੰਜਰ ਮਿਲਣ ਉਪਰੰਤ ਅਫਸੋਸ ਵਿੱਚ ਝੁਕ ਗਏ ਕਨੇਡਾ ਦੇ ਰਾਸ਼ਟਰੀ ਝੰਡੇ

### ਕੈਲਗਰੀ ਵਿੱਚ ਦੋ ਸਕੂਲਾਂ ਦੇ ਨਾਂ ਬਦਲਣ ਦੀ ਮੰਗ ਵੀ ਉੱਠ ਖਲੋਤੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਕੈਮਲੂਪਸ ਦੇ ਇੱਕ ਪੁਰਾਣੇ ਰੈਜ਼ਿਡੈਂਸ਼ੀਅਲ ਸਕੂਲ ਦੀ ਜ਼ਮੀਨ ਹੇਠੋਂ 215 ਬੱਚਿਆਂ ਦੀਆਂ ਕਬਰਾਂ ਮਿਲਣ ਅਤੇ ਦੇਸ਼ ਭਰ ਵਿੱਚ ਇਸ ਖ਼ਬਰ 'ਤੇ ਡੂੰਘਾ ਅਫ਼ਸੋਸ ਪ੍ਰਗਟ ਕੀਤੇ ਜਾਣ ਅਤੇ ਰਾਸ਼ਟਰੀ ਝੰਡਿਆਂ ਨੂੰ ਝੁਕਾਏ ਜਾਣ ਮਗਰੋਂ ਕੈਲਗਰੀ ਮੇਅਰ ਨਾਹੀਦ ਨੈਂਸ਼ੀ ਨੇ ਕੈਲਗਰੀ ਬੋਰਡ ਔਫ਼ ਐਜੁਕੇਸ਼ਨ ਅਤੇ ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਹਿਰ ਦੇ ਦੋ ਸਕੂਲਾਂ ਦੇ ਨਾਮ ਤਬਦੀਲ ਕਰੇ। ਇੱਕ ਪਬਲਿਕ ਸਕੂਲਾਂ ਦਾ ਨਾਮ ਲੈਂਗਵਿਨ ਹਾਇ ਸਕੂਲ ਅਤੇ ਦੂਜੇ ਦਾ ਨਾਮ ਬਿਸ਼ਪ ਗ੍ਰੈਂਡਿਨ ਹਾਇਸ ਕਸੂਲ ਹੈ। ਮੇਅਰ ਨੈਂਸ਼ੀ ਨੇ ਕਿਹਾ ਬਹੁਤ ਸਮਾਂ ਲੰਘ ਗਿਆ ਹੈ ਤੇ ਪਹਿਲੀ ਹੀ ਮੀਟਿੰਗ ਵਿੱਚ ਇਹ ਦੋਵੇਂ ਸਕੂਲਾਂ ਦੇ ਨਾਮ ਤਬਦੀਲ ਕੀਤੇ ਜਾਣੇ ਚਾਹੀਦੇ ਹਨ। ਦੇਸ਼ ਭਰ ਵਿੱਚ ਰੈਜ਼ਿਡੈਂਸ਼ੀਅਲ ਸਕੂਲਾਂ ਦੀ ਸਥਾਪਨਾ ਪਿਛੇ ਬਿਸ਼ਪ ਬ੍ਰੈਂਡਿਨ ਅਤੇ ਸਰ ਹੈਕਟਰ ਲੈਂਗਵਿਨ ਦੇ ਨਾਮ ਲੱਗਦੇ ਰਹੇ ਹਨ। ਸ਼ਹਿਰ ਵਿੱਚੋਂ ਵੀ ਕਈ ਭਾਈਚਾਰਿਆਂ ਨੇ ਇਹੀ ਮੰਗ ਦੁਹਰਾਈ ਹੈ। ਸ਼ਾਮ ਸਿਟੀ ਹਾਲ ਦੇ ਸਾਹਮਣੇ ਇੱਕ ਵਾਰ ਮੁੜ ਬੱਚਿਆਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਕੈਂਡਲ ਲਾਈਟ ਵਿਜਿਲ ਰੱਖਿਆ ਗਿਆ ਜਿਸ ਵਿੱਚ ਸੈਂਕੜੇ ਲੋਕ ਸ਼ਾਮਲ ਹੋਏ ਤੇ ਬਹੁਤੀ ਗਿਣਤੀ ਵਿੱਚ ਮੂਲ ਨਿਵਾਸੀ ਭਾਈਚਾਰੇ ਦੇ ਲੋਕ ਇਸ ਮੌਕੇ ਹਾਜ਼ਰ ਸਨ। ਕੈਬਿਨੇਟ ਮਨਿਸਟਰ ਲੀਲਾ ਸ਼ੈਰਨ ਅਹੀਰ ਅਤੇ ਵੱਖ ਵੱਖ ਐਨਟਾਇ-ਰੇਸਿਜ਼ਮ ਕਮੇਟੀਆਂ ਦੇ ਮੈਂਬਰ ਵੀ ਇਸ ਮੌਕੇ ਹਾਜ਼ਰ ਸਨ। ਹਿਲਹਰਸਟ ਚਰਚ ਵਿੱਚ ਦੁਪਹਿਰ 2 ਵੱਜਕੇ 15 ਮਿੰਟ ਉੱਪਰ ਸੁਰੂ ਕਰਕੇ 215 ਘੰਟੀਆਂ ਵਜਾਕੇ ਇੱਕ ਇੱਕ ਘੰਟੀ ਇੱਕ ਇੱਕ ਬੱਚੇ ਨੂੰ ਸਮਰਪਿਤ ਕੀਤੀ ਜਾ ਗਈ। ਖ਼ਬਰ ਲਿਖਣ ਵੇਲੇ ਤੱਕ ਪਤਾ ਲੱਗਾ ਕਿ ਲੈਂਗਵਿਨ ਹਾਇ ਸਕੂਲ ਦਾ ਨਾਂ ਬਦਲਕੇ ਪੁਰਾਣਾ ਨਾਂ ਰਿਵਰ ਸਾਈਡ ਰੱਖ ਦੇਣ ਦਾ ਮਤਾ ਪਾਸ ਹੋ ਗਿਆ ਹੈ।

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy.
Winnipeg, MB, R3T 2G6
P:(204) 218-2222
F:(204) 261-1488
www.maxprorealestate.ca

## ਕੋਰੋਨਾ ਮਹਾਂਮਾਰੀ ਦੌਰਾਨ ਮੁਫਤ ਖਾਣੇ ਦੀਆਂ ਸੇਵਾਵਾਂ ਨਿਭਾਉਣ ਬਦਲੇ ਜਸਪ੍ਰੀਤ ਵਿਰਦੀ ਨੂੰ ਸਨਮਾਨ ਮਿਲਿਆ






ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਦੁਨੀਆਂ ਦੇ ਕਿਸੇ ਵੀ ਖਿੱਤੇ ਵਿੱਚ ਚਲੇ ਜਾਣ ਪਰ ਆਪਣੀ ਸਰਬਤ ਦੇ ਭਲੇ ਵਾਲੀ ਸੋਚ ਆਪਣੇ ਨਾਲ ਹੀ ਲੈਕੇ ਜਾਂਦੇ ਹਨ। ਇਸ ਸੱਚਾਈ ਨੂੰ ਬਿਆਨ ਕਰਦੀ ਸੇਵਾ ਭਾਵਨਾ ਦੀ ਗੱਲ ਕਰੀਏ ਤਾਂ ਮੈਨੀਟੋਬਾ ਦੇ ਪੂਰਬ ਵਾਲੇ ਪਾਸੇ ਸਥਿੱਤ ਉਂਟਾਰੀਓ ਸੂਬੇ ਦੇ ਸ਼ਹਿਰ ਕੈਨੋਰਾ 'ਚ 'ਕਰੀ ਲੇਕ ਆਫ਼ ਦਾ ਵੁੱਡਸ' ਨਾਂਅ ਦਾ ਰੈਸਟੋਰੈਂਟ ਚਲਾ ਰਹੇ ਜਸਪ੍ਰੀਤ ਵਿਰਦੀ (ਜੈਜ਼ ਵਿਰਦੀ) ਤੋਂ ਸੁਰੂ ਕਰਦੇ ਹਾਂ। ਬੇਸ਼ੱਕ ਕੈਨੋਰਾ ਸ਼ਹਿਰ ਜਿੱਥੇ ਕਿ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਬਹੁਤੀ ਨਹੀਂ ਹੈ ਪਰ ਜਸਪ੍ਰੀਤ ਵਿਰਦੀ ਨੂੰ ਖੁਸ਼ੀ ਹੈ ਕਿ ਉਹ ਗ਼ੈਰ ਭਾਰਤੀ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਣ ਵਿਚ ਕਾਮਯਾਬ ਰਿਹਾ ਕਿ ਸਿੱਖ ਧਰਮ ਹਮੇਸ਼ਾ ਲੋੜਵੰਦਾਂ ਦੀ ਮੱਦਦ ਲਈ ਰੈਡ ਕਰਾਸ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਇਸ ਲਈ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿਸ ਰੰਗ, ਜਾਤ ਜਾਂ ਨਸਲੀ ਪਿਛੋਕੜ ਦੇ ਹੋ।। ਜ਼ੈਜ ਵਿਰਦੀ ਨੂੰ ਉੱਥੋਂ ਦੇ ਜ਼ਿਲ੍ਹਾ ਹਸਪਤਾਲ ਦੇ ਅਧਿਕਾਰੀਆਂ ਵਲੋਂ ਮੂਹਰਲੀ ਕਤਾਰ ਦੇ ਕਰਮਚਾਰੀਆਂ ਨੂੰ ਲਗਾਤਾਰ ਦੂਸਰੇ ਸਾਲ, ਖਾਣਾ ਮੁਹੱਈਆ ਕਰਵਾਉਣ ਬਦਲੇ ਸਨਮਾਨਿਤ ਕੀਤਾ ਗਿਆ ਹੈ। ਜੈਜ਼ ਵਿਰਦੀ ਦਾ ਕਹਿਣਾ ਹੈ ਕਿ ਇਸ ਮਹਾਂਮਾਰੀ ਦੌਰਾਨ ਸਾਡੇ ਪਰਿਵਾਰਾਂ ਦੀ ਦੇਖਭਾਲ ਕਰਨ ਵਾਲੇ ਮੂਹਰਲੀ ਕਤਾਰ ਦੇ ਕਰਮਚਾਰੀਆਂ ਨੂੰ ਧੰਨਵਾਦ ਦੇ ਤੌਰ 'ਤੇ ਕੁੱਝ ਵਾਪਸ ਦੇਣ ਦਾ ਇਸ ਤੋਂ ਵਧੀਆ ਤਰੀਕਾ ਮੈਨੂੰ ਹੋਰ ਕੁੱਝ ਨਹੀਂ ਜਾਪਿਆ। ਵਿਰਦੀ ਇਸ ਤੋਂ ਪਹਿਲਾਂ ਵੀ ਸਾਲ 2019-20 ਦੌਰਾਨ ਆਸਟ੍ਰੇਲੀਆਈ ਜੰਗਲੀ ਅੱਗ ਵਿਚ ਨੁਕਸਾਨੇ ਗਏ ਜਾਨਵਰਾਂ ਨੂੰ ਬਚਾਉਣ ਵਿਚ ਸਹਾਇਤਾ ਲਈ 1500 ਤੋਂ ਵੱਧ ਡਾਲਰ ਦੀ ਰਾਸ਼ੀ ਇਕੱਤਰ ਕਰ ਭੇਜ ਚੁੱਕੇ ਹਨ ਅਤੇ ਉਹ ਸਥਾਨਕ ਬੇਘਰ ਲੋਕਾਂ ਨੂੰ ਵੀ ਖਾਣਾ ਮੁਹੱਈਆ ਕਰਵਾਉਂਦੇ ਰਹਿੰਦੇ ਹਨ। ਹਸਪਤਾਲ ਅਧਿਕਾਰੀਆਂ ਵੱਲੋਂ ਵਿਰਦੀ ਨੂੰ ਸਨਮਾਨਿਤ ਕਰਨ ਮੌਕੇ ਕਹਿਣਾ ਸੀ ਕਿ ਸਿੱਖ ਧਰਮ ਇੱਕ ਮਨੁੱਖਤਾਵਾਦੀ ਸਮੂਹ ਹੈ ਜੋ ਇਸ ਸਮੇਂ ਭਾਰਤ ਵਿਚ ਕੋਵਿਡ-19 ਸੰਕਟ ਦੌਰਾਨ ਵੀ ਮੋਹਰੀ ਹੋ ਕੇ ਬਿਹਤਰ ਸੇਵਾਵਾਂ ਨਿਭਾਅ ਰਿਹਾ ਹੈ।

## ਪੰਜਾਬ ਕਾਂਗਰਸ ਦਾ ਸੰਕਟ: ਮੈਂ ਆਪਣੇ ਸਟੈਂਡ 'ਤੇ ਕਾਇਮ: ਸਿੱਧੂ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਕੋਟਕਪੂਰਾ ਬੇਅਦਬੀ ਤੇ ਪੁਲੀਸ ਫਾਇਰਿੰਗ ਕੇਸਾਂ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ ਮੋਰਚਾ ਖੋਲ੍ਹਣ ਵਾਲੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਪਾਰਟੀ ਹਾਈ ਕਮਾਂਡ ਵੱਲੋਂ ਗਠਿਤ ਤਿੰਨ ਮੈਂਬਰੀ ਕਮੇਟੀ ਅੱਗੇ ਪੇਸ਼ ਹੁੰਦਿਆਂ ਕਿਹਾ ਕਿ ਉਹ ਇਸ ਮਾਮਲੇ ਵਿੱਚ ਲਏ ਆਪਣੇ ਸਟੈਂਡ 'ਤੇ ਅੱਜ ਵੀ ਕਾਇਮ ਹਨ। ਸਿੱਧੂ ਨੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਦੀ ਅਗਵਾਈ ਵਾਲੀ ਕਮੇਟੀ ਨਾਲ ਦੋ ਘੰਟੇ ਦੇ ਕਰੀਬ ਮੁਲਾਕਾਤ ਕੀਤੀ। ਸਿੱਧੂ ਨੇ ਮੀਟਿੰਗ ਉਪਰੰਤ ਕਿਹਾ, "ਮੈਂ ਆਪਣੇ ਸਟੈਂਡ 'ਤੇ ਅੱਜ ਵੀ ਕਾਇਮ ਹਾਂ, ਇਸ ਵਿੱਚ ਕੋਈ ਬਦਲਾਅ ਨਹੀਂ ਆਇਆ।' ਸਿੱਧੂ ਨੇ ਕਿਹਾ, "ਪੰਜਾਬ, ਪੰਜਾਬੀਅਤ ਤੇ ਪੰਜਾਬੀਆਂ ਦੀ ਜਿੱਤ ਹੋਵੇਗੀ। ਪੰਜਾਬ ਵਿਰੋਧੀ ਤਾਕਤਾਂ ਨੂੰ ਭਾਂਜ ਦਿੱਤੀ ਜਾਵੇਗੀ।' ਸਿੱਧੂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਤਾਕਤ ਟੈਕਸਾਂ ਦੇ ਰੂਪ ਵਿੱਚ ਕੀਤੀ ਅਦਾਇਗੀ ਹੈ ਤੇ ਇਸ ਪੈਸੇ ਨੂੰ ਕਿਸੇ ਵੀ ਰੂਪ ਵਿੱਚ ਮੁੜ ਲੋਕਾਂ ਤੱਕ ਪੁੱਜਦਾ ਕਰਨਾ ਉਨ੍ਹਾਂ ਦਾ ਸਿਖਰਲਾ ਏਜੰਡਾ ਹੈ। ਸਿੱਧੂ ਨੇ ਕਿਹਾ, "ਮੈਂ ਅੱਜ ਸੱਚ 'ਤੇ ਰੌਸ਼ਨੀ ਪਾਈ ਹੈ।

ਪੰਜਾਬੀ ਅਖ਼ਬਾਰ Punjabi Akhbaar
PunjabiAkhbaar.ca
ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
**Android app**
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
**iPhone App**
https://apps.apple.com/in/app/punjabi-akhbaar/id1559030797

Sukhbaz Deol
Financial Advisor
(204)998-7511
SAHARA INSURANCE GROUP
Visitor / Travel Insurance / Life Insurance
Super Visa Insurance / RRSP / RESP / Investments

ਸਟਾਈਲ ਇੰਡੀਆ
ਬਾਲੀਵੁੱਡ ਕਲੈਕਸ਼ਨ ਵਿੰਨੀਪੈਗ
STYLE India
BOLLYWOOD COLLECTION
• Latest Boutique suits
• Heavy Phulkari
• Frock suits
• Shimmer and Shunil suits
• Super soft blankets
ਇੰਡੀਆ ਨੂੰ ਪੈਸੇ ਭੇਜਣ ਲਈ ਵਧੀਆ ਰੇਟ
MoneyGram money transfer
ਪਾਸਪੋਰਟ ਸਾਈਜ਼ ਫੋਟੋ ਸਿਰਫ 10 ਡਾਲਰ
ਨਵੇਂ ਨਵੇਂ ਬੁਟੀਕ ਦੇ ਸੂਟ, ਭਾਰੀ ਫੁਲਕਾਰੀਆਂ, ਫਰਾਕ ਸੂਟ, ਸ਼ਿਮਰ ਐਂਡ ਸ਼ੁਨੀਲ ਸੂਟ, ਸੁਪਰ ਸੌਫਟ ਕੰਬਲ
102 Mandalay Dr. Winnipeg
(204) 632-9999

Yadwinder Deol
Realtor
MAXIMUM REALTY
ਘਰ ਵੇਚਣ ਜਾਂ ਖਰੀਦਣ ਲਈ ਸੰਪਰਕ ਕਰੋ!
Call TODAY to buy or sell your house
(204)803-2811

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg. MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੋਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance / Mortgage Insurance
Critical Illness Insurance / Life Insurance
Disability Insurance / Visitor Insurance
Dental & Health Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LEPAGE
Call: 204.227.5758
Email: rajsandhu1@royallepage.ca
Thank you for your trust and support!

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue
Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg | Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770

# ਕਾਮਾਗਾਟਾ ਜਹਾਜ਼ ਵਿੱਚ ਬਠਿੰਡੇ ਜ਼ਿਲ੍ਹੇ ਦੇ ਪਿੰਡ ਤੁੰਗਵਾਲੀ ਤੋਂ 11 ਮੁਸਾਫਿਰ ਸਨ



ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਸੂਚੀ

| ਨਾਂ | | ਪਿੰਡ | | | |
|---|---|---|---|---|---|
| 1 | ਹਰਨਾਮ ਸਿੰਘ | ਰੋੜੇ | 44 | ਸ਼ੇਰ ਸਿੰਘ | ਆਲਮਵਾਲਾ |
| 2 | ਕੇਹਰ ਸਿੰਘ | ਰੋੜੇ ਬਾਦਲ | 45 | ਭਗਵਾਨ ਸਿੰਘ | ਆਲਮਵਾਲਾ |
| 3 | ਇੰਦਰ ਸਿੰਘ | ਰੋੜੇ ਬਾਦਲ | 46 | ਕਾਕਤ ਸਿੰਘ | ਭਖੜੀ |
| 4 | ਕੇਹਰ ਸਿੰਘ | ਰੋੜੇ ਰੂਪਾ | 47 | ਟੀਸ਼ਰ ਸਿੰਘ | ਰੋਲੀ |
| 5 | ਹੀਰਾ ਸਿੰਘ | ਤੁੰਗਵਾਲੀ | 48 | ਇੰਦਰ ਸਿੰਘ | ਭੂਨੇਵਾਲਾ |
| 6 | ਸ਼ੇਰ ਸਿੰਘ | ਤੁੰਗਵਾਲੀ | 49 | ਰਜਿਣ ਸਿੰਘ | ਬਦਨ |
| 7 | ਰਾਮ ਸਿੰਘ | ਤੁੰਗਵਾਲੀ | 50 | ਚੰਨਣ ਸਿੰਘ | ਕਿਸ਼ਨਪੁਰਾ |
| 8 | ਗੁਰਮੁਖ ਸਿੰਘ | ਤੁੰਗਵਾਲੀ | 51 | ਬਕਤ ਸਿੰਘ | ਸੁਗਮੀ |
| 9 | ਬੂੰ ਦਾ ਸਿੰਘ | ਤੁੰਗਵਾਲੀ | 52 | ਅਰਜਣ ਸਿੰਘ | ਮਹਿਣਾ |
| 10 | ਕੇਹਰ ਸਿੰਘ | ਤੁੰਗਵਾਲੀ | 53 | ਕਪੂਰ ਸਿੰਘ | ਲੋਪੋ |
| 11 | ਬੰਸੀ ਲਾਲ | ਤੁੰਗਵਾਲੀ | 54 | ਮਿੱਤ ਸਿੰਘ | ਬਰਾਜ |
| 12 | ਰਾਮ ਜੀ | ਤੁੰਗਵਾਲੀ | 55 | ਸਾਵਣ ਸਿੰਘ | ਖੁੰਡਾਲਾ |
| 13 | ਕਰਤਾ ਰਾਮ | ਤੁੰਗਵਾਲੀ | 56 | ਬਿਸ਼ਨ ਸਿੰਘ | ਲੋਰਗੜ੍ਹ |
| 14 | ਰਾਮ ਰਤਨ | ਤੁੰਗਵਾਲੀ | 57 | ਪਰਤਾਪ ਸਿੰਘ | ਬਾਘਾਪੁਰਾਣਾ |
| 15 | ਚੰਮਣ ਸਿੰਘ | ਤੁੰਗਵਾਲੀ | 58 | ਨਰਾਇਣ ਸਿੰਘ | ਲੋਹੋਵਾਲਾ |
| | | | 59 | ਮਿੱਤ ਸਿੰਘ | ਬੁੱਘੀਪੁਰ |
| | | | 60 | ਮੁੰਦਰ ਸਿੰਘ | ਅਜੀਤਵਾਲ |
| | | | 61 | ਚੰਨਣ ਸਿੰਘ | [illegible] |

**ਨੋਟ: ਉਸ ਵੇਲੇ ਪਿੰਡ ਤੁੰਗਵਾਲੀ ਜ਼ਿਲ੍ਹਾ ਬਠਿੰਡਾ ਨਹੀਂ ਫਿਰੋਜਪੁਰ ਵਿੱਚ ਪੈਂਦਾ ਸੀ**



ਕਨੇਡਾ ਤੋਂ ਪ੍ਰਕਾਸਿਤ ਹੁੰਦੇ ਪੰਜਾਬੀ ਅਖਬਾਰ ਦੀਆਂ ਜੜ੍ਹਾਂ ਪੰਜਾਬ ਦੇ ਬਠਿੰਡਾ ਜਿਲੇ ਦੇ ਪਿੰਡ ਤੁੰਗਵਾਲੀ ਨਾਲ ਜੁੜੀਆਂ ਹੋਈਆਂ ਹਨ । 23 ਮਈ 1914 ਨੂੰ ਕਨੇਡਾ ਦੀ ਬੰਦਰਗਾਹ ਉੱਪਰ ਜਦੋਂ ਕਾਮਾਗਾਟਾ ਮਾਰੂ ਸਮੁੰਦਰੀ ਜਹਾਜ ਨੇ ਦਸਤਕ ਦਿੱਤੀ ਸੀ ਤਾਂ ਉਸ ਸਮੇਂ ਦੀ ਜਹਾਜ ਦੀ ਇਹ ਤਸਵੀਰ ਸੋਸਲ ਮੀਡੀਆ ਉੱਪਰ ਬਹੁਤ ਪ੍ਰਚੱਲਤ ਹੋਈ ਹੈ।ਪਰ ਇਹਨਾਂ ਤਸਵੀਰਾਂ ਵਿੱਚੋਂ ਮੈਂ ਕੋਸਿਸ ਕਰਦਾ ਹਾਂ ਚਿਹਰੇ ਪਛਾਨਣ ਦੀ ,ਕਿਉਂਕਿ ਮੈਨੂੰ ਮਾਣ ਐ ਕਿ ਮੇਰੀ ਜਨਮ ਭੂਮੀ ਜ਼ਿਲ੍ਹਾ ਬਠਿੰਡਾ ਦੇ ਪਿੰਡ ਤੁੰਗਵਾਲੀ ਨਾਲ 11 ਮੁਸਾਫਿਰ ਇਸ ਸਮੁੰਦਰੀ ਜਹਾਜ ਵਿੱਚ ਸਵਾਰ ਸਨ। ਭਾਵੇਂ ਪਿੰਡ ਵਿੱਚ ਉਹਨਾਂ ਦਾ ਕੋਈ ਬਹੁਤਾ ਜ਼ਿਕਰ ਕਦੀ ਨਹੀਂ ਹੋਇਆ ਪਰ ਇਤਿਹਾਸਿਕ ਦਸਤਾਵੇਜਾਂ ਤੋਂ ਮੈਨੂੰ ਜਦੋਂ ਪਤਾ ਲੱਗਾ ਤਾਂ ਪਿੰਡ ਵਿੱਚੋਂ ਉਹਨਾਂ ਦੇ ਪਰਿਵਾਰ ਲੱਭਣ ਦੀ ਕੋਸ਼ਿਸ਼ ਕੀਤੀ ।ਜਾਂਚ ਪੜਤਾਲ ਵਿੱਚੋਂ ਇਹੀ ਕੁੱਝ ਲੱਭਾ ਕਿ ਉਹਨਾਂ ਵਿੱਚੋਂ ਜ਼ਿਆਦਾ ਅਣਵਿਆਹੇ ਹੀ ਸਨ ।ਸਲਾਮ ਐ ਸਾਡੇ ਉਹਨਾਂ ਪੁਰਖਿਆਂ ਨੂੰ ਜਿਹਨਾਂ ਨੇ ਸਾਡੇ ਲਈ ਇਹ ਰਾਹ ਖੋਲਣ ਦੀ ਕੋਸ਼ਿਸ਼ ਕਰਦਿਆਂ ਆਪਣੀਆਂ ਜਾਨਾਂ ਦੀ ਆਹੂਤੀ ਵੀ ਦਿੱਤੀ ।ਉਹ ਵੀ ਸਮਾਂ ਸੀ ਕਿ ਸਾਨੂੰ ਇਸ ਧਰਤੀ ਉੱਪਰ ਪੈਰ ਰੱਖਣ ਦੀ ਇਜਾਜਤ ਵੀ ਨਹੀਂ ਸੀ ਮਿਲੀ ਪਰ ਅੱਜ ਅਸੀਂ ਪੰਜਾਬੀ ਅਖਬਾਰ ਦੇ ਰੂਪ ਵਿੱਚ ਆਪਣੇ ਵਿਚਾਰ ਰੱਖਣ, ਛਾਪਣ ਦੀ ਆਜ਼ਾਦੀ ਦੇ ਵੀ ਹੱਕਦਾਰ ਹਾਂ । **ਹਰਬੰਸ ਬੁੱਟਰ ਸੰਪਾਦਕ ਪੰਜਾਬੀ ਅਖਬਾਰ ਕੈਲਗਰੀ (ਕਨੇਡਾ)**

# ਬੇ-ਵਕਤ ਵਿਛੋੜਾ ਦੇ ਗਿਆ ਕਲਿਆਣ ਮੱਲਕਾ ਆਲਾ ਬਾਈ ਇਕਬਾਲ ਬਰਾੜ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 26 ਮਈ 2021 ਨੂੰ ਬਹੁਤ ਹੀ ਮਨਹੂਸ ਖ਼ਬਰ ਸੁਣਨ ਨੂੰ ਮਿਲੀ ਕਿ ਕੈਲਗਰੀ ਵਾਸੀ ਬਾਈ ਇਕਬਾਲ ਬਰਾੜ 50 ਸਾਲ ਦੀ ਉਮਰੇ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਹਨ । ਬਠਿੰਡੇ ਜਿਲੇ ਦੇ ਪਿੰਡ ਕਲਿਆਣ ਮੱਲਕਾ ਵਿੱਚ ਜਨਮੇ ਬਾਈ ਇਕਬਾਲ ਬਰਾੜ ਦੀ ਮਿਰਤਕ ਦੇਹ ਦਾ ਅੰਤਿਮ ਸਸਕਾਰ ਪਰਿਵਾਰਿਕ ਮੈਂਬਰਾਂ ,ਉਹਨਾਂ ਦੀ ਵਿਧਵਾ ਪਤਨੀ , ਬੇਟਾ ,ਬੇਟੀ ਅਤੇ ਹੋਰ ਸਕੇ ਸੁਨੇਹੀਆਂ ਦੀ ਹਾਜਰੀ ਵਿੱਚ ਬਹੁਤ ਹੀ ਸੋਗਮਈ ਪਲਾਂ ਦੌਰਾਨ 1 ਜੂਨ 2021 ਨੂੰ ਕੈਲਗਰੀ ਵਿਖੇ ਕੀਤਾ ਗਿਆ। ਬਾਈ ਇਕਬਾਲ ਬਰਾੜ ਸਾਲ 2000 ਵਿੱਚ ਕਨੇਡਾ ਆਏ ਸਨ । ਕਨੇਡਾ ਵਿੱਚ ਰਹਿੰਦਿਆਂ ਉਹਨਾਂ ਨੇ ਟੈਕਸੀ ਦੇ ਕਾਰੋਬਾਰ ਵਿੱਚ ਆਪਣੇ ਦੋਸਤਾਂ ਦਾ ਘੇਰਾ ਬਹੁਤ ਵਿਸਾਲ ਕੀਤਾ । ਸਮਾਜ ਸੇਵਾ ਦੇ ਕੰਮਾਂ ਵਿੱਚ ਉਹ ਮੋਹਰੀ ਕਤਾਰ ਦੇ ਕੈਲਗਰੀ ਵਾਸੀਆਂ ਵਿੱਚ ਸਾਮਿਲ ਹੁੰਦਾ ਸੀ । ਜਿਸ ਵੇਲੇ ਆਮ ਆਦਮੀ ਪਾਰਟੀ ਦੇ ਲਹਿਰ ਵਿਦੇਸਾਂ ਵਿੱਚ ਚੱਲੀ ਤਾਂ ਇਕਬਾਲ ਬਰਾੜ ਨੇ ਮੋਹਰੀ ਰੋਲ ਨਿਭਾਇਆ । ਹੁਣ ਕਿਸਾਨ ਅੰਦੋਲਨ ਸੁਰੂ ਹੋਇਆ ਤਾਂ ਸਰੀਰਕ ਹਾਲਾਤ ਨਾ -ਸਾਜ਼ਗਾਰ ਹੁੰਦਿਆਂ ਹੋਇਆ ਵੀ ਉਹਨਾਂ ਦੀਆਂ ਕੋਸ਼ਿਸਾਂ ਹਰ ਹੀਲੇ ਕਿਸਾਨੀ ਘੋਲ ਦੀ ਜਿੱਤ ਦਾ ਝੰਡਾ ਲਹਿਰਾਉਂਦਾ ਵੇਖਣਾ ਚਾਹੁੰਦੀਆਂ ਸਨ ਪਰ ਸਮੇਂ ਨੂੰ ਕੁੱਝ ਹੋਰ ਹੀ ਮਨਜੂਰ ਸੀ। ਅਦਾਰਾ ਪੰਜਾਬੀ ਅਖ਼ਬਾਰ ਦੀ ਸਮੁੱਚੀ ਟੀਮ ਇਸ ਦੁਖਦਾਈ ਘੜੀ ਮੌਕੇ ਬਰਾੜ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ।

# ਲੋਕਾਂ ਵਿਰੋਧ ਕੀਤਾ ਤਾਂ ਸਰਕਾਰ ਨੇ ਸੁਪਰਵਾਇਜ਼ਡ ਕੰਜ਼ੰਪਸ਼ਨ ਸਾਇਟ ਬੰਦ ਕਰਨ ਦੇ ਹੁਕਮ ਕਰ ਦਿੱਤੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਡਾਊਨ-ਟਾਊਨ ਵਿੱਚ ਸਥਾਪਿਤ ਇੱਕ ਮਾਤਰ ਸੁਪਰਵਾਇਜ਼ਡ ਕੰਜ਼ੰਪਸ਼ਨ ਸਾਇਟ ਨੂੰ ਬੰਦ ਕੀਤਾ ਜਾ ਰਿਹਾ ਹੈ। ਐਲਬਰਟਾ ਸਰਕਾਰ ਦਾ ਕਹਿਣਾ ਹੈ ਕਿ ਸੂਬੇ ਭਰ ਵਿੱਚ ਚੱਲ ਰਹੀਆਂ 'ਹਾਰਮ ਰਿਡਕਸ਼ਨ ਸਰਵਿਸਿਜ਼' ਦੀ ਵਰ-ਹੌਲਿੰਗ ਕੀਤੀ ਜਾ ਰਹੀ ਹੈ ਜਿਸ ਦੇ ਚਲਦਿਆਂ ਇਹ ਫੈਸਿਲਿਟੀ ਬੰਦ ਕੀਤੀ ਜਾ ਰਹੀ ਹੈ। ਸ਼ੈਲਡਨ ਐਮ ਸ਼ਿਊਮਰ ਹੈਲਥ ਸੈਂਟਰ ਵਿੱਚ ਇਹ ਸੇਫ਼ ਸਾਇਟ ਚਲਾਈ ਜਾ ਰਹੀ ਸੀ ਤੇ ਜਿਸ ਦਿਨ ਤੋਂ ਇਸ ਦੀ ਸ਼ੁਰੂਆਤ ਹੋਈ, ਉਸ ਦਿਨ ਤੋਂ ਹੀ ਇਸ ਇਲਾਕੇ ਦੇ ਲੋਕਾਂ ਅਤੇ ਬਿਜ਼ਨਿਸਿਜ਼ ਵੱਲੋਂ ਇਸ ਦਾ ਵਿਰੋਧ ਕੀਤਾ ਜਾ ਰਿਹਾ ਸੀ। ਐਸੋਸੀਏਟ ਮਨਿਸਟਰ ਔਫ਼ ਮੈਂਟਲ ਹੈਲਥ ਐਂਡ ਐਡਿਕਸ਼ਨਜ਼ ਜੇਸਨ ਲੁਐਨ ਦੇ ਪ੍ਰੈਸ ਸੈਕ੍ਰੇਟਰੀ ਜਸਟਿਨ ਮਾਰਸ਼ਲ ਦਾ ਕਹਿਣਾ ਹੈ ਕਿ ਇਸ ਫੈਸਿਲਿਟੀ ਦਾ ਸਥਾਨ ਬਦਲਿਆ ਜਾ ਰਿਹਾ ਹੈ ਕਿਉਂਕਿ ਇਸ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਸੀ। ਸੂਬੇ ਭਰ ਵਿੱਚ ਪਿਇਡ ਸੰਕਟ ਵਧਦਾ ਜਾ ਰਿਹਾ ਹੈ ਤੇ ਨਸ਼ੇ ਪਦਾਰਥਾਂ ਦੀ ਵਰਤੋਂਜ਼ ਦੇ ਚੱਲਦਿਆਂ ਕੈਲਗਰੀ ਵਿੱਚ ਹੀ ਇਸ ਸਾਲ 70 ਮੌਤਾਂ ਹੋ ਚੁੱਕੀਆਂ ਹਨ ਤੇ ਇਸ ਦੇ ਦਰਮਿਆਨ ਇਸ ਸਾਇਟ ਨੂੰ ਬੰਦ ਕਰਨ ਦੇ ਸਰਕਾਰੀ ਫੈਸਲੇ 'ਤੇ ਉਂਗਲਾ ਉਠਣੀਆਂ ਸ਼ੁਰੂ ਹੋ ਗਈਆਂ ਹਨ।

## ਲੁਟੇਰਿਆਂ ਸਬੰਧੀ ਜਾਣਕਾਰੀ ਦੇਣ ਲਈ ਪੁਲਿਸ ਨੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 15 ਮਈ ਨੂੰ ਸ਼ਾਮ 8 ਵਜੇ ਦੇ ਕਰੀਬ ਮਾਰਲਬੋਰੋ ਪਾਰਕ ਇਲਾਕੇ ਵਿੱਚ ਮੈਮੋਰੀਅਲ ਡ੍ਰਾਇਵ ਦੇ 5600 ਬਲੌਕ ਵਿੱਚ ਇੱਕ ਐਲੀ ਵਿੱਚ ਇੱਕ ਜੋੜੇ ਨੂੰ ਚਾਕੂ ਦੀ ਨੋਕ 'ਤੇ ਲੁੱਟਣ ਵਾਲੇ ਵਿਅਕਤੀਆਂ ਦੀ ਭਾਲ ਵਾਸਤੇ ਪੁਲਿਸ ਨੇ ਸੰਭਾਵਿਤ 4 ਗਵਾਹਾਂ ਨੂੰ ਸਾਹਮਣੇ ਆਉਣ ਨੂੰ ਕਿਹਾ ਹੈ। ਸ਼ੱਕੀ ਹਮਲਾਵਰ ਪੈਦਲ ਹੀ ਫ਼ਰਾਰ ਹੋ ਗਏ ਸਨ। ਉਹਨਾਂ ਔਰਤ ਨੂੰ ਬਿਅਰ ਸਪਰੇਅ ਕਰਕੇ ਲੁੱਟਿਆ ਜਦੋਂ ਕਿ ਮਰਦ ਨੂੰ ਚਾਕੂ ਦੀ ਨੋਕ 'ਤੇ। ਸਿਕਿਉਰਿਟੀ ਫੁਟੇਜ ਤੋਂ 4 ਵਿਅਕਤੀ ਮੌਕੇ 'ਤੇ ਨਜ਼ਰ ਆਉਂਦੇ ਦਿਖਾਈ ਦਿੱਤੇ ਹਨ ਜਿਹਨਾਂ ਕੋਲ ਇਸ ਵਾਰਦਾਤ ਦੀ ਜਾਣਕਾਰੀ ਹੋ ਸਕਦੀ ਹੈ। ਇਹਨਾਂ ਚਾਰ ਵਿੱਚ ਦੋ ਔਰਤਾਂ ਹਨ। ਪੁਲਿਸ ਨੇ ਲੋਕਾਂ ਨੂੰ ਕਿਹਾ ਹੈ ਕਿ ਕਿਸੇ ਹੋਰ ਕੋਲ ਵੀ ਕੋਈ ਜਾਣਕਾਰੀ ਹੋਵੇ ਤਾਂ ਉਹ ਨੌਨ-ਐਮਰਜੰਸੀ ਨੰਬਰ 'ਤੇ ਕਾਲ ਕਰ ਸਕਦੇ ਹਨ।

# ਜਲਦੀ ਵੈਕਸਿਨੇਸ਼ਨ ਲਈ ਪੌਪ ਅੱਪ ਕਲਿਨਿਕ ਲਿਆ ਰਹੇ ਹਾਂ - ਚਾਹਲ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਮੇਅਰ ਨਾਹੀਦ ਨੈਂਸ਼ੀ ਨੇ ਮੰਗ ਕੀਤੀ ਹੈ ਕਿ ਸੂਬੇ ਭਰ ਵਿੱਚ ਰੀ-ਪਨਿੰਗ ਦਾ ਸਿਲਸਿਲਾ ਸ਼ੁਰੂ ਹੋ ਰਿਹਾ ਹੈ ਤੇ ਸਰਕਾਰ ਨੂੰ ਚਾਹੀਦਾ ਹੈ ਕਿ ਕੈਲਗਰੀ ਵਿੱਚ ਪੌਪ-ਅੱਪ ਕਲਿਨਿਕ ਜ਼ਰੂਰ ਅਤੇ ਜਲਦੀ ਦਿੱਤੇ ਜਾਣ। ਉਹਨਾਂ ਕਿਹਾ ਕਿ ਉਹ ਬਹੁਤ ਆਸਵੰਦ ਹਨ ਕਿ ਰੀ-ਪਨਿੰਗ ਸੁਚਾਰੂ ਰਹੇਗੀ ਤੇ ਆਸ ਮੁਤਾਬਕ ਹੀ ਚੱਲੇਗੀ ਪਰ ਇਸ ਲਈ ਜ਼ਰੂਰੀ ਹੈ ਕਿ ਵੱਧ ਤੋਂ ਵੱਧ ਲੋਕਾਂ ਨੂੰ ਵੈਕਸਿਨ ਦੇਣ ਲਈ ਟੈਂਪਰੇਰੀ ਪੌਪ ਅਪ ਕਲਿਨਿਕ ਲਿਆ ਕੇ ਇਹ ਕੰਮ ਤੇਜ਼ੀ ਨਾਲ ਪੂਰਾ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਲੋਕ ਪਿਛਲੇ 15 ਮਹੀਨਿਆਂ ਤੋਂ ਜਿਸ ਸੰਤਾਪ ਵਿੱਚੋਂ ਲੰਘੇ ਹਨ, ਸਰਕਾਰ ਨੂੰ ਉਸ ਗੰਭੀਰਤਾ ਨਾਲ ਸਵੀਕਾਰ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਿਹਨਾਂ ਦੇ ਨਜ਼ਦੀਕੀ ਲੋਕ ਇਸ ਮਹਾਮਾਰੀ ਵਿੱਚ ਤੁਰ ਗਏ ਹਨ ਉਹਨਾਂ ਲਈ ਇਹ ਗਰਮੀਆਂ ਬਹੁਤ ਵਧੀਆ ਨਹੀਂ ਹੋਣਗੀਆਂ ਤੇ ਇਹ ਕੌੜਾ ਸੱਚ ਹੈ। ਸਿਟੀ ਦੇ ਵਾਰਡ 5 ਤੋਂ ਕੌਂਸਲਰ ਜੌਰਜ ਚਾਹਲ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਹੈ ਕਿ ਆਉਂਦੇ ਸ਼ਨੀਵਾਰ ਅਤੇ ਐਤਵਾਰ ਵਾਲੇ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਵਿਲੇਜ ਸੁਕੇਅਰ ਨੌਰਥ ਈਸਟ ਵਿੱਚ ਪੌਪ ਅੱਪ ਕਲਿਨਿਕ ਲਿਆਂਦਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਆਉਂਦੇ ਵੀਕ-ਐਂਡ ਦੌਰਾਨ ਵੀ ਅਜਿਹੇ ਹੋਰ ਕਲਿਨਿਕ ਲਿਆਂਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਕਿ ਸਾਰਿਆਂ ਦੀ ਵੈਕਸਿਨੇਸ਼ਨ ਜਲਦ ਹੋ ਸਕੇ।

## ਪੰਜਾਬੀ ਮੂਲ ਦਾ ਰੌਸ਼ਨ ਚੁੰਬਰ ਕੈਲਗਰੀ ਦੇ ਵਾਰਡ 10 ਤੋਂ ਕੌਂਸਲਰ ਦੀ ਚੋਣ ਲਈ ਮੈਦਾਨ ਵਿੱਚ ਆਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇਸੇ ਸਾਲ ਅਕਤੂਬਰ ਮਹੀਨੇ ਆ ਰਹੀਆਂ ਸਿਟੀ ਕੌਂਸਿਲ ਕੈਲਗਰੀ ਦੀਆਂ ਚੋਣਾਂ ਦੌਰਾਨ ਵਾਰਡ 10 ਤੋਂ ਕੌਂਸਲਰ ਦੀਆਂ ਸੇਵਾਵਾਂ ਦੇਣ ਲਈ ਪੰਜਾਬੀ ਮੂਲ ਦਾ ਨੌਜਵਾਨ ਰੌਸ਼ਨ ਚੁੰਬਰ ਚੋਣ ਮੈਦਾਨ ਵਿੱਚ ਹੈ। ਪੰਜਾਬੀ ਅਖਬਾਰ ਨਾਲ ਗੱਲਬਾਤ ਦੌਰਾਨ ਰੌਸ਼ਨ ਚੁੰਬਰ ਨੇ ਦੱਸਿਆ ਕਿ ਸਾਡੇ ਭਾਈਚਾਰੇ ਵੱਡੀ ਗਿਣਤੀ ਇਸ ਵਾਰਡ ਵਿੱਚ ਵਸਦੀ ਹੈ ਪਰ ਹੁਣ ਤੱਕ ਲਗਾਤਾਰ 27 ਸਾਲ ਇੱਕ ਹੀ ਵਿਆਕਤੀ ਇਸ ਸੀਟ ਉੱਪਰ ਕਾਬਜ ਰਿਹਾ ਅਤੇ ਉਸਨੇ ਇਸ ਵਾਰਡ ਦੇ ਵਿਕਾਸ ਕੰਮਾਂ ਵੱਲ ਕੋਈ ਧਿਆਨ ਨਹੀਂ ਦਿੱਤਾ । ਸੋ ਹੁਣ ਮੇਰੀ ਇਹ ਦਿਲੀ ਇੱਛਾ ਹੈ ਕਿ ਮੈਂ ਆਉਣ ਵਾਲੇ ਸਮੇਂ ਦੌਰਾਨ ਇਸ ਵਾਰਡ ਵਿੱਚ ਰਹਿਣ ਵਾਲੇ ਕੈਲਗਰੀ ਵਾਸੀਆਂ ਨੂੰ ਲੋੜੀਦੀਆਂ ਯੋਗ ਸੇਵਾਵਾਂ ਦੇ ਸਕਾਂ । ਵਾਰਡ 10 ਵਿੱਚ ਐਵੀਡੇਲ ,ਕੋਰਲ ਸਪਰਿੰਗ, ਮੌਂਟਰੀ ਪਾਰਕ ,ਮਾਰਲਬਰੋ, ਮਾਰਲਬਰੋ ਪਾਰਕ, ਮੇਲੈਂਡ ਹਾਈਟ ,ਰੰਡਲ, ਪਾਈਨ ਰਿੱਜ,ਟੈਂਪਲ ,ਵਿਸਟਾ ਹਾਈਟ ਅਤੇ ਵਾਈਟ ਹਾਰਨ ਏਰੀਆ ਪੈਂਦਾ ਹੈ। ਵੋਟਾਂ 18 ਅਕਤੂਬਰ 2021 ਨੂੰ ਪੈਣਗੀਆਂ ਸੋ ਮੈਨੂੰ ਪੂਰਨ ਉਮੀਦ ਹੈ ਕਿ ਇਸ ਵਾਰ ਵਾਰਡ 10 ਦੇ ਵੋਟਰ ਉਹਨਾਂ ਨੂੰ ਇਹ ਸੇਵਾ ਦਾ ਮੌਕਾ ਜਰੂਰ ਦੇਣਗੇ।












## ਕੈਲਗਰੀ ਨਾਰਥ ਈਸਟ ਦੇ ਲੋਕਾਂ ਲਈ ਇੱਕ ਹੋਰ ਵੱਡਾ ਸੌਪਿੰਗ ਮਾਲ ਬਣੇਗਾ-ਜਾਰਜ ਚਾਹਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨੌਰਥ ਈਸਟ ਦੀਆਂ ਕੌਰਨਰ-ਸਟੋਨ,



ਰੈਡ-ਸਟੋਨ, ਸਿਟੀ-ਸਕੇਪ ਅਤੇ ਸਕਾਇ-ਵਿਊ ਰੈਂਚ ਕਮਿਉਨਿਟੀਆਂ ਵਿੱਚ ਰਹਿਣ ਵਾਲੇ ਲੋਕਾਂ ਦੀ ਸਹੂਲਤ ਵਾਸਤੇ ਇੱਕ ਨਵਾਂ ਸ਼ੌਪਿੰਗ ਮਾਲ ਤਿਆਰ ਹੋ ਰਿਹਾ ਹੈ। ਕੰਟਰੀਹਿਲਜ਼ ਬੁਲੇਵਰਡ ਅਤੇ ਕੌਰਨਰ-ਸਟੋਨ ਬੁਲੇਵਰਡ ਦੇ ਇੰਟਰਸੈਕਸ਼ਨ ਨੇੜੇ ਤਿਆਰ ਹੋ ਰਹੇ ਸ਼ੌਪਿੰਗ ਕੌਂਪਲੈਕਸ ਵਿੱਚ ਡ੍ਰਗ ਸਟੋਰ, ਡੇਅ-ਕੇਅਰ ਅਤੇ ਕਈ ਰੀਟੇਲ ਸਟੋਰ ਹੋਣਗੇ। ਵਾਰਡ 5 ਤੋਂ ਕੌਂਸਲਰ ਜੌਰਜ ਚਾਹਲ ਦਾ ਕਹਿਣਾ ਹੈ ਕਿ ਇਹਨਾਂ ਕਮਿਉਨਿਟੀਜ਼ ਵਿੱਚ ਰਹਿਣ ਵਾਲੇ ਲੋਕਾਂ ਲਈ ਜ਼ਰੂਰੀ ਸਮਾਨ ਹੁਣ ਉਹਨਾਂ ਦੇ ਘਰਾਂ ਦੇ ਨੇੜੇ ਹੀ ਮਿਲ ਜਾਵੇਗਾ। ਇੱਕ ਵੱਡਾ ਗ੍ਰੌਸ਼ਰੀ ਸਟੋਰ ਵੀ ਇੱਥੇ ਆ ਰਹੇ ਹੋਣ ਦੀ ਖ਼ਬਰ ਹੈ। ਇਸ ਤੋਂ ਇਲਾਵਾ ਲਿਕਰ ਸਟੋਰ, ਬੈਂਕ, ਕੌਫੀ ਸ਼ੋਪਸ, ਰੈਸਟੌਰੈਂਟਸ, ਟੇਕ ਆਊਟ ਅਤੇ ਫਾਸਟ ਫੂਡ ਸਟੋਰ ਵੀ ਖੁੱਲ੍ਹਣਗੇ। ਲੋਕਾਂ ਵੱਲੋਂ ਇੱਥੇ ਰੈਜਿਸਟਰੀ ਅਤੇ ਲੈਬ ਦੀ ਮੰਗ ਵੀ ਕੀਤੀ ਜਾ ਰਹੀ ਹੈ। ਇਸ ਕੰਮ ਦੇ ਡਿਵੈਲਪਰ ਐਂਥਮ ਯੁਨਾਇਟਿਡ ਦਾ ਕਹਿਣਾ ਹੈ ਕਿ ਸਿਟੀ ਵੱਲੋਂ ਪ੍ਰਵਾਨਗੀ ਮਿਲਣਾ ਹੀ ਇਸ ਵੱਡੇ ਪ੍ਰੋਜੈਕਟ ਦੀ ਚੰਗੀ ਸ਼ੁਰੂਆਤ ਹੈ।

## ਜੂਨ ਮਹੀਨੇ ਦੌਰਾਨ ਤਿੰਨ ਪੜਾਵਾਂ ਵਿੱਚ ਸਾਰੀਆਂ ਸਿਹਤ ਪਾਬੰਦੀਆਂ ਚੁੱਕ ਲਏ ਜਾਣ ਦਾ ਐਲਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਭਰ ਵਿੱਚ ਕੋਰੋਨਾ ਵਾਇਰਸ ਦੇ ਘਟ ਰਹੇ ਕੇਸਾਂ ਅਤੇ ਹਸਪਤਾਲਾਂ ਵਿੱਚ ਇਸ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਆ ਰਹੀ ਕਮੀ ਨੂੰ ਵੇਖਦਿਆਂ ਪ੍ਰੀਮੀਅਰ ਜੇਸਨ ਕੈਨੀ ਨੇ ਲੱਗੀਆਂ ਸਿਹਤ ਸੰਬੰਧੀ ਪਾਬੰਦੀਆਂ ਵਿੱਚ 3 ਪੜਾਵੀ ਢਿੱਲਾਂ ਦੇਣ ਦਾ ਐਲਾਨ ਕਰ ਦਿੱਤਾ ਹੈ। ਉਹਨਾਂ ਦੱਸਿਆ ਕਿ ਪਹਿਲੇ ਪੜਾਅ ਦੇ ਪਹਿਲੇ ਹਿੱਸੇ ਵਿੱਚ , ਸ਼ੁੱਕਰਵਾਰ, 28 ਮਈ ਤੋਂ ਸਾਰੇ ਧਾਰਮਿਕ ਸਥਾਨਾਂ 'ਤੇ ਫਾਇਰ ਕੋਡ ਸਮਰੱਥਾ ਦੇ ਅਨੁਸਾਰ 15% ਸ਼ਰਧਾਲੂਆਂ ਨੂੰ ਅੰਦਰ ਜਾਣ ਦੀ ਆਗਿਆ ਹੋਵੇਗੀ।

ਇਸ ਪਹਿਲੇ ਪੜਾਅ ਦੇ ਦੂਜੇ ਹਿੱਸੇ ਵਿੱਚ ਮੰਗਲਵਾਰ, ਪਹਿਲੀ ਜੂਨ ਤੋਂ ਆਊਟਡੋਰ ਇਕੱਠ ਵਿੱਚ ਸਮਾਜਿਕ ਵਿੱਥ ਰੱਖਦਿਆਂ 10 ਵਿਅਕਤੀ ਸ਼ਾਮਿਲ ਹੋ ਸਕਣਗੇ। ਆਊਟਡੋਰ ਪੈਟੀ? ਡਾਇਨਿੰਗ ਵਿੱਚ ਇੱਕ ਟੇਬਲ 'ਤੇ ਇਕੋ ਪਰਿਵਾਰ ਦੇ ਜਾਂ ਬਹੁਤ ਨੇੜਤਾ ਵਾਲੇ 4 ਵਿਅਕਤੀ ਇਕੱਠੇ ਭੋਜਨ ਕਰ ਸਕਣਗੇ। ਆਉਟਡੋਰ ਫਿਜ਼ਿਕਲ, ਪਰਫੌਮੈਂਸਿਜ਼ ਅਤੇ ਰੈਕ੍ਰਿਏਸ਼ਨਲ ਐਕਟਿਵਿਟੀਜ਼ ਵਿੱਚ ਵੀ 10 ਜਣੇ ਭਾਗ ਲੈ ਸਕਦੇ ਹਨ ਪਰ ਸਮਾਜਕ ਵਿੱਥ ਰੱਖਣੀ ਲਾਜ਼ਿਮ ਹੋਵੇਗੀ। ਅਪੌਇੰਟਮੈਂਟ ਲੈ ਕੇ ਪਰਸਨਲ ਵੈੱਲਨੈੱਸ ਸਰਵਿਸਿਜ਼ ਹਾਸਲ ਕਰਨ ਦੀ ਆਗਿਆ ਦੇ ਦਿੱਤੀ ਗਈ ਹੈ। ਰੀਟੇਲ ਬਿਜ਼ਨਿਸਿਜ਼ ਦੇ ਅੰਦਰ ਫਾਇਰ ਕੋਡ ਸਮਰਥਾ ਮੁਤਾਬਕ 15% ਗ੍ਰਾਹਕਾਂ ਨੂੰ ਜਾਣ ਦੀ ਛੋਟ ਦਿੱਤੀ ਗਈ ਹੈ। ਵਿਆਹ ਵਿੱਚ 10 ਵਿਅਕਤੀ ਸ਼ਾਮਲ ਹੋ ਸਕਦੇ ਹਨ ਪਰ ਰਿਸੈਪਸ਼ਨ ਦੀ ਆਗਿਆ ਨਹੀਂ ਹੋਵੇਗੀ। ਇਸੇ ਤਰ੍ਹਾਂ ਫਿਉਨਰਲ ਵਿੱਚ 20 ਵਿਅਕਤੀ ਸ਼ਾਮਲ ਹੋ ਸਕਣਗੇ ਪਰ ਇੱਥੇ ਵੀ ਰਿਸੈਪਸ਼ਨ ਨਹੀਂ ਹੋ ਸਕੇਗੀ।




ਸਮਾਜਕ ਦੂਰੀ ਅਤੇ ਮਾਸਕ ਪਾਉਣਾ ਲਾਜ਼ਿਮ ਰਹੇਗਾ। ਪਹਿਲੀ ਸਟੇਜ ਵਿੱਚ 50% ਐਲਿਜਿਬਲ ਸੂਬਾ ਵਾਸੀਆਂ ਦੇ ਵੈਕਸਿਨੇਸ਼ਨ ਹੋਈ ਹੋਣੀ ਚਾਹੀਦੀ ਹੈ ਤੇ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ 800 ਤੋਂ ਘੱਟ ਹੋਣੀ ਚਾਹੀਦੀ ਹੈ।

ਦੂਜਾ ਪੜਾਅ ਮੱਧ ਜੂਨ ਤੋਂ ਸ਼ੁਰੂ ਹੋਵੇਗਾ। ਇਸ ਸਮੇਂ ਤੱਕ 60% ਸੂਬਾ ਵਾਸੀਆਂ ਦੀ ਵੈਕਸਿਨੇਸ਼ਨ ਹੋਈ ਹੋਣੀ ਚਾਹੀਦੀ ਹੈ ਅਤੇ ਹਸਪਤਾਲਾਂ ਵਿੱਚ ਦਾਖ਼ਲ, ਵਾਇਰਿਸ ਤੋਂ ਪੀੜਤ ਮਰੀਜ਼ਾਂ ਦੀ ਸੰਖਿਆ 500 ਤੋਂ ਘੱਟ ਹੋਣੀ ਜ਼ਰੂਰੀ ਹੈ। ਇਸ ਪੜਾਅ ਤਹਿਤ ਲਾਇਬ੍ਰੇਰੀਆਂ, ਸਿਨੇਮਾ-ਮੂਵੀ ਥੀਏਟਰ, ਏਰੀਨਾ ਅਤੇ ਜਿਮ ਖੁੱਲ੍ਹ ਜਾਣਗੇ ਪਰ ਫਾਇਰ ਕੋਡ ਮੁਤਾਬਕ 15% ਲੋਕ ਹੀ ਅੰਦਰ ਜਾ ਸਕਣਗੇ। ਜਿਮ ਅਤੇ ਫਿਟਨੈਸ ਕਲਾਸਾਂ ਵਿੱਚ 3 ਮੀਟਰ ਦੀ ਦੂਰੀ ਰੱਖਣੀ ਪਵੇਗੀ। ਰੈਸਟੌਰੈਂਟਸ ਅਤੇ ਡੇਅ ਕੈਂਪ ਖੁੱਲ੍ਹ ਜਾਣਗੇ। ਆਉਟਡੋਰ ਇਕੱਠ ਵਿੱਚ 20 ਵਿਅਕਤੀ ਸ਼ਾਮਲ ਹੋ ਸਕਣਗੇ ਪਰ ਸਮਾਜਕ ਦੂਰੀ ਰੱਖਣੀ ਲਾਜ਼ਿਮ ਹੋਵੇਗੀ। ਬਾਹਰ ਬੈਠ ਕੇ 6 ਜਣੇ ਇਕੱਠੇ ਖਾਣਾ ਖਾ ਸਕਣਗੇ ਤੇ ਇਹਨਾਂ ਵਿੱਚ ਇੱਕੋ ਘਰ ਤੋਂ ਹੋਣਾ ਜਾਂ ਨੇੜਤਾ ਹੋਣਾ ਜ਼ਰੂਰੀ ਨਹੀਂ ਹੋਵੇਗੀ। ਧਾਰਮਿਕ ਸਥਾਨਾਂ ਅਤੇ ਰਿਟੇਲ ਸਟੋਰਾਂ 'ਤੇ ਫਾਇਰ ਕੋਡ ਅਨੁਸਾਰ ਇੱਕ ਤਿਹਾਈ ਲੋਕ ਅੰਦਰ ਜਾ ਸਕਣਗੇ। ਬੱਚਿਆਂ ਅਤੇ ਬਾਲਗ਼ਾਂ ਦੀਆਂ ਖੇਡਾਂ ਨੂੰ ਇਜਾਜ਼ਤ ਇਸ ਪੜਾਅ ਵਿੱਚ ਦਿੱਤੀ ਗਈ ਹੈ। ਪਰਸਨਲ ਵੈੱਲਨੈੱਸ ਬਿਜ਼ਨਿਸਿਜ਼ ਵਿੱਚ ਵੌਕ-ਇਨ ਸਰਵਿਸ ਸ਼ੁਰੂ ਹੋ ਜਾਵੇਗੀ। ਘਰਾਂ ਤੋਂ ਹੀ ਕੰਮ ਕਰਨ ਦੀ ਸ਼ਰਤ ਚੁੱਕ ਲਈ ਜਾਵੇਗੀ। ਆਉਟਡੋਰ ਫਿਕਸਡ ਸੀਟਿੰਗ ਫੈਸਿਲਿਟੀਜ਼ ਵਿੱਚ ਇੱਕ ਤਿਹਾਈ ਲੋਕ ਜਾ ਸਕਣਗੇ ਤੇ ਪਬਲਿਕ ਆਉਟਡੋਰ ਇਕੱਠਾਂ ਵਿੱਚ ਸਮਾਜਕ ਵਿੱਥ ਰੱਖ ਕੇ 150 ਲੋਕ ਸ਼ਾਮਲ ਹੋ ਸਕਣਗੇ। ਰਿਸੈਪਸ਼ਨਜ਼ ਹੋ ਸਕਣਗੀਆਂ ਪਰ ਸਿਰਫ਼ ਇਹ ਆਉਟਡੋਰ ਹੀ ਹੋਣਗੀਆਂ। ਸਮਾਜਕ ਦੂਰੀ ਤੇ ਮਾਸਕ ਪਾਉਣਾ ਜ਼ਰੂਰੀ ਹੋਵੇਗਾ।

ਤੀਸਰਾ ਪੜਾਅ ਉਸ ਸਮੇਂ ਸ਼ੁਰੂ ਹੋ ਸਕੇਗਾ ਜਦੋਂ 70% ਸੂਬਾ ਵਾਸੀਆਂ ਨੂੰ ਘੱਟੋ ਘੱਟ ਇੱਕ ਇੱਕ ਟੀਕਾ ਲੱਗ ਚੁੱਕਿਆ ਹੋਵੇਗਾ ਅਤੇ ਹਸਪਤਾਲਾਂ ਵਿੱਚ ਦਾਖ਼ਲ ਮਰੀਜ਼ਾਂ ਦੀ ਗਿਣਤੀ ਉੱਪਰ ਨਜ਼ਰ ਰੱਖੀ ਜਾਵੇਗੀ। ਇਸ ਪੜਾਅ ਤਹਿਤ ਸਾਰੀਆਂ ਸਿਹਤ ਪਾਬੰਦੀਆਂ ਹਟਾ ਲਈਆਂ ਜਾਣਗੀਆਂ। ਕੋਵਿਡ-19 ਵਾਇਰਸ ਟੈਸਟ ਵਿੱਚ ਪੌਜ਼ਿਟਿਵ ਹੋਣ ਵਾਲੇ ਵਿਅਕਤੀਆਂ ਲਈ ਆਇਸੋਲੇਸ਼ਨ ਲਾਜ਼ਿਮ ਰਹੇਗੀ। ਤੀਸਰਾ ਪੜਾਅ ਜੁਲਾਈ ਦੇ ਸ਼ੁਰੂ ਤੋਂ ਆਰੰਭ ਹੋ ਸਕਦਾ ਹੈ।







# ਕੈਲਗਰੀ ਸਟੈਂਪੀਡ ਮੇਲੇ ਵਿੱਚ ਇਸ ਵਾਰ ਪਰੇਡ ਨਹੀਂ ਹੋਵੇਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਧਰਤੀ ਦਾ ਸਭ ਤੋਂ ਵੱਡਾ ਬਾਹਰੀ ਮੇਲਾ – ਸਟੈਂਪੀਡ ਕਰਵਾਉਣ ਵਾਲੀ ਸੰਸਥਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਵਾਰ ਸਟੈਂਪੀਡ ਪੈਰੇਡ ਦੇ ਨਾਲ ਨਾਲ ਚਕ–ਵੈਗਨ ਮੁਕਾਬਲੇ ਵੀ ਨਹੀਂ ਕਰਵਾਏ ਜਾਣਗੇ। ਇਸ ਨੂੰ ਦ ਰੇਂਜਲੈਂਡ ਡਰਬੀ ਦਾ ਨਾਮ ਦਿੱਤਾ ਜਾਂਦਾ ਹੈ ਤੇ ਪਿਛਲੇ ਸਾਲ ਅਤੇ ਇਸ ਸਾਲ ਇਹਨਾਂ ਦੇ ਮੁਕਾਬਲੇ ਨਾ ਹੋਣ ਕਰਕੇ ਇਸ ਗੇਮ ਦੇ ਸ਼ੌਕੀਨਾਂ ਨੂੰ ਵੱਡਾ ਧੱਕਾ ਲੱਗਿਆ ਹੈ। ਪੂਰੇ ਵੈਸਟਰਨ ਕੈਨੇਡਾ ਵਿੱਚ ਚਕ–ਵੈਗਨ ਰੇਸ ਦਾ ਇਹ ਮੁਕਾਬਲਾ ਸਾਹ ਰੋਕ ਕੇ ਵੇਖਿਆ ਜਾਂਦਾ ਹੈ। ਦ ਗ੍ਰੈਂਡ ਸਟੈਂਡ ਸ਼ੋ ਦਾ ਨਾਮ ਬਦਲ ਕੇ ਇਸ ਵਾਰ ਦ ਈਵਨਿੰਗ ਸ਼ੋ ਰੱਖ ਦਿੱਤਾ ਗਿਆ ਹੈ ਤੇ ਇਹ ਮੁਕਾਬਲਾ ਹਰ ਰੋਜ਼ ਸ਼ਾਮ ਨੂੰ ਰੇਸਾਂ ਦੇ ਆਖ਼ਰੀ ਮੁਕਾਬਲੇ ਤੋਂ ਬਾਦ ਕਰਵਾਇਆ ਜਾਂਦਾ ਹੈ। ਰੋਡੀ–ਇਵੈਂਟਸ, ਮਿਡਵੇਅ, ਨੈਸ਼ਵਿਲ ਨੌਰਥ, ਦ ਬਿਗ ਫੋਰ ਰੋਡਹਾਊਸ, ਬੀਐਮ–ਮਾਰਕਿਟ, ਵੈਸਟਰਨ ਸ਼ੋ–ਕੇਸ, ਐਗਰੀਕਲਚਰ ਸ਼ੋ–ਕੇਸ, ਲਾਇਵ ਮਿਊਜ਼ਿਕ ਅਤੇ ਫਾਇਰ ਵਰਕਸ ਪਹਿਲਾਂ ਵਾਂਗ ਹੋਣਗੇ। ਰਾਇਡਾਂ ਵੀ ਹੋਣਗੀਆਂ ਪਰ ਇਸ ਵਾਰ ਉਹਨਾਂ ਦੀ ਗਿਣਤੀ ਅਤੇ ਵਰਾਇਟੀ ਘੱਟ ਹੋਵੇਗੀ। ਇਸ ਸਟੈਂਪੀਡ ਵਿੱਚ ਰਾਇਡਾਂ ਆਦਿ ਦਾ ਪ੍ਰਬੰਧ ਕਰਨ ਵਾਲੀ ਅਮੈਰਿਕਨ ਕੰਪਨੀ, ਨੌਰਥ ਅਮੈਰਿਕਨ ਮਿਡ–ਵੇਅ ਐਂਟਰਟੇਨਮੈਂਟ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਟੈਂਪਰੇਰੀ ਵਰਕ ਵੀਜ਼ਾ ਪ੍ਰਾਪਤ 250 ਵਿਅਕਤੀਆਂ ਨੂੰ ਇੱਥੇ ਲਿਆਉਣ ਦੀ ਯੋਜਨਾ ਹੈ। ਪੈਨਕੇਕਸ, ਰੋਡੀ–ਜ਼ ਅਤੇ ਇਵੈਂਟ ਟੈਂਟਸ ਪਹਿਲਾਂ ਵਾਂਗ ਲੱਗਣ ਦੀ ਸੰਭਾਵਨਾ ਹੈ। 9 ਜੁਲਾਈ ਤੋਂ 18 ਜੁਲਾਈ ਤੱਕ ਸਟੈਂਪੀਡ ਚੱਲੇਗੀ। ਸਟੈਂਪੀਡ ਨੂੰ ਕਰਵਾਏ ਜਾਣ 'ਤੇ ਕੈਲਗਰੀ ਵਾਸੀ ਦੋ ਹਿੱਸਿਆਂ ਵਿੱਚ ਵੰਡੇ ਗਏ ਹਨ ਤੇ ਇੱਕ ਧਿਰ ਦਾ ਕਹਿਣਾ ਹੈ ਕਿ ਇਹ ਬਹੁਤ ਜਲਦਬਾਜ਼ੀ ਕੀਤੀ ਜਾ ਰਹੀ ਹੈ ਜਦੋਂ ਕਿ ਦੂਜੀ ਧਿਰ ਦਾ ਕਹਿਣਾ ਹੈ ਕਿ ਇਸ ਦਾ ਆਯੋਜਨ ਹੋਣਾ ਹੀ ਚਾਹੀਦਾ ਸੀ। ਸਿਹਤ ਮਾਹਿਰਾਂ ਨੇ ਖ਼ਦਸ਼ਾ ਪ੍ਰਗਟ ਕੀਤਾ ਹੈ ਕਿ ਦੇਸ਼ ਅਤੇ ਵਿਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੋ ਸਕਦੇ ਹਨ ਤੇ ਅਜਿਹੇ ਵਿੱਚ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਮੁਸ਼ਕਿਲ ਕੰਮ ਹੋ ਸਕਦਾ ਹੈ।


ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ!
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ!
urban Real Estate Services Ltd.
Akshay Kapoor
REALTOR®
403 891 0005

Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
info.blissandbeauty@gmail.com Located on 2nd Floor in Saddleridge Plaza

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"

ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
We Provide Laser Hair Removal Treatments
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
• Makeup
• Hair styling
• Manicure/Pedicure
• Microdermabrasion
• Artificial Nails
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Punjab MONEY EXCHANGE
Pick Up & Delivery
NO EXTRA CHARGES
Contact for Sending & Receiving MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
ICCRC CRCIC
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨਾਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

## ਕੈਲਗਰੀ ਦੇ ਨਾਰਥ ਈਸਟ ਏਰੀਆ ਵਿੱਚ ਡਰਾਈਵ ਥਰੂ ਵੈਕਸਿਨ ਲੱਗੇਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨੌਰਥ ਈਸਟ ਵਿੱਚ ਲੋਕਾਂ ਦੀ ਸਹੂਲਤ ਵਾਸਤੇ ਡ੍ਰਾਇਵ-ਥਰੂ ਵੈਕਸਿਨ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਕੈਲਗਰੀ ਐਮਰਜੰਸੀ ਮੈਨੇਜਮੈਂਟ ਏਜੰਸੀ - ਸੇਮਾ ਵੱਲੋਂ ਇਸ ਦੀ ਮੰਗ ਵਾਸਤੇ ਸੂਬਾ ਸਰਕਾਰ ਨਾਲ ਗੱਲ ਕੀਤੀ ਜਾ ਰਹੀ ਸੀ। ਇਸ ਖੇਤਰ ਵਿੱਚ ਵੈਕਸਿਨ ਲੈਣ ਵਾਲਿਆਂ ਦੀ ਗਿਣਤੀ ਸ਼ਹਿਰ ਦੇ ਬਾਕੀ ਹਿੱਸੇ ਦੇ ਮੁਕਾਬਲੇ ਕਾਫੀ ਘੱਟ ਦਰਜ ਕੀਤੀ ਜਾ ਰਹੀ ਹੈ ਜਿਸ ਕਰਕੇ ਇਸ ਡ੍ਰਾਇਵ-ਥਰੂ ਵੈਕਸਿਨ ਕਲਿਨਿਕ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸ਼ਹਿਰ ਦੇ ਬਾਕੀ 3 ਹਿੱਸਿਆਂ ਵਿੱਚ 60% ਤੋਂ ਉਪਰ ਲੋਕਾਂ ਨੂੰ ਵੈਕਸਿਨ ਲੱਗ ਚੁੱਕੀ ਹੈ। ਇਸ ਦੀ ਥਾਂ ਵਾਰੇ ਫਿਲਹਾਲ ਐਲਾਨ ਨਹੀਂ ਕੀਤਾ ਗਿਆ ਹੈ ਤੇ ਇਸ ਸੰਬੰਧੀ ਕਮਿਊਨਿਟੀਆਂ ਨਾਲ ਗੱਲਬਾਤ ਚੱਲ ਰਹੀ ਦੱਸੀ ਜਾਂਦੀ ਹੈ। ਜੈਨੇਸਿਸ ਸੈਂਟਰ ਵਾਲੀ ਲੋਕੇਸ਼ਨ 'ਤੇ ਅਗਲੇ ਕਈ ਦਿਨਾਂ ਵਸਤੇ ਬੁਕਿੰਗਜ਼ ਹੋ ਚੁੱਕੀਆਂ ਦੱਸੀਆਂ ਜਾਂਦੀਆਂ ਹਨ।

## ਸਰਕਾਰ ਜੀ ਐਲਾਨ ਤਾਂ ਕਰ ਦਿੱਤਾ ਐ ਕਿਸੇ ਦੇ ਕੁੱਝ ਪੱਲੇ ਵੀ ਪਾ ਦਿਓ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਕਈ ਬਿਜ਼ਨਿਸਿਜ਼ ਨੇ ਸ਼ਿਕਾਇਤ ਕੀਤੀ ਹੈ ਕਿ ਸੂਬਾ ਸਰਕਾਰ ਵੱਲੋਂ ਐਲਾਨੇ ਗਏ ਸੱਪੋਰਟ ਪ੍ਰੋਗਰੈਮਜ਼ ਦੇ ਰੋਲ-ਆਊਟ ਪਲੈਨ ਵਿੱਚ ਭਾਰੀ ਕਮੀਆਂ ਹਨ ਜਿਸ ਕਰਕੇ ਇਸ ਵਿੱਚ ਲਗਾਤਾਰ ਦੇਰੀ ਹੁੰਦੀ ਜਾ ਰਹੀ ਹੈ। ਸੂਬਾ ਸਰਕਾਰ ਨੇ ਸਮੌਲ ਐਂਡ ਮੀਡੀਅਮ ਐਂਟਰਪ੍ਰਾਇਜ਼ ਰੀਲੌਂਚ ਗ੍ਰਾਂਟ ਤਹਿਤ 350 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ ਸੀ ਤੇ ਇਸ ਸੰਬੰਧੀ ਰੈਵੇਨਿਊ ਵਿੱਚ 30% ਜਾਂ ਇਸ ਤੋਂ ਵੱਧ ਨੁਕਸਾਨ ਚੁੱਕਣ ਵਾਲੇ ਵਪਾਰਕ ਅਦਾਰਿਆਂ ਨੂੰ 10 ਹਜ਼ਾਰ ਡਾਲਰਾਂ ਦੀ ਵਾਧੂ ਰਕਮ ਦਿੱਤੀ ਜਾਣੀ ਸੀ। 14 ਅਪ੍ਰੈਲ ਤੋ ਇਸ ਸੰਬੰਧੀ ਦਰਖਾਸਤਾਂ ਲੈਣ ਦਾ ਕੰਮ ਸ਼ੁਰੂ ਹੋਣਾ ਸੀ ਪਰ ਅਜੇ ਤੱਕ ਵੀ ਉਹਨਾਂ ਦੀਆਂ ਦਰਖਾਸਤਾਂ ਸਵੀਕਾਰ ਹੋਣ ਸੰਬੰਧੀ ਸੂਚਨਾ ਨਹੀਂ ਹੈ। ਦਰਖਾਸਤ ਦੇਣ ਦੇ 14 ਦਿਨਾਂ ਮਗਰੋਂ ਰਕਮ ਜਾਰੀ ਹੋਣੀ ਸੀ ਪਰ ਮਹੀਨਾ ਗ਼ੁਜ਼ਰ ਗਿਆ ਹੈ, ਉਹਨਾਂ ਦੀਆਂ ਦਰਖਾਸਤਾਂ ਹੀ ਸਵੀਕਾਰ ਨਹੀਂ ਹੋਈਆਂ ਹਨ। ਜੌਬਜ਼, ਇਕੌਨੋਮੀ ਐਂਡ ਇਨੋਵੇਸ਼ਨ ਮਨਿਸਟਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਟੈਕਨਿਕਲ ਗੜਬੜੀ ਦੇ ਚੱਲਦਿਆਂ ਸਿਰਫ਼ 5% ਦਰਖਾਸਤਾਂ ਹੀ ਸਵੀਕਾਰ ਹੋ ਸਕੀਆਂ ਹਨ ਤੇ ਬਾਕੀ 'ਤੇ ਕੰਮ ਕੀਤਾ ਜਾ ਰਿਹਾ ਹੈ। 20% ਦਰਖਾਸਤਾਂ ਵਿੱਚ ਵੀ ਗੜਬੜੀਆਂ ਪਾਈਆਂ ਗਈਆਂ ਹਨ ਤੇ ਹੁਣ ਤੱਕ 32 ਮਿਲੀਅਨ ਡਾਲਰ ਦੀ ਰਕਮ ਜਾਰੀ ਵੀ ਕੀਤੀ ਜਾ ਚੁੱਕੀ ਹੈ।




## ਘਾਹ ਕੱਟਣ ਆਲੇ ਇਕਰਾਰਨਾਮੇ ਖੁਦ ਸੋਚ ਸਮਝਕੇ ਕਰੋ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੈਟਰ ਬਿਜ਼ਨਸ ਬਿਊਰੋ ਨੇ ਕੈਲਗਰੀ ਵਾਸੀਆਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਹੈ ਕਿ ਸ਼ਹਿਰ ਵਿੱਚ ਲਾਅਨ ਕੇਅਰ ਕੌਂਟ੍ਰੈਕਟਰਾਂ ਵੱਲੋਂ ਲੋਕਾਂ ਨਾਲ ਠੱਗੀ ਮਾਰੀ ਜਾ ਰਹੀ ਹੈ ਤੇ ਉਹਨਾਂ ਨੂੰ ਸਸਤੀਆਂ ਦਰਾਂ 'ਤੇ ਸੇਵਾਵਾਂ ਦੇਣ ਦੀ ਗੱਲ ਆਖ ਕੇ ਲੋਕਾਂ ਨੂੰ ਚੂਨਾ ਲਗਾਇਆ ਜਾ ਰਿਹਾ ਹੈ। ਬੈਟਰ ਬਿਜ਼ਨਿਸ ਬਿਊਰੋ - ਬੀ.ਬੀ.ਬੀ. ਨੂੰ ਹੁਣ ਤੱਕ ਸ਼ਹਿਰ ਵਿੱਚੋਂ 11 ਸ਼ਿਕਾਇਤਾਂ ਆ ਚੁੱਕੀਆਂ ਦੱਸੀਆਂ ਗਈਆਂ ਹਨ। ਬੀ.ਬੀ.ਬੀ. ਨੇ ਇੱਕ ਸ਼ਿਕਾਇਤ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਇੱਕ ਕੰਪਨੀ ਨੇ 99 ਡੌਲਰਾਂ ਦੀ ਡੀਲ ਦਿੱਤੀ ਤੇ ਉਸ ਦੇ ਕਰਿੰਦੇ ਉਸ ਵੇਲੇ ਘਰ ਆਏ ਜਦੋਂ ਘਰ ਮਾਲਕ ਖੁਦ ਘਰ ਨਹੀਂ ਸੀ। ਉਹਨਾਂ ਨੇ ਲਾਅਨ ਵਿੱਚ ਪੂਰਾ ਗੰਦ ਪਾ ਦਿੱਤਾ ਤੇ ਕੰਮ ਵੀ ਠੀਕ ਢੰਗ ਨਾਲ ਨਹੀਂ ਕੀਤਾ। ਫਿਰ ਉਹ ਉਸ ਦਾ ਫੋਨ ਬਲੌਕ ਕਰ ਗਏ। ਕੰਪਨੀ ਦਾ ਕਹਿਣਾ ਹੈ ਕਿ 7 ਤੋਂ 10 ਹਜ਼ਾਰ ਘਰਾਂ ਵਿੱਚੋਂ 10-15 ਸ਼ਿਕਾਇਤਾਂ ਆਉਣਾ ਮਾਮੂਲੀ ਗੱਲ ਹੈ। ਬੀ.ਬੀ.ਬੀ. ਦਾ ਕਹਿਣਾ ਹੈ ਕਿ ਗ੍ਰਾਹਕ ਨੂੰ ਸਸਤੀਆਂ ਦਰਾਂ ਵੇਖ ਕੇ ਹੀ ਲਾਲਚ ਨਹੀਂ ਕਰ ਲੈਣਾ ਚਾਹੀਦਾ ਸਗੋਂ ਖੁਦ ਘੋਖ ਪੜਤਾਲ ਕਰਕੇ ਹੀ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ।

## ਉਹ ਮੇਅਰ ਬਣਕੇ ਕੀ ਰੰਗ ਲਾਊ ਜਿਹਨੂੰ ਪੁਲਿਸ ਇਉਂ ਲੱਭਦੀ ਫਿਰਦੀ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਮੇਅਰ ਵਾਸਤੇ ਚੋਣ ਲੜਣ ਲਈ ਲੰਗੋਟ ਬੰਨ੍ਹੀ ਫਿਰਦੇ ਕੈਵਿਨ ਜੇ ਜੌਨਸਟਨ ਨੂੰ ਹੁਣ ਐਡਮੰਟਨ ਵਿੱਚ ਗ਼ਿਰਫ਼ਤਾਰ ਕਰ ਲਿਆ ਗਿਆ ਹੈ। ਉਸ ਨੂੰ ਬੀਤੀ 27 ਮਈ ਨੂੰ ਸਵੇਰੇ ਫੜਿਆ ਗਿਆ ਦੱਸਿਆ ਜਾਂਦਾ ਹੈ। ਕੈਲਗਰੀ ਪੁਲਿਸ ਉਸ ਨੂੰ ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਇਕ ਹੁਕਮ ਦੀ ਅਦੂਲੀ ਲਈ ਲੱਭ ਰਹੀ ਸੀ। ਇਹ ਮਾਮਲਾ, ਸਿਹਤ ਸੰਬੰਧੀ ਨਿਯਮਾਂ ਦਾ ਉਲੰਘਣ ਕਰਕੇ ਰੱਖੇ ਗਏ ਗ਼ੈਰਕਾਨੂੰਨੀ ਇਕੱਠ ਵਿੱਚ ਸ਼ਾਮਲ ਹੋਣ ਸੰਬੰਧੀ ਸੀ। ਕਈ ਸਟੋਰ ਮਾਲਕਾਂ ਨੇ ਉਸ ਖਿਲਾਫ਼ ਸ਼ਿਕਾਇਤਾਂ ਕੀਤੀਆਂ ਸਨ। ਇਸ ਤੋਂ ਪਹਿਲਾਂ ਉਹ ਕੈਲਗਰੀ ਵਿੱਚ ਵੀ ਗ਼ਿਰਫ਼ਤਾਰ ਹੋ ਚੁੱਕਿਐ ਤੇ ਦੋ ਹੋਰ ਸੂਬਿਆਂ ਵਿੱਚ ਵੀ ਉਸ ਦੇ ਖਿਲਾਫ਼ ਮਾਮਲੇ ਦਰਜ ਹਨ।




Halyna Miller, LL.B.
Ten Years of Experience as a
Canadian Immigration Lawyer

MILLER IMMIGRATION LAW FIRM
We Speak Your Language: English and Punjabi

MILLER IMMIGRATION LAW FIRM
CANADIAN IMMIGRATION LAW

Assisting You With All Types of Applications for Temporary and Permanent Residence in Canada, and Canadian Citizenship

TEMPORARY RESIDENCE:
- Visitor Visas, including Super Visas and Business Visitor Visas
- Study Permits
- Work Permits, including:
  - Work permits based on Labour Market Impact Assessments (LMIAs)
  - Work permits under the Global Talent Stream
  - NAFTA and GATS work permits
  - Open work permits

PERMANENT RESIDENCE:
- Express Entry streams
- Provincial Nominee Programs
- Childcare Provider and Home Support Worker Pilot Programs
- Applications made under Humanitarian and Compassionate Considerations
- Family Class Applications to sponsor parents, grandparents, spouses and children
- Entrepreneurial and Investor Applications:
  - Self-Employed Persons program
  - Start-Up Visa Program
  - Provincial Nominee Programs

Offices in Calgary and Edmonton:

Calgary Office:
First Alberta Place
730-777 8 Avenue SW
Calgary, Alberta T2P 3R5

Edmonton Office:
First Edmonton Place
1400 - 10665 Jasper Avenue
Edmonton, Alberta
T5J 3S9

Contact us:

General Email: info@millerlawfirm.ca
Direct Email: hmiller@millerlawfirm.ca
General Phone Line: 587 - 392 - 5199
Direct Phone Line: 587 - 392 - 5200

APNA BAZAAR
APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40,
Saskatoon, SK S7R 0B7
PH: 306 491 4742

Universal Immigration Consultancy
UIC
Immigration Consultant
rcic · cric
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਹਿਾਸਕ ਫੈਸਲਾ ਲਿਆ ਹੈ। ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St
Regina SK S4R 2K4
Regulated Canadian Immigration Consultant, CEO
Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
fix AUTO COLLISION
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ'ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work
Guaranteed
720 Moraine Road NE, Calgary, AB, T2A 2P3
Email: aclass@aclassautobady.ca

## ਕਾਮਾਗਾਟਾਮਾਰੂ ਦੀ 107ਵੀਂ ਵਰ੍ਹੇਗੰਢ

# ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਮਹਾਨ ਯੋਧਿਆਂ ਨੂੰ ਮੋਮਬੱਤੀਆਂ ਜਗਾ ਕੇ ਯਾਦ ਕੀਤਾ ਗਿਆ









ਸਰੀ (ਹਰਦਮ ਮਾਨ) ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਕਾਮਾਗਾਟਾਮਾਰੂ ਦੀ 107ਵੀਂ ਵਰ੍ਹੇਗੰਢ ਮੌਕੇ ਵੈਨਕੂਵਰ ਵਿਖੇ ਸਮੁੰਦਰੀ ਕੰਢੇ ਤੇ ਮੋਮਬੱਤੀਆਂ ਜਗਾ ਕੇ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਸਿਜਦਾ ਕੀਤਾ ਗਿਆ।ਇਸ ਮੌਕੇ ਕਾਮਾਗਾਟਾਮਾਰੂ ਦੁਖਾਂਤ ਤੇ ਦੁੱਖ ਜ਼ਾਹਰ ਕਰਦਿਆਂ ਫਾਊਂਡੇਸ਼ਨ ਦੇ ਬਾਨੀ ਸਾਹਿਬ ਥਿੰਦ ਨੇ ਕਿਹਾ ਕਿ 23 ਮਈ, 1914 ਨੂੰ 370 ਭਾਰਤੀ (ਜਿਨ੍ਹਾਂ ਵਿਚ ਸਿੱਖ, ਮੁਸਲਿਮ ਅਤੇ ਹਿੰਦੂ ਸ਼ਾਮਲ ਸਨ) ਭਾਰਤ ਤੋਂ ਕਾਮਾਗਾਟਾਮਾਰੂ ਜਹਾਜ਼ ਰਾਹੀਂ ਕੈਨੇਡਾ ਵਿਚ ਦਾਖਲ ਹੋਣ ਲਈ ਵੈਨਕੂਵਰ ਹਾਰਬਰ ਦੇ ਕੰਢੇ ਤੇ ਪਹੁੰਚੇ ਸਨ ਪਰ ਬਰਤਾਨੀਆ ਹਕੂਮਤ ਦੀ ਨਸਲਵਾਦੀ ਪੁਲਿਸ ਨੇ ਇਨ੍ਹਾਂ ਭਾਰਤੀਆਂ ਨੂੰ ਇੱਥੇ ਉਤਰਨ ਦੀ ਆਗਿਆ ਨਹੀਂ ਸੀ ਦਿੱਤੀ ਅਤੇ 23 ਜੁਲਾਈ, 1914 ਨੂੰ ਕਾਮਾਗਾਟਾਮਾਰੂ ਯਾਤਰੀਆਂ ਨੂੰ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਗਿਆ ਸੀ।ਉਨ੍ਹਾਂ ਕਿਹਾ ਕਿ ਭਾਵੇਂ ਫੈਡਰਲ ਗੌਰਮਿੰਟ, ਬੀਸੀ ਸਰਕਾਰ ਅਤੇ ਸਿਟੀ ਆਫ ਵੈਨਕੂਵਰ ਵੱਲੋਂ ਇਸ ਘਟਨਾ ਸਬੰਧੀ ਮੁਆਫੀ ਮੰਗ ਲਈ ਹੈ ਪਰ ਅਸੀਂ ਮੰਗ ਕਰਦੇ ਹਾਂ ਕਿ ਇਹਨ੍ਹਾਂ ਯੋਧਿਆਂ, ਗਦਰੀ ਬਾਬਿਆਂ ਅਤੇ ਸਾਡੇ ਮਹਾਨ ਵਿਰਸੇ ਸਬੰਧੀ ਇਤਿਹਾਸ ਨੂੰ ਬੀਸੀ ਦੇ ਸਕੂਲਾਂ ਅਤੇ ਕਾਲਜਾਂ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇ।ਉਨ੍ਹਾਂ ਫੈਡਰਲ ਸਰਕਾਰ ਅਤੇ ਵੈਨਕੂਵਰ ਕੌਂਸਲ ਕੋਲੋਂ ਵੀ ਮੰਗ ਕੀਤੀ ਕਿ ਵਾਟਰ ਫਰੰਟ ਰੋਡ ਦਾ ਨਾਮ ਬਦਲ ਕੇ ਕਾਮਾਗਾਟਾਮਾਰੂ ਰੋਡ ਕੀਤਾ ਜਾਵੇ ਅਤੇ ਪੋਰਟ ਆਫ ਵੈਨਕੂਵਰ ਦਾ ਨਾਂ ਵੀ ਕਾਮਾਗਾਟਾਮਾਰੂ ਪੋਰਟ ਰੱਖਿਆ ਜਾਵੇ।

ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਨੇ ਕਾਮਾਗਾਟਾਮਾਰੂ ਦੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਕਿਹਾ ਕਿ ਟਰੂਡੋ ਸਰਕਾਰ ਨੇ ਆਪਣੇ ਕੀਤੇ ਵਾਅਦੇ ਅਨੁਸਾਰ ਇਸ ਮੰਦਭਾਗੀ ਘਟਨਾ ਲਈ ਮੁਆਫੀ ਮੰਗ ਕੇ ਭਾਰਤੀ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਹੈ।ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਨਸਲਵਾਦ ਲਈ ਕੋਈ ਥਾਂ ਨਹੀਂ ਅਤੇ ਰਾਈਟ ਆਫ ਚਾਰਟਰ ਰਾਹੀਂ ਸਭ ਦੇ ਅਧਿਕਾਰ ਬਰਾਬਰ ਹਨ।

ਬੀਸੀ ਦੀ ਪਾਰਲੀਮਾਨੀ ਸੈਕਟਰੀ ਰਚਨਾ ਸਿੰਘ ਨੇ ਬੀਸੀ ਵਿਚ ਮੌਜੂਦਾ ਨਸਲਵਾਦ ਦੀ ਸਖਤ ਨਿੰਦਿਆ ਕਰਦਿਆਂ ਬੀਸੀ ਸਰਕਾਰ ਵੱਲੋਂ ਨਸਲਵਾਦ ਵਿਰੋਧੀ ਐਕਟ ਬਣਾਉਣ ਦੀ ਗੱਲ ਕਹੀ। ਐਮ. ਐਲ. ਏ. ਜਗਰੂਪ ਬਰਾੜ ਨੇ ਕਿਹਾ ਕਿ ਬੀ.ਸੀ. ਸਰਕਾਰ ਵੱਲੋਂ ਸਾਊਥ ਏਸ਼ੀਅਨ ਸਟੱਡੀਜ ਇੰਸਟੀਚਿਊਟ ਵਿਚ ਪੰਜਾਬੀ ਕੈਨੇਡੀਅਨ ਇਤਿਹਾਸ ਅਤੇ ਵਿਰਸੇ ਬਾਰੇ ਇਕ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ।

ਐਮ.ਐਲ.ਏ. ਅਮਨ ਸਿੰਘ, ਐਮ.ਐਲ.ਏ. ਮੇਬਲ ਇਲਮੋਰ, ਵੈਨਕੂਵਰ ਸਿਟੀ ਕੌਂਸਲਰ ਜੀਨ ਸਵੈਨਸਨ ਤੇ ਪੀਟ ਫਰਾਈ, ਨਵੀਤ ਵੜੈਚ, ਪੱਤਰਕਾਰ ਗੁਰਪ੍ਰੀਤ ਸਿੰਘ, ਨਿਊ ਵੈਸਟਮਿਨਸਟਰ ਦੇ ਕੌਂਸਲਰ ਚਕ ਪੁਚਮਯਾਰ ਨੇ ਵੀ ਕਾਮਾਗਾਟਾਮਾਰੂ ਯੋਧਿਆਂ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮਹਾਨ ਯੋਧਿਆਂ ਨੂੰ ਯਾਦ ਕਰਨ ਲਈ ਰਣਧੀਰ ਢਿੱਲੋਂ, ਅਮਰਪ੍ਰੀਤ ਗਿੱਲ, ਅਮਰ ਸੰਧੂ, ਰਾਜ ਪੱਡਾ, ਜਗਰੂਪ ਸਿੰਘ ਖੇੜਾ ਵੀ ਪੁੱਜੇ।

# ਵੱਖੋ ਵੱਖ ਕੰਪਨੀਆਂ ਦੀ ਵੈਕਸੀਨ ਦੇ ਤਜ਼ਰਬਿਆਂ ਲਈ 200 ਵਿਅਕਤੀਆਂ ਦੀ ਲੋੜ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਵੈਕਸਿਨ ਦੀਆਂ ਵੱਖੋ ਵੱਖ ਕੰਪਨੀ ਦੀਆਂ ਦੋਵੇਂ ਡੋਜ਼ਿਜ਼ ਲਗਵਾਉਣ ਬਾਰੇ ਚੱਲ ਰਹੇ ਅਧਿਐਨ ਵਾਸਤੇ ਐਲਬਰਟਾ ਤੋਂ 200 ਵਿਅਕਤੀਆਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਇਸ ਨੂੰ 'ਨੈਸ਼ਨਲ ਸਟੱਡੀ ਔਨ ਮਿਕਸਿੰਗ ਐਂਡ ਮੈਚਿੰਗ ਕੋਵਿਡ-19 ਵੈਕਸਿਨਜ਼' ਦਾ ਨਾਮ ਦਿੱਤਾ ਗਿਆ ਹੈ। ਪਹਿਲੀ ਡੋਜ਼ ਲੈ ਚੁੱਕੇ ਸੂਬਾ ਵਾਸੀਆਂ ਨੂੰ ਐਡਮੰਟਨ ਜਾਣਾ ਪਵੇਗਾ ਤੇ ਸਾਲ ਵਿੱਚ 5 ਵਾਰੀ ਜਾਣਾ ਪੈ ਸਕਦਾ ਹੈ। ਜਿਹਨਾਂ ਵਿਅਕਤੀਆਂ ਨੂੰ ਪਹਿਲੀ ਡੋਜ਼ ਹਾਸਲ ਕੀਤਿਆਂ ਘੱਟੋ ਘੱਟ 28 ਦਿਨ ਹੋ ਗਏ ਹਨ ਉਹ ਇਸ ਸਟੱਡੀ ਵਿੱਚ ਹਿੱਸਾ ਲੈ ਸਕਦੇ ਹਨ। 4 ਹਫ਼ਤਿਆਂ ਤੋਂ 4 ਮਹੀਨਿਆਂ ਦੇ ਅੰਤਰਾਲ 'ਤੇ ਇਸ ਦਵਾਈ ਦੀਆਂ ਦੋ ਵੱਖ ਵੱਖ ਡੋਜ਼ਿਜ਼ ਲੈਣ ਦਾ ਸਰੀਰ ਉੱਪਰ ਅਸਰ ਵੇਖਿਆ ਜਾਣਾ ਹੈ। ਸਪੇਨ ਅਤੇ ਇੰਗਲੈਂਡ ਵਿਚ ਇਹ ਸਟੱਡੀ ਮੁਕੰਮਲ ਕਰ ਲਈ ਗਈ ਹੈ ਤੇ ਕੈਨੇਡਾ ਵਿੱਚ ਜੂਨ ਦੇ ਮੱਧ ਤੱਕ ਸ਼ੁਰੂ ਹੋ ਜਾਵੇਗੀ। ਜਿਹੜੇ ਵਲੰਟੀਅਰ ਇਸ ਸਟੱਡੀ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ ਉਹਨਾਂ ਦੀ ਉਮਰ 18 ਸਾਲ ਤੋਂ ਉੱਪਰ ਹੋਣੀ ਚਾਹੀਦੀ ਹੈ ਅਤੇ ਉਹਨਾਂ ਵਿਚ ਪ੍ਰੈਗਨੈਂਸੀ ਨਹੀਂ ਹੋਣੀ ਚਾਹੀਦੀ। ਚਾਹਵਾਨ ਵਲੰਟੀਅਰਾਂ ਨੂੰ ਕਿਹਾ ਗਿਆ ਹੈ ਕਿ ਉਹ "ਬੀ ਦ ਕਿਊਰ ਡੌਟ ਸੀ ਏ" 'ਤੇ ਜਾ ਕੇ ਨਜ਼ਰ ਰੱਖਣ। ਅਜਿਹੇ ਵਲੰਟੀਅਰ ਐਲਬਰਟਾ, ਨੋਵਾ ਸਕੋਸ਼ੀਆ, ਕਿਊਬੈਕ, ?ਟੈਰੀ?, ਮੈਨਿਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਲਏ ਜਾਣੇ ਹਨ।

# ਘੁੰਮਣ ਫਿਰਨ ਗਈ ਔਰਤ ਰਿੱਛ ਨੇ ਮਾਰ ਸੁੱਟੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਤੋਂ ਨੌਰਥ ਵੈਸਟ ਵਾਲੇ ਪਾਸੇ ਹਾਇਵੇਅ 22 ਦੇ ਨੇੜੇ ਵੌਟਰ ਵੈਲੀ ਵਿੱਚ ਪੈਂਦੀ ਇੱਕ ਪ੍ਰਾਇਵੇਟ ਪ੍ਰੌਪਰਟੀ ਦੀ ਟ੍ਰੇਲ 'ਤੇ ਘੁੰਮਣ ਲਈ ਗਈ ਇੱਕ ਔਰਤ ਰਿੱਛ ਦੇ ਹਮਲੇ ਵਿੱਚ ਮਾਰੀ ਗਈ ਹੈ। ਮਰਨ ਵਾਲੀ ਔਰਤ ਵਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 4 ਮਈ ਨੂੰ ਯੁਨਿਵਰਸਿਟੀ ਔਫ਼ ਕੈਲਗਰੀ ਦੇ ਇੱਕ ਪ੍ਰੋਫੈਸਰ ਦੀ ਇਸੇ ਤਰ੍ਹਾਂ ਰਿੱਛ ਦੇ ਹਮਲੇ ਵਿੱਚ ਮੌਤ ਹੋ ਗਈ ਸੀ। ਹਮਲਾਵਰ ਰਿੱਛ ਦੀ ਭਾਲ ਕੀਤੀ ਜਾ ਰਹੀ ਹੈ, ਕਿਉਂਕਿ ਅਜਿਹੇ ਹਮਲਾਵਰ ਰਿੱਛ ਭਵਿੱਖ ਵਿੱਚ ਹੋਰ ਲੋਕਾਂ ਲਈ ਜਾਨ ਲੇਵਾ ਹੋ ਸਕਦੇ ਹਨ।

# ਬਾਰਡਰ ਟੱਪਣ ਵਾਲਿਆਂ ਦੇ ਲੱਗਣ ਵਾਲੇ ਟੀਕੇ ਲੱਗਣੇ ਬੰਦ ਹੋਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ-ਅਮੈਰਿਕਾ ਬਾਰਡਰ ਦੇ ਉਸ ਪਾਰ ਅਮੈਰਿਕਾ ਵਾਲੇ ਪਾਸੇ ਚਾਲੂ ਕੀਤਾ ਗਿਆ ਵੈਕਸਿਨੇਸ਼ਨ ਕਲਿਨਿਕ ਬੰਦ ਕੀਤਾ ਜਾ ਰਿਹਾ ਹੈ। ਲੈਥਬਰਿਜ ਤੋਂ 150 ਕਿਲੋਮੀਟਰ ਦੂਰ ਦੱਖਣ ਵੱਲ ਬਾਰਡਰ ਪਾਰ ਕਰਕੇ ਮੌਂਟੈਨਾ ਦੇ ਕਾਰਵੇਅ ਨਾਮ ਦੇ ਸਥਾਨ 'ਤੇ ਇਹ ਕਲਿਨਿਕ ਸਥਾਪਿਤ ਕੀਤਾ ਗਿਆ ਸੀ। ਦੋਵਾਂ ਦੇਸ਼ਾਂ ਵੱਲੋਂ ਇਸ ਦੀ ਪ੍ਰਵਾਨਗੀ ਸੀ ਤੇ ਟਰੱਕ ਚਾਲਕਾਂ ਦੇ ਨਾਲ ਨਾਲ ਐਲਬਰਟਾ ਦੀ ਬਲੈਕ-ਫਿਟ ਟ੍ਰਾਇਬ ਲਈ ਇਹ ਕਲਿਨਿਕ ਵੱਡੀ ਸਹੂਲਤ ਬਣਿਆ ਸੀ। ਅਚਾਨਕ ਫੈਡਰਲ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਬਾਰਡਰ ਪਾਰ ਤੋਂ ਆਉਣ ਵਾਲੇ ਲੋਕਾਂ ਲਈ 14-14 ਦਿਨਾਂ ਵਸਤੇ ਆਇਸੋਲੇਸ਼ਨ ਵਿੱਚ ਜਾਣਾ ਜ਼ਰੂਰੀ ਹੈ ਤੇ ਟੀਕਾ ਲਗਵਾਉਣ ਜਾਣ ਵਾਲਿਆਂ ਨੂੰ ਕੋਈ ਛੋਟ ਨਹੀਂ ਦਿੱਤੀ ਜਾਵੇਗੀ। ਡਾਕਟਰ ਦਾ ਰੈਫੈਰੱਲ ਹੋਣ ਦੇ ਬਾਵਜੂਦ ਵਿਅਕਤੀਆਂ ਨੂੰ ਉਸ ਪਾਸੇ ਟੀਕਾ ਲਗਵਾਉਣ ਦੀ ਆਗਿਆ ਨਹੀਂ ਹੋਵੇਗੀ। ਜਿਹਨਾਂ ਵੀਅਕਤੀਆਂ ਨੂੰ ਉਸ ਪਾਸਿ?ਂ ਇੱਕ ਇੱਕ ਟੀਕਾ ਲੱਗ ਚੱਕਿਆ ਹੈ, ਉਹਨਾਂ ਲਈ ਹੁਣ ਉਸੇ ਦਵਾਈ ਦਾ ਬੰਦੋਬਸਤ ਬਾਰਡਰ ਦੇ ਇਸ ਪਾਰ ਕਰਨਾ ਪਵੇਗਾ। ਇਹ ਡ੍ਰਾਇਵ-ਥਰੂ ਪ੍ਰਬੰਧ ਸੀ ਜਿਸ ਵਿੱਚ ਵਿਅਕਤੀ ਨੂੰ ਆਪਣੀ ਗੱਡੀ ਵਿਚੋਂ ਨਹੀਂ ਉਤਰਣਾ ਪੈਂਦਾ ਸੀ ਤੇ ਟੀਕਾ ਲੱਗਣ ਮਗਰੋਂ 15 ਮਿੰਟ ਦੀ ਉਡੀਕ ਪਿਛੋਂ ਵਾਪਸ ਆਉਣ ਦੀ ਇਜਾਜ਼ਤ ਸੀ। ਇਸ ਥਾਂ 2-2 ਕਿਲੋਮੀਟਰ ਦੀ ਲਾਇਨ ਅੱਪ ਲੱਗੀ ਰਹਿੰਦੀ ਸੀ ਪਰ ਅਚਾਨਕ ਇਹ ਕਲਿਨਿਕ ਹੁਣ ਬੰਦ ਕਰ ਦਿੱਤਾ ਗਿਆ ਹੈ।

# ਅਲਬਰਟਾ ਸਰਕਾਰ ਨੇ ਆਪਣੀਆਂ ਯੂਨੀਵਰਸਿਟੀਆਂ ਨੂੰ ਚੀਨ ਨਾਲੋਂ ਤੋੜ ਵਿਛੋੜਾ ਕਰਨ ਦੇ ਹੁਕਮ ਕੀਤੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨੇ ਇਕ ਵੱਡਾ ਫੈਸਲਾ ਲੈਂਦਿਆਂ ਸੂਬੇ ਦੀਆਂ ਚਾਰ ਵੱਡੀਆਂ ਯੁਨਿਵਰਸਿਟੀਆਂ ਨੂੰ ਕਿਹਾ ਹੈ ਕਿ ਚੀਨ ਸਰਕਾਰ ਨਾਲ ਜੁੜੇ ਕਿਸੇ ਵੀ ਅਦਾਰੇ ਜਾਂ ਸੰਸਥਾ ਨਾਲ ਕਿਸੇ ਵੀ ਤਰ੍ਹਾਂ ਦੀ ਪਾਰਟਨਰਸ਼ਿਪ ਨਾ ਕੀਤੀ ਜਾਵੇ ਤੇ ਸਾਰੀਆਂ ਪੁਰਾਣੀਆਂ ਪਾਰਟਨਰਸ਼ਿਪਾਂ ਨੂੰ ਮੁੜ ਪੜਤਾਲਿਆ ਜਾਵੇ। ਐਲਬਰਟਾ ਦੇ ਐਡਵਾਂਸਡ ਐਜੁਕੇਸ਼ਨ ਮਨਿਸਟਰ ਡਾ. ਡਿਮੈਟ੍ਰੀਅਸ ਨਿਕੋਲਾਇਡੀਜ਼ ਵੱਲੋਂ ਯੁਨਿਵਰਸਿਟੀ ਔਫ਼ ਕੈਲਗਰੀ, ਯੁਨਿਵਰਸਿਟੀ ਔਫ਼ ਐਲਬਰਟਾ, ਯੁਨਿਵਰਸਿਟੀ ਔਫ਼ ਲੈਥਬਰਿਜ ਅਤੇ ਐਥਾਬੈਸਕਾ ਯੁਨਿਵਰਸਿਟੀ ਨੂੰ ਚਿੱਠੀ ਭੇਜ ਕੇ ਇਹ ਕਦਮ ਚੁੱਕਣ ਕਿਹਾ ਗਿਆ ਹੈ। ਇਹਨਾਂ ਯੁਨਵਰਸਿਟੀਆਂ ਨੂੰ 3 ਮਹੀਨੇ ਦੇ ਅੰਦਰ-ਅੰਦਰ ਆਪਣੀ ਰਿਪੋਰਟ ਦੇਣ ਨੂੰ ਕਿਹਾ ਗਿਆ ਹੈ। ਕੈਨੇਡੀਅਨ ਇੰਟਿਲੈਕਚੁਅਲ ਪ੍ਰੌਪਰਟੀ ਅਤੇ ਰਿਸਰਚ ਪ੍ਰੋਜੈਕਟਸ ਦੀ ਚੋਰੀ ਹੋ ਜਾਣ ਅਤੇ ਇਸ ਡੇਟਾ ਨੂੰ ਕੈਨੇਡਾ ਦੇ ਰਾਸ਼ਟਰੀ ਅਤੇ ਸੁਰੱਖਿਆ ਹਿਤਾਂ ਦੇ ਖਿਲਾਫ਼ ਵਰਤੇ ਜਾਣ ਦੇ ਖ਼ਦਸ਼ੇ ਦਰਮਿਆਨ ਇਹ ਕਦਮ ਚੁੱਕਿਆ ਜਾ ਰਿਹਾ ਹੈ। ਆਸਟ੍ਰੇਲੀਆ ਅਤੇ ਅਮੈਰਿਕਾ ਵੱਲੋਂ ਪਹਿਲਾਂ ਹੀ ਇਸ ਗੱਲ ਨੂੰ ਲੈ ਕੇ ਗੰਭੀਰ ਚਰਚਾ ਚੱਲ ਰਹੀ ਹੈ ਤੇ ਕੈਨੇਡਾ ਸਰਕਾਰ ਵੱਲੋਂ ਵੀ ਵਿਚਾਰ ਕੀਤਾ ਜਾ ਰਿਹਾ ਹੈ ਪਰ ਐਲਬਰਟਾ ਸਰਕਾਰ ਨੇ ਇਸ ਸੰਬੰਧੀ ਫੈਸਲਾ ਲੈ ਕੇ ਕਾਰਵਾਈ ਕਰ ਵੀ ਦਿੱਤੀ ਹੈ।

# ਤਾਇਵਾਨ ਮੁਲਕ ਨੇ ਆਪਣੀ ਹੋਂਦ ਨੂੰ ਚੀਨ ਕੋਲੋਂ ਖਤਰੇ ਦੀ ਦੁਹਾਈ ਪਾਈ




ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਤਾਇਵਾਨ ਦੇ ਵਿਦੇਸ਼ ਮੰਤਰੀ ਜੌਜ਼ੈਫ਼ ਵੂ ਦਾ ਕਹਿਣਾ ਹੈ ਕਿ ਦੁਨੀਆ ਦੇ ਸਾਰੇ ਲੋਕਤੰਤਰੀ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਰਲ਼ ਕੇ ਉਹਨਾਂ ਦੇ ਦੇਸ਼ ਦੇ ਹੱਕਾਂ ਦੀ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਚੀਨ ਵੱਲੋਂ ਉਹਨਾਂ ਦੇ ਦੇਸ਼ ਨੂੰ ਆਪਣੇ ਨਾਲ ਰਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਚੀਨ ਵੱਲੋਂ ਉਹਨਾਂ ਦੀ ਅਜ਼ਾਦੀ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਸ ਦੀਆਂ ਵਿਸਥਾਰਵਾਦੀ ਨੀਤਿਆਂ ਨੂੰ ਠੱਲ੍ਹ ਪਾਉਣ ਦੀ ਲੋੜ ਹੈ। ਉਹਨਾਂ ਕਿਹਾ ਕਿ ਹੌਂਗਕੌਂਗ ਨੂੰ ਖ਼ਤਮ ਕਰਨ ਮਗਰੋਂ ਹੁਣ ਚੀਨ ਤਾਇਵਾਨ ਵੱਲ ਨਜ਼ਰਾਂ ਗੱਡੀ ਬੈਠਾ ਹੈ।












## ਸੰਪਾਦਕੀ



ਗਲਤੀ ਨਾ ਮੰਨਣ ਦਾ ਹਠ ਤੁਹਾਡੇ ਰਾਹ ਦਾ ਰੌੜਾ ਬਣ ਜਾਂਦਾ ਹੈ- ਓਰੀਸਨ ਸਵੈੱਟ ਮਾਰਡਨ

# ਮਹਾਂਮਾਰੀ: ਵਿਦੇਸ਼ ਵੱਸਣ ਦੀ ਦੌੜ

ਕੋਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਵਿੱਚ ਕਈ ਲੋਕਾਂ ਨੇ ਵੀ ਆਪਣੇ ਕਰੀਬੀਆਂ ਨੂੰ ਗਵਾਇਆ ਹੈ, ਜਿਨ੍ਹਾਂ ਦੇ ਕੋਲ ਇਲਾਜ ਦੇ ਲਈ ਪੈਸੇ ਦੀ ਕਮੀ ਨਹੀਂ ਸੀ। ਕਈਆਂ ਨੂੰ ਜਦੋਂ ਆਪਣੇ ਪਰਿਵਾਰ ਵਾਲਿਆਂ ਜਾਂ ਕਰੀਬੀਆਂ ਦੇ ਲਈ ਹਸਪਤਾਲ ਵਿੱਚ ਬੈੱਡ ਦੀ ਲੋੜ ਸੀ, ਉਦੋਂ ਉਨ੍ਹਾਂ ਨੂੰ ਬੈਡ ਨਹੀਂ ਮਿਲਿਆ। ਆਕਸੀਜਨ ਸਿਲੰਡਰ, ਰੇਮਡੇਸੇਵੀਅਰ ਜਾਂ ਹੋਰ ਦਵਾਈਆਂ ਨੂੰ ਲੈ ਕੇ ਵੀ ਉਨ੍ਹਾਂ ਨੂੰ ਓਨੀ ਪ੍ਰੇਸ਼ਾਨੀ ਸਹਿਣ ਕਰਨੀ ਪਈ। ਅਪ੍ਰੈਲ ਅਤੇ ਮਈ ਵਿੱਚ ਇਨ੍ਹਾਂ ਕਾਰਨਾਂ ਕਰਕੇ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੌਤ ਹੋਈ। ਇਸ ਤੋਂ ਲੋਕ ਦੁਖੀ ਹਨ ਅਤੇ ਉਨ੍ਹਾਂ ਵਿੱਚ ਕਈ ਹੁਣ ਦੇਸ਼ ਛੱਡ ਰਹੇ ਹਨ ਜਾਂ ਉਸ ਦੀ ਯੋਜਨਾ ਬਣਾ ਰਹੇ ਹਨ। ਵੀਜ਼ਾ ਅਤੇ ਇਮੀਗ੍ਰੇਸ਼ਨ ਸਰਵਿਸ ਦੇਣ ਵਾਲੀਆਂ ਕੰਪਨੀਆਂ ਦੇ ਕੋਲ ਪਿਛਲੇ ਦੋ ਮਹੀਨਿਆਂ ਵਿੱਚ ਵਿਦੇਸ਼ ਵੱਸਣ ਨੂੰ ਲੈ ਕੇ ਪੁੱਛਗਿੱਛ ਕਰਨ ਵਾਲਿਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਇੰਨਾ ਹੀ ਨਹੀਂ, ਕੰਪਨੀਆਂ ਨੂੰ ਲੱਗਦਾ ਹੈ ਕਿ ਦੂਜੀ ਲਹਿਰ ਵਿੱਚ ਬਿਮਾਰ ਹੋਏ ਅਤੇ ਲੋਕ ਠੀਕ ਹੋਣ ਤਾਂ ਵਿਦੇਸ਼ ਵਿੱਚ ਵਸਣ ਵਾਲਿਆਂ ਦੀ ਗਿਣਤੀ ਹੋਰ ਵਧ ਸਕਦੀ ਹੈ। ਅਜਿਹਾ ਨਹੀਂ ਹੈ ਕਿ ਆਮ ਸਮੇਂ ਵਿੱਚ ਭਾਰਤੀ ਵਿਦੇਸ਼ ਵਿੱਚ ਵਸਣਾ ਨਹੀਂ ਚਾਹੁੰਦੇ। ਕੋਰੋਨਾ ਮਹਾਂਮਾਰੀ ਦੇ ਦਸਤਕ ਦੇਣ ਤੋਂ ਪਹਿਲਾਂ ਵੀ ਕੁੱਝ ਹਜ਼ਾਰ ਲੋਕ ਹਰ ਸਾਲ ਦੇਸ਼ ਛੱਡ ਕੇ ਜਾ ਰਹੇ ਸਨ। ਉਸ ਸਮੇਂ ਵੀਜ਼ਾ ਅਤੇ ਇਮੀਗ੍ਰੇਸ਼ਨ ਸਰਵਿਸ ਕੰਪਨੀਆਂ ਦੇ ਕੋਲ 90 ਫੀਸਦੀ ਅਜਿਹੇ ਲੋਕ ਆਉਂਦੇ ਸਨ, ਜੋ ਬਿਜਨਸ ਵਧਾਉਣ, ਆਸਾਨ ਟੈਕਸ ਨੀਤੀਆਂ ਅਤੇ ਕਾਰੋਬਾਰ ਵਿੱਚ ਆਸਾਨੀ ਦੇ ਕਾਰਨ ਦੂਜੇ ਦੇਸ਼ਾਂ ਵਿੱਚ ਵਸਣਾ ਚਾਹੁੰਦੇ ਸਨ। ਇਹ ਸਭ ਅਮੀਰ ਤਬਕੇ ਦੇ ਲੋਕ ਸਨ। ਇਸ ਵਾਰ ਮਾਮਲਾ ਅਲੱਗ ਹੈ। ਹੁਣ ਮੱਧਵਰਗੀ ਲੋਕ ਵੀ ਵਿਦੇਸ਼ ਜਾ ਕੇ ਵੱਸਣਾ ਚਾਹੁੰਦੇ ਹਨ। ਉਨ੍ਹਾਂ ਦੀ ਤਰਜ਼ੀਹ ਤਹਿ ਹੈ। ਉਹ ਅਜਿਹੇ ਦੇਸ਼ਾਂ ਵਿੱਚ ਵੱਸਣਾ ਚਾਹੁੰਦੇ ਹਨ ਜਿੱਥੇ ਨਾਗਰਿਕਾਂ ਨੂੰ ਬਿਹਤਰ ਸਹੂਲਤਾਂ ਮਿਲਦੀਆਂ ਹਨ। ਖਾਸ ਤੌਰ 'ਤੇ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ। ਦੇਸ਼ ਵਿੱਚ ਅਜਿਹੇ ਮਾਤਾ-ਪਿਤਾ ਦੀ ਵੀ ਵੱਡੀ ਗਿਣਤੀ ਹੈ, ਜਿਨ੍ਹਾਂ ਦੇ ਬੱਚੇ ਵਿਦੇਸ਼ ਵਿੱਚ ਨੌਕਰੀ ਕਰ ਰਹੇ ਹਨ। ਮਹਾਂਮਾਰੀ ਦੀ ਦੂਜੀ ਲਹਿਰ ਵਿੱਚ ਇਨ੍ਹਾਂ ਵਿੱਚੋਂ ਕਈਆਂ ਦੇ ਮਾਪੇ ਇਨਫੈਕਟਿਡ ਹੋਏ। ਉਨ੍ਹਾਂ ਦੇ ਇਲਾਜ ਵਿੱਚ ਪ੍ਰੇਸ਼ਾਨੀ ਹੋਈ। ਇਸ ਲਈ ਹੁਣ ਇਹ ਬੱਚੇ ਮਾਪਿਆਂ ਨੂੰ ਆਪਣੇ ਕੋਲ ਬੁਲਾਉਣ ਨੂੰ ਬੇਚੈਨ ਹਨ। ਪਿਛਲੇ ਸਾਲ ਸਤੰਬਰ ਵਿੱਚ ਆਈ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਦੇਸ਼ ਵਿੱਚ ਜਿੰਨੇ ਅਮੀਰ ਹਨ, ਉਨ੍ਹਾਂ ਵਿਚੋਂ ਦੋ ਫੀਸਦੀ ਭਾਵ 7000 ਲੋਕ 2019 ਵਿੱਚ ਵਿਦੇਸ਼ ਜਾ ਵਸੇ। ਇਸ ਸਾਲ ਦੇ ਅੰਤ ਤੱਕ ਇਹ ਗਿਣਤੀ ਹੋਰ ਵਧੇਗੀ ਅਤੇ ਇਸ ਵਿੱਚ ਮੱਧਵਰਗੀ ਲੋਕਾਂ ਦਾ ਵੀ ਕਾਫੀ ਵੱਡਾ ਹਿੱਸਾ ਹੋਵੇਗਾ। ਭਾਰਤ ਸਰਕਾਰ ਨੂੰ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਣਾ ਹੋਵੇਗਾ। ਉਸ ਨੂੰ ਇਸ 'ਬ੍ਰੇਨ ਡਰੇਨ' ਨੂੰ ਰੋਕਣਾ ਚਾਹੀਦਾ ਹੈ। ਸਮਝਣਾ ਹੋਵੇਗਾ ਕਿ ਇਹ ਵਰਗ ਨਾ ਸਿਰਫ ਟੈਕਸ ਦੇ ਰੂਪ ਵਿੱਚ ਚੰਗਾ ਯੋਗਦਾਨ ਦਿੰਦਾ ਹੈ ਬਲਕਿ ਦੇਸ਼ ਦੀ ਆਰਥਿਕ ਤਰੱਕੀ ਵਿੱਚ ਵੀ ਇਨ੍ਹਾਂ ਕੁਸ਼ਲ ਪੇਸ਼ੇਵਰਾਂ ਦੀ ਵੱਡੀ ਭੂਮਿਕਾ ਹੈ। ਅੱਜ ਇਹ ਵਰਗ ਦੇਸ਼ ਵਿੱਚ ਮਾੜੇ ਸਿਹਤ ਤੰਤਰ ਤੋਂ ਨਾਰਾਜ਼ ਹਨ। ਸਰਕਾਰ ਨੂੰ ਇਸ ਵਿੱਚ ਨਿਵੇਸ਼ ਵਧਾਉਣਾ ਚਾਹੀਦਾ ਹੈ, ਜਿਸ ਦੀ ਸਲਾਹ ਉਂਝ ਵੀ ਪਬਲਿਕ ਹੈਲਥ ਮਾਹਿਰ ਲੰਬੇ ਸਮੇਂ ਤੋਂ ਦਿੰਦੇ ਆਏ ਹਨ। ਇਸ ਤੋਂ ਨਾ ਸਿਰਫ ਅਗਲੀ ਮੈਡੀਕਲ ਐਮਰਜੈਂਸੀ ਨਾਲ ਨਿਪਟਣ ਵਿੱਚ ਮਦਦ ਮਿਲੇਗੀ ਬਲਕਿ ਦੇਸ਼ ਤੋਂ ਬਰੇਨ ਡਰੇਨ ਵੀ ਰੁਕੇਗਾ।

**ਸੁਖਜਿੰਦਰ ਸਮਰਾ**
ਮੋ. 95835-92000

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। - ਸੰਪਾਦਕ

# ਇਜ਼ਰਾਈਲ : ਹੱਮਾਸ ਸੰਘਰਸ਼, ਨਵੀਆਂ ਸਿਖ਼ਰਾਂ ਵੱਲ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਕਰੀਬ ਪੰਦਰਾਂ ਦਿਨ ਪਹਿਲਾਂ ਇਜ਼ਰਾਈਲ ਦੀ ਰਾਜਧਾਨੀ ਜੇਰੂਸ਼ਲਮ ਵਿੱਚ ਸਥਿੱਤ ਇਸਲਾਮ ਦੇ ਪਵਿੱਤਰ ਸਥਾਨ ਹਰਮ ਅਲ ਸ਼ਰੀਫ ਨਜ਼ਦੀਕ ਮੁਸਲਮਾਨਾਂ ਅਤੇ ਇਜ਼ਰਾਈਲੀ ਪੁਲਿਸ ਵਿੱਚ ਹੋਏ ਸੰਘਰਸ਼ ਨੇ ਹੁਣ ਭਿਆਨਕ ਖ਼ੂਨੀ ਰੂਪ ਧਾਰਨ ਕਰ ਲਿਆ ਹੈ। ਜੇਰੂਸ਼ਲਮ ਵਿੱਚ ਰਹਿੰਦੇ ਅਰਬੀ ਮੁਸਲਮਾਨ ਖੁਦ ਨੂੰ ਜੱਦੀ ਪੁਸ਼ਤੀ ਘਰਾਂ ਤੋਂ ਉਜਾੜ ਕੇ ਉਥੇ ਯਹੂਦੀ ਬਸਤੀਆਂ ਵਸਾਉਣ ਦੀ ਸਰਕਾਰੀ ਨੀਤੀ ਦਾ ਵਿਰੋਧ ਕਰ ਰਹੇ ਸਨ, ਜਿਨ੍ਹਾਂ 'ਤੇ ਇਜ਼ਰਾਈਲੀ ਪੁਲਿਸ ਨੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਅਤੇ ਪਲਾਸਟਿਕ ਦੀਆਂ ਗੋਲੀਆਂ ਚਲਾਈਆਂ। ਇਸ ਕਾਰਨ ਦਰਜ਼ਨਾਂ ਵਿਖਾਵਾਕਾਰੀ ਗੰਭੀਰ ਜ਼ਖਮੀ ਹੋ ਗਏ ਸਨ। ਇਸ ਤੋਂ ਬਾਅਦ ਜਲਦੀ ਹੀ ਯਹੂਦੀਆਂ ਅਤੇ ਅਰਬੀਆਂ ਵਿੱਚ ਦੰਗੇ ਭੜਕ ਪਏ ਤੇ ਕੁਝ ਦਿਨਾਂ ਬਾਅਦ ਗਾਜ਼ਾ ਪੱਟੀ ਦੀ ਸ਼ਾਸ਼ਕ ਅੱਤਵਾਦੀ ਜਥੇਬੰਦੀ ਹੱਮਾਸ ਵੀ ਇਸ ਘਮਸਾਣ ਵਿੱਚ ਕੁੱਦ ਪਈ। ਉਸ ਨੇ 2014 ਦੀ ਜੰਗਬੰਦੀ ਭੰਗ ਕਰ ਦਿੱਤੀ ਅਤੇ ਇਜ਼ਰਾਈਲੀ ਸ਼ਹਿਰਾਂ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਰਾਕਟ ਦਾਗਣੇ ਸ਼ੁਰੂ ਕਰ ਦਿੱਤੇ। ਉਸ ਦੇ ਰਾਕਟ ਤੈਲਅਵੀਵ ਤੱਕ ਪਹੁੰਚ ਰਹੇ ਹਨ। ਇਜ਼ਰਾਈਲ ਨੇ ਇਸ ਦਾ ਜਵਾਬ ਬੇਕਿਰਕ ਹਵਾਈ ਹਮਲਿਆਂ ਨਾਲ ਦਿੱਤਾ ਹੈ ਜਿਸ ਨੇ ਪਰਿਵਾਰਾਂ ਦੇ ਪਰਿਵਾਰ ਖਤਮ ਕਰ ਦਿੱਤੇ ਹਨ। ਅਲ ਜਜ਼ੀਰਾ ਟੀ.ਵੀ. ਚੈਨਲ ਦੇ ਦਫਤਰ ਸਮੇਤ ਦਰਜ਼ਨਾਂ ਇਮਾਰਤਾਂ ਮਿੱਟੀ ਦਾ ਢੇਰ ਬਣਾ ਦਿੱਤੀਆਂ ਗਈਆਂ ਹਨ। ਹੁਣ ਤੱਕ 200 ਤੋਂ ਵੱਧ ਗਾਜ਼ਾ ਵਾਸੀ ਅਤੇ 10 ਤੋਂ ਵੱਧ ਇਜ਼ਰਾਈਲੀ ਇਸ ਜੰਗ ਦੀ ਭੇਂਟ ਚੜ੍ਹ ਚੁੱਕੇ ਹਨ।

ਇਜ਼ਰਾਈਲ ਹਮੇਸ਼ਾਂ ਆਪਣੇ ਗੁਆਂਢੀ ਦੇਸ਼ਾਂ ਨੂੰ ਡਰਾ ਧਮਕਾ ਤੇ ਦਬਾ ਕੇ ਰੱਖਦਾ ਹੈ। ਨਪੇ ਤੁਲੇ ਹਮਲੇ ਅਤੇ ਦੁਸ਼ਮਣ 'ਤੇ ਰਹਿਮ ਕਰਨਾ ਉਸ ਦੀ ਨੀਤੀ ਨਹੀਂ ਹੈ। ਉਹ ਦੁਸ਼ਮਣ ਦੇਸ਼ ਦੇ ਮਨ ਵਿੱਚ ਡਰ ਬਿਠਾਉਣ ਲਈ ਇੱਕ ਦੇ ਬਦਲੇ ਸੌ ਬੰਬ ਸੁੱਟਣ ਦੀ ਪਾਲਸੀ 'ਤੇ ਚੱਲਦਾ ਹੈ। ਦੁਨੀਆਂ ਦੇ ਤਕਰੀਬਨ ਸਾਰੇ ਦੇਸ਼ਾਂ ਵੱਲੋਂ ਉਸ ਦੀ ਬੇਤਹਾਸ਼ਾ ਬੰਬਾਰੀ ਦੁਆਰਾ ਹੋ ਰਹੇ ਜਾਨੀ ਤੇ ਮਾਲੀ ਨੁਕਸਾਨ ਦੀ ਕੀਤੀ ਜਾ ਰਹੀ ਸਖਤ



ਨਿੰਦਾ ਦੀ ਇਜ਼ਰਾਈਲ ਨੇ ਹੁਣ ਤੱਕ ਕੋਈ ਪ੍ਰਵਾਹ ਨਹੀਂ ਕੀਤੀ। ਉਹ ਹੱਮਾਸ ਵੱਲੋਂ ਕੀਤੇ ਜਾ ਰਹੇ ਰਾਕਟ ਹਮਲੇ ਪੂਰੀ ਤਰਾਂ ਬੰਦ ਕਰਾਉਣ ਜਾਂ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੋਵਾਂ ਧਿਰਾਂ ਵੱਲੋਂ ਸਿਰ ਧੜ ਦੀ ਬਾਜ਼ੀ ਲਗਾ ਕੇ ਕੀਤੀ ਜਾ ਰਹੀ ਗੋਲਾਬਾਰੀ ਤੋਂ ਇਹ ਪ੍ਰਭਾਵ ਮਿਲ ਰਿਹਾ ਹੈ ਕਿ ਇਸ ਵਾਰ ਸੰਘਰਸ਼ 2014 ਦੀ ਲੜਾਈ ਨਾਲੋਂ ਜਿਆਦਾ ਲੰਬਾ ਚੱਲੇਗਾ। 2014 ਵਿੱਚ ਹੱਮਾਸ ਅਤੇ ਇਜ਼ਰਾਈਲ ਦਰਮਿਆਨ ਜੰਗ 50 ਦਿਨ ਤੱਕ ਚੱਲੀ ਸੀ ਤੇ 2500 ਦੇ ਕਰੀਬ ਗਾਜ਼ਾ ਵਾਸੀ ਅਤੇ 22 ਦੇ ਕਰੀਬ ਇਜ਼ਰਾਈਲੀ ਮਾਰੇ ਗਏ ਸਨ। ਗਾਜ਼ਾ ਪੱਟੀ ਖੁਦਮੁਖਤਿਆਰ ਫਿਲਸਤੀਨ ਅਥਾਰਟੀ ਦਾ ਇੱਕ ਹਿੱਸਾ ਹੈ। ਫਿਲਸਤੀਨ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ, ਪੱਛਮੀ ਕਿਨਾਰਾ ਤੇ ਗਾਜ਼ਾ ਪੱਟੀ। ਪੱਛਮੀ ਕਿਨਾਰੇ 'ਤੇ ਫਤਿਹ ਰਾਜਨੀਤਕ ਪਾਰਟੀ ਅਤੇ ਗਾਜ਼ਾ ਪੱਟੀ 'ਤੇ ਹੱਮਾਸ ਦਾ ਕਬਜ਼ਾ ਹੈ। ਪੱਛਮੀ ਕਿਨਾਰੇ ਦਾ ਕੁਲ ਏਰੀਆ 360 ਸੁਕੇਅਰ ਕਿ.ਮੀ. ਤੇ ਅਬਾਦੀ ਤਕਰੀਬਨ 180000 ਹੈ। ਗਾਜ਼ਾ ਪੱਟੀ ਦਾ ਇਲਾਕਾ ਸਿਰਫ 41 ਕਿ.ਮੀ. ਲੰਬਾ ਤੇ 6 ਤੋਂ 12 ਕਿ.ਮੀ. ਚੌੜਾ ਹੈ ਤੇ ਇਹ ਸੰਸਾਰ ਦੇ ਸਭ ਤੋਂ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਸ਼ੁਮਾਰ ਹੁੰਦਾ ਹੈ। 2005 ਵਿੱਚ ਇਜ਼ਰਾਈਲ ਨੇ ਹੱਮਾਸ ਦੁਆਰਾ ਕੀਤੇ ਜਾ ਰਹੇ ਨਿੱਤ ਦੇ ਆਤਮਘਾਤੀ ਹਮਲਿਆਂ ਤੋਂ ਦੁਖੀ ਹੋ ਕੇ ਇੱਥੋਂ ਆਪਣੀਆਂ ਫੌਜਾਂ ਕੱਢ ਲਈਆਂ ਤਾਂ ਹੱਮਾਸ ਨੇ ਇਸ 'ਤੇ ਕਬਜ਼ਾਜਮਾ ਲਿਆ ਸੀ। ਫਤਿਹ ਅਤੇ ਹੱਮਾਸ ਦੀ ਆਪਸ ਵਿੱਚ ਬਿਲਕੁਲ ਵੀ ਨਹੀਂ ਬਣਦੀ।

ਹੱਮਾਸ ਅਤੇ ਇਜ਼ਰਾਈਲ ਵਿੱਚ 2005 ਤੋਂ ਲੈ ਕੇ ਹੁਣ ਤੱਕ ਚਾਰ ਵਾਰ ਜੰਗ ਹੋ ਚੁੱਕੀ ਹੈ। ਫਤਿਹ ਅਤੇ ਹੱਮਾਸ ਦੀ ਆਪਸੀ ਦੁਸ਼ਮਣੀ ਕਾਰਨ ਹੁਣ ਤੱਕ ਪੱਛਮੀ ਕਿਨਾਰਾ ਸ਼ਾਂਤ ਹੀ ਰਿਹਾ ਹੈ ਤੇ ਉਸ ਨੇ ਇਸ ਮਾਰ ਕਾਟ ਦਾ ਕਦੇ ਵਿਰੋਧ ਨਹੀਂ ਸੀ ਕੀਤਾ। ਇਜ਼ਰਾਈਲ ਦੇ ਅਰਬੀਆਂ ਨੇ, ਜੋ ਉਸ ਦੀ ਕੁੱਲ ਅਬਾਦੀ ਦਾ ਕਰੀਬ ਪੰਜਵਾਂ ਹਿੱਸਾ ਬਣਦੇ ਹਨ, ਨੇ ਵੀ ਕਦੇ ਜਿਆਦਾ ਹਿੰਸਾ ਨਹੀਂ ਸੀ ਕੀਤੀ। ਪਰ ਇਸ ਵਾਰ ਮਾਹੌਲ ਅਲੱਗ ਹੀ ਬਣ ਰਿਹਾ ਹੈ। ਪੱਛਮੀ ਕਿਨਾਰੇ ਅਤੇ ਇਜ਼ਰਾਈਲ ਦੇ ਵੱਧ ਅਰਬੀ ਅਬਾਦੀ ਵਾਲੇ ਸ਼ਹਿਰਾਂ, ਬੀਰਸ਼ਾਬਾ, ਰਾਮਲੇ, ਲੋਦ, ਹਾਈਫਾ, ਏਕਰੇ ਅਤੇ ਸਾਖਨੀਨ ਵਿੱਚ ਭਿਆਨਕ ਅਰਬ ਯਹੂਦੀ ਦੰਗੇ ਸ਼ੁਰੂ ਹੋ ਗਏ ਹਨ। ਇੱਕ ਦੂਸਰੇ ਦੇ ਘਰਾਂ, ਜਾਇਦਾਦਾਂ ਅਤੇ ਧਾਰਮਿਕ ਸਥਾਨਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦੋਵੇਂ ਧਿਰਾਂ ਆਪੋ ਆਪਣੀ ਬਹੁਗਿਣਤੀ ਵਾਲੇ ਇਲਾਕਿਆਂ ਵਿੱਚ ਇੱਕ ਦੂਸਰੇ ਦੀ ਮਾਰ ਕੁਟਾਈ ਕਰ ਰਹੇ ਹਨ। ਕੱਟੜ ਪੰਥੀ ਯਹੂਦੀ ਸੰਗਠਨਾਂ ਨੇ ਸਥਿੱਤੀ ਹੋਰ ਵੀ ਖਰਾਬ ਕਰ ਦਿੱਤੀ ਹੈ, ਜਿਸ ਕਾਰਨ 1966 ਤੋਂ ਬਾਅਦ ਪਹਿਲੀ ਵਾਰ ਇਜ਼ਰਾਈਲ ਨੂੰ ਅਨੇਕਾਂ ਸ਼ਹਿਰਾਂ ਵਿੱਚ ਮਾਰਸ਼ਲ ਲਾਅ ਲਗਾਉਣਾ ਪਿਆ ਹੈ।

ਪਹਿਲਾਂ ਤਾਂ ਇਜ਼ਰਾਈਲ 'ਤੇ ਰਾਕਟ ਹਮਲੇ ਸਿਰਫ ਗਾਜ਼ਾ ਪੱਟੀ ਤੋਂ ਹੀ ਹੁੰਦੇ ਸਨ, ਪਰ ਇਸ ਵਾਰੀ ਲੈਬਨਾਨ ਅਤੇ ਸੀਰੀਆ ਦੇ ਹੱਮਾਸ ਪੱਖੀ ਅੱਤਵਾਦੀ ਗਰੁੱਪ ਵੀ ਸਰਗਰਮ ਹੋ ਗਏ ਹਨ। ਈਰਾਨ ਦੀ ਲੈਬਨਾਨ ਅਤੇ ਸੀਰੀਆ ਵਿੱਚ ਬਹੁਤ ਜਿਆਦਾ ਕੂਟਨੀਤਕ ਅਤੇ ਸੈਨਿਕ ਦਖਲਅੰਦਾਜ਼ੀ ਹੈ। ਸੀਰੀਆ ਦੀ ਅਸਦ ਸਰਕਾਰ ਤਾਂ ਹੁਣ ਤੱਕ ਸਿਰਫ ਰੂਸ ਅਤੇ ਈਰਾਨ ਦੀ ਹਮਾਇਤ ਕਾਰਨ ਹੀ ਟਿਕੀ ਹੋਈ ਹੈ। ਇਰਾਨ ਲੈਬਨਾਨ ਦੀ ਖਤਰਨਾਕਅੱਤਵਾਦੀ ਜਥੇਬੰਦੀ ਹਿੱਜ਼ਬੁਲਾ ਨੂੰ ਹਰ ਪ੍ਰਕਾਰ ਦੀ ਸੈਨਿਕ ਅਤੇ ਆਰਥਿਕ ਮਦਦ ਦੇਂਦਾ ਹੈ। ਕੁਝ ਦਿਨਾਂ ਤੋਂ ਲੈਬਨਾਨ ਅਤੇ ਸੀਰੀਆ ਵਿੱਚੋਂ ਵੀ ਇਜ਼ਰਾਈਲ 'ਤੇ ਰਾਕਟ ਹਮਲੇ ਸ਼ੁਰੂ ਹੋ ਗਏ ਹਨ ਜੋ ਉਸ ਲਈ ਨਵੀਂ ਮੁਸੀਬਤ ਪੈਦਾ ਕਰ ਰਹੇ ਹਨ। ਕਿਸੇ ਵਿਰੋਧੀ ਦੇਸ਼ ਦੀ ਫੌਜ ਨੂੰ ਹਰਾਉਣਾ ਸੌਖਾ ਹੁੰਦਾ ਹੈ ਪਰ ਗੁਰੀਲਾ ਹਮਲੇ ਕਰਨ ਵਾਲੇ ਦੁਸ਼ਮਣ ਨੂੰ ਹਰਾਉਣਾ ਬਹੁਤ ਹੀ ਮੁਸ਼ਕਿਲ ਮਾਮਲਾ ਹੈ। ਹੱਮਾਸ ਨਾਲ ਚਾਰ ਲੜਾਈਆਂ ਕਰਨ ਤੋਂ ਬਾਅਦ ਇਜ਼ਰਾਈਲ ਇਹ ਗੱਲ ਭਲੀ ਭਾਂਤ ਸਮਝ ਚੁੱਕਾ ਹੈ। ਹੱਮਾਸ ਹਰ ਲੜਾਈ ਤੋਂ ਬਾਅਦ ਦਬਣ ਦੀ ਬਜਾਏ ਸਗੋਂ ਹੋਰ ਤਕੜਾ ਹੋ ਕੇ ਸਾਹਮਣੇ ਆਇਆ ਹੈ। ਪਹਿਲਾਂ ਉਸ ਦੇ ਦੇਸੀ ਰਾਕਟ 20 ਕਿ.ਮੀ. ਤੋਂ ਅੱਗੇ ਨਹੀਂ ਸੀ ਜਾਂਦੇ, ਪਰ ਹੁਣ ਰੂਸ ਅਤੇ ਈਰਾਨ ਦੇ ਬਣੇ ਅਧੁਨਿਕ ਰਾਕਟਾਂ ਦੀ ਮਾਰ ਹੇਠ ਸਾਰਾ ਇਜ਼ਰਾਈਲ ਆ ਗਿਆ ਹੈ। ਹੱਮਾਸ ਦੇ ਆਤਮਘਾਤੀ ਹਮਲਿਆਂ ਦਾ ਐਨਾ ਡਰ ਹੈ ਕਿ ਇਜ਼ਰਾਈਲ ਜ਼ਮੀਨੀ ਹਮਲਾ ਕਰਨ ਦੀ ਜੁਰਅਤ ਨਹੀਂ ਕਰ ਰਿਹਾ।

ਅੰਤਰਰਾਸ਼ਟਰੀ ਪੱਧਰ 'ਤੇ ਵੀ ਇਜ਼ਰਾਈਲ ਇਕੱਲਾ ਪੈਂਦਾ ਜਾ ਰਿਹਾ ਹੈ। ਅਮਰੀਕਾ ਦਾ ਰਾਸ਼ਟਰਪਤੀ ਜੋਅ ਬਿਡੇਨ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਰਗਾ ਕੱਟੜ ਇਜ਼ਰਾਈਲ ਹਮਾਇਤੀ ਨਹੀਂ ਹੈ। ਅਮਰੀਕਾ ਵਿੱਚ ਯਹੂਦੀਆਂ ਦੀ ਬਹੁਤ ਵੱਡੀ ਗਿਣਤੀ ਵੱਸਦੀ ਹੈ ਤੇ ਉਨ੍ਹਾਂ ਦਾ ਅਮਰੀਕਾ ਦੀ ਆਰਥਿਕਤਾ ਅਤੇ ਸਿਆਸਤ 'ਤੇ ਵੱਡਾ ਪ੍ਰਭਾਵ ਹੈ। ਟਰੰਪ ਦਾ ਜਵਾਈ ਵੀ ਯਹੂਦੀ ਸੀ। ਬਿਡੇਨ ਦੀ ਵਜ਼ਾਰਤ ਵਿੱਚ ਵੀ ਗ੍ਰਹਿ ਮੰਤਰੀ ਐਂਟੋਨੀ ਬਲਿੰਕਨ ਸਮੇਤ ਕਈ ਯਹੂਦੀ ਹਨ ਪਰ ਉਹ ਉਦਾਰਵਾਦੀ ਹਨ ਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਦੀਆਂ ਕੱਟੜ ਅਰਬ ਵਿਰੋਧੀ ਨੀਤੀਆਂ ਨੂੰ ਪਸੰਦ ਨਹੀਂ ਕਰਦੇ। ਇਸ ਤੋਂ ਇਲਾਵਾਨੇਤਨਯਾਹੂ ਨੇ ਬਿਡੇਨ ਦੀ ਇਰਾਨ ਨੀਤੀ ਦੀ ਘੋਰ ਵਿਰੋਧਤਾ ਕੀਤੀ ਸੀ। ਰੂਸ, ਚੀਨ ਅਤੇ ਹੋਰ ਬਹੁਤ ਸਾਰੇ ਪੱਛਮੀ ਦੇਸ਼ ਖੁਲ੍ਹ ਕੇ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਬੇਗੁਨਾਹ ਗਾਜ਼ਾ ਵਾਸੀਆਂ ਦੇ ਕਤਲੇਆਮ ਦੀ ਘੋਰ ਨਿੰਦਾ ਕਰ ਰਹੇ ਹਨ। ਇਜ਼ਰਾਈਲ ਵੱਲੋਂ ਤਬਾਹ ਕੀਤੇ ਗਏ ਸਕੂਲ, ਘਰ, ਸ਼ਰਨਾਰਥੀ ਸ਼ਿਵਰ ਅਤੇ ਬੱਚਿਆਂ ਦੀਆਂ ਲਾਸ਼ਾਂ ਪੱਛਮੀ ਮੀਡੀਆ ਲਗਾਤਰ ਵਿਖਾ ਰਿਹਾ ਹੈ। ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਤੁਲਨਾ ਹਿਟਲਰ ਵੱਲੋਂ ਯਹੂਦੀਆਂ ਦੇ ਖਿਲਾਫ ਕੀਤੇ ਗਏ ਜੰਗੀ ਅਪਰਾਧਾਂ ਨਾਲ ਕੀਤੀ ਜਾ ਰਹੀ ਹੈ। ਹੱਮਾਸ ਅਤੇ ਇਜ਼ਰਾਈਲ ਦਰਮਿਆਨ ਵਾਰ ਵਾਰ ਭੜਕ ਜਾਣ ਵਾਲੇ ਯੁੱਧਾਂ ਦੇ ਕਾਰਨ ਕੋਈ ਵੀ ਅਰਬ ਜਾਂ ਪੱਛਮੀ ਦੇਸ਼ ਫਿਲਹਾਲ ਜੰਗਬੰਦੀ ਦੀ ਵਿਚੋਲਗੀ ਕਰਨ ਲਈ ਅੱਗੇ ਨਹੀਂ ਆ ਰਿਹਾ। 2014 ਵਿੱਚ ਕਤਰ ਨੇ ਜੰਗਬੰਦੀ ਕਰਾਉਣ ਦੀ ਕੋਸ਼ਿਸ਼ ਕੀਤੀ ਸੀ ਜੋ ਇਜ਼ਰਾਈਲ ਦੀ ਹੱਠਧਰਮੀ ਕਾਰਨ ਪੁੱਠੀ ਪੈ ਗਈ ਸੀ। ਖਤਮ ਹੋਣ ਕਿਨਾਰੇ ਪਹੁੰਚੀ ਜੰਗ ਹੋਰ ਭੜਕ ਪਈ ਸੀ ਤੇ 50 ਦਿਨ ਤੱਕ ਚੱਲਦੀ ਰਹੀ,ਜਿਸ ਕਾਰਨ ਕਤਰ ਦੀ ਭਾਰੀ ਬਦਨਾਮੀ ਹੋਈ ਸੀ।ਪਿਛਲੀ ਵਾਰ ਜੰਗਬੰਦੀ ਕਰਾਉਣ ਵਾਲੇ ਮਿਸਰ ਨੂੰ ਹੀ ਇਸ ਵਾਰ ਦੁਬਾਰਾ ਅੱਗੇ ਆਉਣਾ ਪਿਆ ਹੈ, ਕਿਉਂਕਿ ਇਜ਼ਰਾਈਲ ਤੋਂ ਇਲਾਵਾ ਸਿਰਫ ਉਸ ਦੀ ਸਰਹੱਦ ਗਾਜ਼ਾ ਪੱਟੀ ਨਾਲ ਲੱਗਦੀ ਹੈ। ਮਿਸਰ ਦਾ ਹੱਮਾਸ 'ਤੇ ਬਹੁਤ ਪ੍ਰਭਾਵ ਹੈ ਕਿਉਂਕਿ ਇਜ਼ਰਾਈਲ ਵੱਲੋਂ ਕੀਤੀ ਗਈ ਸਰਹੱਦੀ ਤੇ ਆਰਥਿਕ ਨਾਕਾਬੰਦੀ ਕਾਰਨ ਗਾਜ਼ਾ ਪੱਟੀ ਦੀ ਹੋਂਦ ਮਿਸਰ ਵੱਲੋਂ ਕੀਤੀ ਜਾਂਦੀ ਸਹਾਇਤਾ 'ਤੇ ਨਿਰਭਰ ਹੈ। ਮਿਸਰ ਦੇ ਇਜ਼ਰਾਈਲ ਅਤੇ ਹੱਮਾਸਨਾਲ ਵਧੀਆ ਸਬੰਧ ਹਨ,ਪਰ ਅਜੇ ਤੱਕ ਮਿਸਰ ਨੂੰ ਵੀ ਕੋਈ ਖਾਸ ਸਫਲਤਾ ਹਾਸਲ ਨਹੀਂ ਹੋਈ।ਅਜੇ ਹੱਮਾਸ ਅਤੇ ਇਜ਼ਰਾਈਲਦੀਆਂ ਫੌਜਾਂ ਸੱਜਰ ਸਾਹ ਤੇ ਜੋਸ਼ ਭਰਪੂਰ ਹਨ।ਜਦੋਂ ਤੱਕ ਦੋਵੇਂ ਧਿਰਾਂ ਲੜ ਲੜ ਕੇ ਥੱਕ ਨਾ ਗਈਆਂ, ਜੰਗਬੰਦੀ ਹੋਣ ਦੀ ਉਮੀਦ ਘੱਟ ਹੀ ਹੈ। ਪਰ ਦੋਵਾਂ ਦੇਸ਼ਾਂ ਵਿੱਚ ਪੱਕੀ ਜੰਗਬੰਦੀ ਕਦੇ ਵੀ ਨਹੀਂ ਹੋ ਸਕਦੀ, ਕਿਉਂਕਿ ਫਲਸਤੀਨੀ ਯੋਰੂਸ਼ਲਮ ਨੂੰ ਵਾਪਸ ਮੰਗਦੇ ਹਨ, ਜੋ ਇਜ਼ਰਾਈਲ ਨੇ ਕਦੇ ਵੀ ਨਹੀਂ ਦੇਣਾ।

# "ਨਾ ਖਾਊਂਗਾ ਨਾ ਖਾਣੇ ਦੂੰਗਾ" ਦਾ ਨਾਹਰਾ ਬਣ ਰਿਹਾ ਹੈ ਚੋਣ ਜੁਮਲਾ



ਗੁਰਮੀਤ ਸਿੰਘ ਪਲਾਹੀ

ਵਿੱਤੀ ਸਾਲ 2014-2015 ਵਿੱਚ 58,000 ਕਰੋੜ ਰੁਪਏ, ਵਿੱਤੀ ਸਾਲ 2015-2016 ਵਿੱਚ 70,000 ਕਰੋੜ ਰੁਪਏ, ਵਿੱਤੀ ਸਾਲ 2016-2017 ਵਿੱਚ 1,08,374 ਕਰੋੜ ਰੁਪਏ, ਵਿੱਤੀ ਸਾਲ 2017-2018 ਵਿੱਚ 1,61,328 ਕਰੋੜ ਰੁਪਏ ਅਤੇ ਵਿੱਤੀ ਸਾਲ 2018-2019 ਵਿੱਚ 1,56,702 ਕਰੋੜ ਰੁਪਏ ਮੋਦੀ ਸਰਕਾਰ ਵਲੋਂ ਉਹਨਾ ਵੱਡੇ ਕਰਜ਼ਦਾਰਾਂ, ਪੂੰਜੀਪਤੀਆਂ ਦੇ ਬੈਂਕਾਂ ਤੋਂ ਲਏ ਕਰਜ਼ੇ ਇਹ ਕਹਿਕੇ ਮੁਆਫ਼ ਕਰ ਦਿੱਤੇ ਗਏ ਕਿ ਉਹਨਾ ਦੇ ਕਾਰੋਬਾਰ ਚੌਪਟ ਹੋ ਗਏ ਹਨ ਅਤੇ ਉਹ ਕਰਜ਼ਾ ਵਾਪਿਸ ਦੇਣ 'ਚ ਅਸਮਰੱਥ ਸਨ। ਇਹਨਾ ਪੂੰਜੀਪਤੀਆਂ ਵਿੱਚੋਂ ਕੁਝ ਇਹੋ ਜਿਹੇ ਵੀ ਹਨ, ਜਿਹੜੇ 10 ਲੱਖ ਕਰੋੜ ਰੁਪਏ ਭਾਰਤੀ ਬੈਂਕਾਂ ਤੋਂ ਕਰਜ਼ਾ ਲੈਕੇ ਡਕਾਰ ਗਏ ਤੇ ਵਿਦੇਸ਼ ਭੱਜ ਗਏ। ਮੁਆਫ਼ ਕੀਤੀਆਂ ਇਹ ਕਰਜ਼ੇ ਦੀਆਂ ਰਕਮਾਂ ਉਹਨਾ ਸਿਰ ਚੜ੍ਹੇ ਕੁੱਲ ਕਰਜ਼ੇ ਦਾ 80 ਫ਼ੀਸਦੀ ਸਨ।

ਆਪਣੇ ਕਾਰਜਕਾਲ ਦੌਰਾਨ ਕਾਂਗਰਸ ਦੀ ਸਰਕਾਰ ਨੇ ਵੀ ਸਾਲ 2009-10 ਵਿੱਚ 25 ਕਰੋੜ ਰੁਪਏ ਅਤੇ 2013-14 ਵਿੱਚ 42 ਕਰੋੜ ਰੁਪਏ ਇਸੇ ਤਰ੍ਹਾਂ ਦੇ ਕਰਜ਼ੇ ਮੁਆਫ਼ ਕੀਤੇ ਸਨ। ਪਰ ਮੋਦੀ ਰਾਜ ਨੇ ਤਾਂ ਅਤਿ ਹੀ ਕਰ ਦਿੱਤੀ ਆਪਣੇ ਰਾਜ ਦੌਰਾਨ ਪੰਜ ਸਾਲਾਂ ਵਿੱਚ ਕੁਲ ਮਿਲਾਕੇ 5 ਲੱਖ 55 ਹਜ਼ਾਰ 603 ਕਰੋੜ ਰੁਪਏ ਪੂੰਜੀਪਤੀਆਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਅਤੇ ਮੋਦੀ ਸਰਕਾਰ ਨੇ ਇਹਨਾ ਕਰਜ਼ਦਾਰਾਂ ਦੇ ਨਾਮ ਲੋਕਾਂ ਨੂੰ ਦਸਣ ਤੋਂ ਕੋਰਾ ਇਨਕਾਰ ਕਰ ਦਿੱਤਾ, ਜਿਹਨਾ ਦੇ ਬੈਂਕਾਂ ਦੇ ਕਰਜ਼ੇ ਮੁਆਫ਼ ਕੀਤੇ ਗਏ। ਜਦਕਿ ਮੋਦੀ ਜੀ ਨੇ ਆਪਣੇ ਕਾਰਜ਼ਕਾਲ ਦੌਰਾਨ ਕੇਂਦਰੀ ਸਰਕਾਰ ਵਲੋਂ ਕਿਸਾਨ, ਮਜ਼ਦੂਰਾਂ, ਸਿਰ ਚੜ੍ਹਿਆ ਵੱਡਾ ਕਰਜ਼ਾ ਮੁਆਫ਼ ਕਰਨ ਤੋਂ ਕੋਰੀ ਨਾਂਹ ਕੀਤੀ, ਹਾਲਾਂਕਿ ਆਪਣੇ ਚੋਣ ਵਾਅਦਿਆਂ 'ਚ ਭਾਜਪਾ ਵਲੋਂ ਕਿਸਾਨ ਕਰਜ਼ੇ ਮੁਆਫ਼ ਕਰਨ ਅਤੇ ਡਾ: ਸਵਾਮੀਨਾਥਨ ਦੀ ਰਿਪੋਰਟ ਜੋ ਕਿਸਾਨਾਂ ਨੂੰ ਉਹਨਾ ਦੀ ਫ਼ਸਲ ਲਾਗਤ ਤੋਂ 50 ਫ਼ੀਸਦੀ ਮੁਨਾਫ਼ਾ ਦੇਣ ਦੀ ਗੱਲ ਕਹਿੰਦੀ ਹੈ, ਲਾਗੂ ਕਰਨ ਦਾ ਵੱਡਾ, ਵਾਇਦਾ ਕੀਤਾ ਸੀ।

ਹੈਰਾਨੀ ਵਾਲੀ ਗੱਲ ਤਾਂ ਉਦੋਂ ਸ਼ੁਰੂ ਹੁੰਦੀ ਹੈ, ਜਦੋਂ "ਨਾ ਖਾਊਂਗਾ, ਨਾ ਖਾਣੇ ਦੂੰਗਾ" ਦੀਆਂ ਬਾਤ ਪਾਉਣ ਵਾਲਾ 56 ਇੰਚ ਚੌੜੀ ਛਾਤੀ ਵਾਲਾ ਪ੍ਰਧਾਨ ਮੰਤਰੀ ਇਲੈਕਸ਼ਨ ਬੌਂਡ (ਚੋਣ ਬੌਂਡ) ਵਿੱਚ ਸ਼ਾਹੂਕਾਰਾਂ ਤੋਂ ਆਪਣੀ ਪਾਰਟੀ ਲਈ ਚੰਦਾ ਲੈਂਦਾ ਹੈ, ਜਿਹਨਾ ਦੇ ਨਾਵਾਂ ਦਾ ਵੇਰਵਾ, ਉਹ ਮੰਗ ਕਰਨ ਉਤੇ ਵੀ, ਚੋਣ ਕਮਿਸ਼ਨ ਨੂੰ ਦੇਣ ਤੋਂ ਆਨਾ-ਕਾਨੀ ਹੀ ਨਹੀਂ ਕਰਦਾ ਪੂਰੀ ਨਾਂਹ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਹਾਕਮ ਧਿਰ ਭਾਜਪਾ ਨੂੰ ਸਾਲ 2017-18 ਵਿੱਚ 997 ਕਰੋੜ ਰੁਪਏ ਪਾਰਟੀ ਫੰਡ ਲਈ ਮਿਲੇ ਸਨ, ਜਿਸ ਵਿੱਚ 526 ਕਰੋੜ ਛੁੱਟ-ਪੁੱਟ ਰਕਮਾਂ ਦੇ ਰੂਪ ਵਿੱਚ ਅਤੇ 210 ਕਰੋੜ ਰੁਪਏ ਚੋਣ ਬੌਂਡ ਦੇ ਰੂਪ ਵਿੱਚ ਭਾਜਪਾ ਨੂੰ ਪ੍ਰਾਪਤ ਹੋਏ ਸਨ। ਇਹ 210 ਕਰੋੜ ਰੁਪਏ ਦੀ ਰਕਮ ਭਾਜਪਾ ਨੂੰ ਕਿਥੋਂ ਮਿਲੀ ਕਿ ਕਿਹੜੇ ਲੋਕਾਂ ਜਾਂ ਧਨਾਡਾਂ ਜਾਂ ਕੰਪਨੀਆਂ ਨੇ ਚੋਣ ਬੌਂਡ ਖਰੀਦੇ, ਕਿੰਨੀ ਰਕਮ ਦੇ ਖਰੀਦੇ, ਇਸਦਾ ਖੁਲਾਸਾ ਨਹੀਂ ਕੀਤਾ ਗਿਆ, ਕਿਉਂਕਿ ਚੋਣ ਬੌਂਡ ਲਈ ਬਣਾਏ ਮੋਦੀ ਸਰਕਾਰ ਦੇ ਨਿਯਮਾਂ ਅਧੀਨ ਕਿਸ ਪਾਰਟੀ ਨੂੰ ਕਿੰਨੀ ਰਕਮ ਕੋਈ ਕੰਪਨੀ ਜਾਂ ਧਨਾਢ ਦਾਨ ਕਰਦਾ ਹੈ, ਦਾ ਵੇਰਵਾ ਦੇਣਾ ਜ਼ਰੂਰੀ ਕਰਾਰ ਨਹੀਂ ਕੀਤਾ ਗਿਆ ਹੈ। ਕੀ ਇਹ ਵੱਡੀਆਂ ਰਕਮਾਂ ਦਾ ਲੈਣ-ਦੇਣ ਅਤੇ ਕਰਜ਼ਦਾਰਾਂ ਨੂੰ ਕਰਜ਼ਿਆਂ ਦੀ ਵੱਡੀ ਮੁਆਫ਼ੀ ਦਾ ਆਪਸ ਵਿੱਚ ਕੋਈ ਗੂੜ੍ਹਾ ਰਿਸ਼ਤਾ ਤਾਂ ਨਹੀਂ ਹੈ? ਕੀ ਇਹ ਧਨਾਢਾਂ ਤੇ ਸਰਕਾਰ ਦਰਮਿਆਨ ਆਪਸੀ ਸੌਦਾ ਤਾਂ ਨਹੀਂ ਹੈ? ਕੀ ਧੰਨ ਕੁਬੇਰਾਂ ਨੂੰ ਕਰਜ਼ਿਆਂ 'ਚ ਛੋਟ ਦੇ ਵੱਡੇ ਗੱਫੇ ਅਤੇ ਬੈਂਕਾਂ ਨੂੰ ਚੂਨ ਲਗਾਉਣਾ ਪਰਦੇ ਪਿੱਛੇ ਚੋਣ ਫੰਡ ਪ੍ਰਾਪਤ ਕਰਨ ਦਾ ਵੱਡਾ ਸਕੈਂਡਲ ਤਾਂ ਨਹੀਂ?

ਭਾਰਤ ਸਰਕਾਰ ਵਲੋਂ 29 ਜਨਵਰੀ, 2018 ਨੂੰ ਇਲੈਕਟੋਰਲ (ਚੋਣ) ਬਾਂਡ ਸਕੀਮ ਚਾਲੂ ਕੀਤੀ ਗਈ ਸੀ। ਇਸ ਸਕੀਮ ਅਧੀਨ ਕੋਈ ਵੀ ਭਾਰਤੀ ਨਾਗਰਿਕ ਕਿਸੇ ਵੀ ਮਾਨਤਾ ਪ੍ਰਾਪਤ ਸਿਆਸੀ ਪਾਰਟੀ ਨੂੰ ਦਾਨ ਦੇ ਸਕਦਾ ਹੈ। ਇਹ ਰਕਮ ਇੱਕ ਹਜ਼ਾਰ, ਦਸ ਹਜ਼ਾਰ, ਇੱਕ ਲੱਖ, ਦਸ ਲੱਖ ਰੁਪਏ ਅਤੇ ਇੱਕ ਕਰੋੜ ਦੇ ਬੌਂਡ ਹੋ ਸਕਦੇ ਹਨ। ਇਸ ਸਕੀਮ ਅਧੀਨ ਇਹ ਮੱਦ ਸ਼ਾਮਲ ਕੀਤੀ ਗਈ ਕਿ ਜਿਹੜਾ ਵਿਅਕਤੀ ਚੋਣ ਬਾਂਡ ਰਾਹੀਂ ਦਾਨ ਕਰੇਗਾ, ਉਸਦਾ ਵੇਰਵਾ ਦੇਣਾ ਸਿਆਸੀ ਪਾਰਟੀਆਂ ਲਈ ਜ਼ਰੂਰੀ ਨਹੀਂ ਹੋਏਗਾ। ਇਸ ਸਕੀਮ ਵਿਰੁੱਧ ਭਾਰਤ ਦੀ ਸੁਪਰੀਮ ਕੋਰਟ ਵਿੱਚ ਸਿਰਫ਼ ਕਮਿਊਨਿਸਟ ਪਾਰਟੀ (ਮਾਰਕਸੀ) ਅਤੇ ਇੱਕ ਗੈਰ-ਸਰਕਾਰੀ ਸੰਸਥਾ ਨੇ ਪਟੀਸ਼ਨ ਪਾਈ ਅਤੇ ਕਿਹਾ ਕਿ ਸਿਆਸੀ ਪਾਰਟੀਆਂ ਨੂੰ ਇਹ ਦੱਸਣਾ ਪਵੇਗਾ ਕਿ ਉਹ ਕਿਸ ਤੋਂ ਚੋਣ ਬਾਂਡ ਅਧੀਨ ਫੰਡ ਲੈ ਰਹੇ ਹਨ?

ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੇ 2410 ਕਰੋੜ ਰੁਪਏ ਚੋਣ ਫੰਡਿੰਗ ਪ੍ਰਾਪਤ ਕੀਤੀ, ਜਿਸ ਵਿੱਚੋਂ 1450 ਕਰੋੜ ਭਾਵ 60 ਫ਼ੀਸਦੀ ਚੋਣ ਬਾਂਡ ਰਾਹੀਂ ਪ੍ਰਾਪਤ ਕੀਤੇ। ਕਾਂਗਰਸ ਨੂੰ 918 ਕਰੋੜ ਚੋਣ ਫੰਡਿੰਗ ਮਿਲੀ, ਜਿਸ ਵਿੱਚੋਂ 383 ਕਰੋੜ ਚੋਣ-ਬਾਂਡਾਂ ਰਾਹੀਂ ਮਿਲੇ। ਵਿੱਤੀ ਸਾਲ 2019-2020 ਵਿੱਚ ਡੀ.ਐਮ.ਕੇ. ਨੂੰ 48.3 ਕਰੋੜ ਚੋਣ ਫੰਡ ਪ੍ਰਾਪਤ ਹੋਇਆ। ਜਿਸ ਵਿਚ 93 ਫ਼ੀਸਦੀ ਚੋਣ ਬਾਂਡਾਂ ਰਾਹੀਂ ਜਾਣੀ 45.5 ਕਰੋੜ ਰੁਪਿਆ ਮਿਲਿਆ। ਜਦਕਿ ਅੰਨਾ ਡੀ.ਐਮ.ਕੇ. ਨੇ ਇਸ ਸਮੇਂ ਦੌਰਾਨ 52 ਕਰੋੜ ਪ੍ਰਾਪਤ ਕੀਤੇ ਜਿਸ ਵਿਚੋਂ 46 ਕਰੋੜ ਚੋਣ ਬਾਂਡਾਂ ਦੇ ਸਨ।

ਉਹ ਕਾਰੋਬਾਰੀ, ਕਰਜ਼ਦਾਰ, ਜਿਹਨਾ ਨੇ ਬੈਂਕਾਂ ਤੋਂ ਕਰਜ਼ੇ ਲਏ, ਲੋਕਾਂ ਦੇ ਟੈਕਸਾਂ ਦੇ ਪੈਸੇ ਨਾਲ ਐਸ਼ਾਂ ਕੀਤੀਆਂ, ਮੌਜਾਂ ਕੀਤੀਆਂ ਆਖੀਰ ਹਾਕਮਾਂ ਦੀ ਝੋਲੀ ਭਰਕੇ ਆਪਣਾ ਕਰਜ਼ਾ ਮੁਆਫ਼ ਕਰਵਾਕੇ ਸੁਰਖ਼ੁਰ ਹੋ ਗਏ ਅਤੇ ਹਾਕਮ ਸਾਮ, ਦਾਮ, ਦੰਡ ਦੀ ਵਰਤੋਂ ਕਰਕੇ ਉਹਨਾ ਲੋਕਾਂ ਦੇ ਮੁੜ ਰਾਜੇ ਬਣ ਗਏ, ਜਿਹੜੇ ਪਹਿਲਾਂ ਤਾਂ ਵਿਦੇਸ਼ੀ ਹਾਕਮਾਂ ਵਲੋਂ ਲੁੱਟੇ ਜਾਂਦੇ ਰਹੇ, ਪਰ ਆਜ਼ਾਦੀ ਬਾਅਦ ਕਿਸੇ ਨਾ ਕਿਸੇ ਢੰਗ ਨਾਲ ਦੇਸੀ ਹਾਕਮਾਂ ਵਲੋਂ ਲੁੱਟੇ ਜਾ ਰਹੇ ਹਨ। ਇਕੱਲੀ ਇਕੋ ਉਦਾਹਰਨ ਹੀ ਨਹੀਂ ਹੈ, ਜਿਸ ਨਾਲ ਹਾਕਮ ਚੋਣ ਫੰਡ ਇਕੱਠਾ ਕਰਨ ਲਈ ਧੰਨ ਕੁਬੇਰਾਂ ਨਾਲ ਸਾਂਝਾਂ ਪਾ ਕੇ ਲੁੱਟ ਮਾਰ ਕਰਦੇ ਹਨ। ਕਾਰੋਬਾਰਾਂ ਦੇ ਲਾਇਸੰਸ ਦੇਣੇ, ਵੱਡੇ ਵੱਡੇ ਠੇਕੇ ਵੱਡੀਆਂ ਕੰਪਨੀਆਂ ਨੂੰ ਦੇਣੇ ਤੇ ਅੰਗਰੇਜ਼ਾਂ ਦੇ ਵੇਲੇ ਦੀ ਚੱਲੀ ਡਾਲੀ ਪ੍ਰਣਾਲੀ ਤੋਂ ਤੁਰੀ ਕਮਿਸ਼ਨ ਪ੍ਰਣਾਲੀ ਨਾਲ ਢਿੱਡ ਭਰਨਾ ਇਸੇ ਖੇਡ ਦਾ ਹਿੱਸਾ ਹੈ। ਵਿਦੇਸ਼ਾਂ ਤੋਂ ਹਥਿਆਰ ਮੰਗਵਾਉਣੇ ਤੇ ਦਲਾਲਾਂ ਰਾਹੀਂ ਫੰਡ ਪ੍ਰਾਪਤ ਕਰਨ ਦੇ ਵੱਡੇ ਸਕੈਂਡਲ ਆਜ਼ਾਦੀ ਤੋਂ ਬਾਅਦ ਵੇਖਣ ਨੂੰ ਮਿਲੇ ਹਨ। ਇਸ ਤੋ ਵੀ ਵੱਡੀ ਖੇਡ ਮੌਜੂਦਾ ਹਾਕਮਾਂ ਨੇ ਪੀ ਐਮ ਕੇਆਰ ਫੰਡ ਚਾਲੂ ਕਰਕੇ ਖੇਡੀ ਹੈ।ਪ੍ਰਧਾਨ ਮੰਤਰੀ ਫੰਡ ਤਾਂ ਪਹਿਲਾ ਹੀ ਮੌਜੂਦ ਸੀ, ਜਿਸ ਵਿਚ ਲੋਕ, ਕੰਪਨੀਆਂ, ਧਨਾਡ ਵੱਖੋ-ਵੱਖਰੇ ਕੰਮਾਂ ਉੱਤੇ ਖ਼ਰਚ ਲਈ ਰਕਮਾਂ ਦਾਨ ਦਿਆ ਕਰਦੇ ਸਨ ਪਰ ਇਹ ਫੰਡ ਬਾਕਾਇਦਾ ਆਡਿਟ ਕੰਟਰੋਲਰ ਆਡੀਟਰ ਜਨਰਲ(ਕੈਗ) ਵਲੋਂ ਆਡਿਟ ਹੁੰਦਾ ਸੀ ਅਤੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਦੱਸਣਾ ਪੈਂਦਾ ਸੀ ਕਿ ਕਿੰਨਾ ਪੈਸਾ ਖ਼ਰਚਿਆ ਗਿਆ ਤੇ ਕਿਸ ਕੰਮ ਲਈ ਖਰਚਿਆ। ਪਰ ਪੀ ਐਮ ਕੇਅਰ ਫੰਡ ਮਨਮਰਜੀ ਵਾਲਾ ਫੰਡ ਹੈ।ਇਸ ਦੀ ਵਰਤੋ ਜਿਵੇਂ- ਜਿਵੇਂ ਜਿਥੇ-ਜਿਥੇ ਪ੍ਰਧਾਨ ਮੰਤਰੀ ਦੀ ਇੱਛਾ ਅਨੁਸਾਰ ਖ਼ਰਚੀ ਜਾਂਦਾ ਹੇ। ਕੋਈ ਕੁਟੈਸ਼ਨ ਨਹੀਂ, ਕੋਈ ਆਡਿਟ ਵਾਲਾ ਹਿਸਾਬ ਕਿਤਾਬ ਨਹੀਂ। ਦੇਸ਼ ਭਰ ਵਿੱਚ ਪ੍ਰਧਾਨ ਮੰਤਰੀ ਕੇਅਰ ਫੰਡ ਵਿਚੋ ਵੈਂਟੀਲੈਟਰ ਇਸ ਫੰਡ ਵਿਚੋ ਖਰੀਦੇ ਗਏ ਸਨ, ਜਿਹਨਾ ਦੀ ਕੁਆਲਿਟੀ ਅਤਿਅੰਤ ਮਾੜੀ ਹੈ, ਇਹ ਪ੍ਰੈਸ 'ਚ ਚਰਚਾ 'ਚ ਹੈ। ਪੰਜਾਬ ਵਿੱਚ ਵੀ ਇਹ ਵੈਂਟੀਲੇਟਰ ਆਏ ਜਿਹਨਾ ਦੀ ਵਰਤੋਂ ਇਸ ਮਹਾਂਮਾਰੀ ਦੌਰਾਨ ਹੋ ਨਹੀ ਸਕੀ, ਕਿਉਂਕਿ ਉਹ ਸਬੰਧਤ ਸਿਹਤ ਅਥਾਰਿਟੀ ਅਨੁਸਾਰ ਸਟੈਂਡਰਡ ਦੇ ਨਹੀਂ। ਹੋਰ ਤਾਂ ਹੋਰ ਧੰਨ ਦੀ ਦੁਰਵਰਤੋਂ, ਮਰੀਜ਼ਾਂ ਦੇ ਜੀਵਨ ਨਾਲ ਖਿਲਵਾੜ ਦੀ ਹੱਦ ਤੱਕ ਹੈ।

ਪ੍ਰਧਾਨ ਮੰਤਰੀ ਕੇਅਰ ਫੰਡ 28 ਮਾਰਚ 2020 ਨੂੰ ਸ਼ੁਰੂ ਕੀਤਾ ਗਿਆ ਸੀ। ਇਸ ਵਿਚ 9677 ਕਰੋੜ ਰੁਪਏ ਕੋਵਿਡ-19 ਲਈ 20 ਮਈ,2020 ਤੱਕ ਇਕੱਠੇ ਹੋਏ। ਇਸ ਵਿਚੋਂ 3100 ਕਰੋੜ ਕੋਵਿਡ-19 ਦੇ ਕੰਮਾਂ ਲਈ ਪਹਿਲੀ ਕਿਸ਼ਤ ਵਜੋਂ ਖ਼ਰਚੇ ਗਏ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਇਸ ਇਕੱਤਰ ਕੀਤੀ ਰਾਸ਼ੀ ਵਿਚ 5369 ਕਰੋੜ ਰੁਪਏ ਪ੍ਰਾਈਵੇਟ ਕੰਪਨੀਆਂ ਵਲੋਂ ਦਿੱਤੇ ਭਾਵੇਂ ਕਿ ਸਰਕਾਰੀ ਕਰਮਚਾਰੀਆਂ ਦੀ ਇਕ ਦਿਨ ਦੀ ਤਨਖ਼ਾਹ, ਦੇਸ਼ ਦੀਆ ਰੱਖਿਅਕ ਫੌਜਾਂ ਦੇ ਕਰਮਚਾਰੀਆਂ ਵਲੋਂ ਵੀ ਇਸ ਫੰਡ ਵਿੱਚ ਰਕਮਾਂ ਦਾਨ ਕੀਤੀਆ ਗਈਆਂ।

ਦੇਸ਼ ਭਰ ਵਿਚ ਕੇਂਦਰ,ਸੂਬਾ ਸਰਕਾਰਾਂ ਉੱਤੇ ਕਾਬਜ਼ ਵੱਖੋ ਵਖਰੀਆਂ ਸਿਆਸੀ ਪਾਰਟੀਆਂ ਦੇ ਰਾਜ ਦੌਰਾਨ ਵੱਡੇ ਵੱਡੇ ਸਕੈਂਡਲ ਧਿਆਨ ਵਿਚ ਆਏ। ਸੀ ਬੀ ਆਈ ਅਤੇ ਹੋਰ ਏਜੰਸੀਆਂ ਨੇ ਇਹਨਾ ਕੇਸਾਂ ਦੀ ਛਾਣ-ਬੀਣ ਵੀ ਕੀਤੀ। ਕਈ ਵੱਡੇ ਸਕੈਂਡਲ ਕਰਨ ਵਾਲੇ ਵਿਅਕਤੀਆਂ ਨੂੰ ਸ਼ਜਾਵਾਂ ਵੀ ਮਿਲੀਆਂ, ਪਰ ਬਹੁਤੇ ਸਕੈਂਡਲਾਂ ਵਿਚ ਸ਼ਾਮਿਲ ਸਿਆਸੀ ਵਿਅਕਤੀਆਂ ਨੂੰ ਹਾਕਮੀ ਸਿਆਸੀ ਪੁਸ਼ਤ ਪਨਾਹੀ ਮਿਲਦੀ ਰਹੀ ਅਤੇ ਉਹ ਪਾਕ-ਸਾਫ਼ ਹੋਕੇ ਫਿਰ ਲੋਕਾਂ ਉੱਤੇ ਰਾਜ ਕਰਦੇ ਰਹੇ।

ਵਿਜੈ ਮਾਲਿਆ, ਜੋ ਧੁਰੰਤਰ ਸਿਆਸੀ ਵਿਅਕਤੀ ਸੀ, ਸਰਾਬ ਦਾ ਵੱਡਾ ਠੇਕੇਦਾਰ ਸੀ, ਕਿੰਗ ਫਿਸ਼ਰ ਏਅਰ ਲਾਈਨਜ ਦਾ ਮਾਲਕ ਸੀ,ਨੇ ਭਾਰਤੀ ਬੈਂਕਾਂ ਤੋਂ 9000 ਕਰੋੜ ਰੁਪਏ ਕਰਜ਼ੇ ਵਜੋਂ ਲਏ। ਉਹ ਸਾਲ 2016 'ਚ ਦੇਸ਼ ਛੱਡ ਗਿਆ। ਸਰਕਾਰ ਨੇ ਉਸਨੂੰ ਆਰਥਿਕ ਭਗੌੜਾ ਕਰਾਰ ਦਿੱਤਾ।

ਕੋਲੇ ਦੀਆਂ ਖਾਨਾਂ ਦਾ ਸਿਆਸੀ ਸਕੈਂਡਲ 2012 ਵਿਚ "ਕੈਗ" ਨੇ ਧਿਆਨ ਵਿਚ ਲਿਆਂਦਾ। ਇਸ ਸਕੈਂਡਲ ਵਿਚ 1.86 ਲੱਖ ਕਰੋੜ ਦਾ ਘਪਲਾ ਹੋਇਆ। ਸਾਲ 2008 ਵਿਚ 1.76 ਲੱਖ ਕਰੋੜ ਦਾ ਟੂ-ਜੀ ਸਕੈਮ ਧਿਆਨ ਵਿਚ ਆਇਆ। ਸੁਪਰੀਮ ਕੋਰਟ ਨੇ ਇਸ ਕੇਸ ਵਿਚ 120 ਲਾਇਸੰਸ ਰੱਦ ਕੀਤੇ। ਸਾਲ 2010 ਵਿਚ ਕਾਮਨਵੈਲਥ ਖੇਡਾਂ 'ਚ 70 ਹਜ਼ਾਰ ਕਰੋੜ ਰੁਪਏ ਦੇ ਘਪਲੇ ਧਿਆਨ ਵਿਚ ਆਏ। ਬੋਫਰਜ਼ ਸਕੈਂਡਲ 64 ਕਰੋੜ ਦਾ ਸੀ। ਪਰ ਹੀਰਿਆਂ ਦਾ ਵਪਾਰੀ ਨੀਰਵ ਮੋਦੀ ਮੌਜੂਦਾ ਸਰਕਾਰ ਸਮੇਂ 2018 'ਚ ਪੰਜਾਬ ਨੈਸ਼ਨਲ ਬੈਂਕ ਨਾਲ 11400 ਕਰੋੜ ਦੀ ਠੱਗੀ ਮਾਰਕੇ ਵਿਦੇਸ਼ ਭੱਜ ਗਿਆ। ਸਾਲ 2016 ਵਿਚ ਵਿਦੇਸ਼ ਭੱਜਿਆ ਵਿਜੈ ਮਾਲਿਆ ਅਤੇ ਸਾਲ 2018 'ਚ ਪੀ ਐਨ ਬੀ ਨੂੰ ਚੂਨਾ ਲਗਾਕੇ ਸਰਕਾਰ ਦੀਆ ਅੱਖਾਂ 'ਚ ਘੱਟਾ ਪਾ ਕੇ ਉਡਾਰੀ ਮਾਰ ਗਿਆ ਨੀਰਵ ਮੋਦੀ, ਮੌਜੂਦਾ ਸਰਕਾਰ ਦੀ ਘਪਲੇ, ਸਕੈਂਡਲ, ਫਰਾਡ ਰੋਕਣ ਵੱਲ ਕੀਤੀ ਪਿੱਠ ਦੀ ਇੱਕ ਵੱਡੀ ਦਾਸਤਾਨ ਹੈ। ਮੋਦੀ ਦੀ ਕੇਂਦਰ ਸਰਕਾਰ ਜਿਹੜੀ ਪਾਰਦਰਸ਼ੀ ਹੋਣ ਦਾ ਦਾਅਵਾ ਕਰਦੀ ਹੈ, ਜਿਹੜੀ ਇਮਾਨਦਾਰ ਹੋਣ ਦਾ ਢੰਡੋਰਾ ਪਿੱਟਦੀ ਹੈ। ਉਸਦਾ ਅਕਸ ਪਿਛਲੇ ਸਮੇਂ 'ਚ ਅਤਿਅੰਤ ਖਰਾਬ ਹੋਇਆ ਹੈ। ਸਮੇਂ ਦੇ ਹਾਕਮਾਂ ਨੇ ਜਿਵੇਂ ਸਿਆਸੀ ਫਾਇਦਾ ਲੈਣ ਲਈ ਕੈਗ, ਸੀ.ਬੀ.ਆਈ., ਆਰ.ਬੀ.ਆਈ., ਆਈ.ਬੀ. ਨੂੰ ਆਪਣੇ ਢੰਗ ਨਾਲ ਵਰਤਿਆ ਹੈ, ਅਤੇ ਸਕੈਂਡਲਾਂ ਵਿੱਚ ਸਿਆਸੀ ਵਿਰੋਧੀਆਂ ਨੂੰ ਫਸਾ ਕੇ ਆਪਣੇ ਹਿਮਾਇਤੀਆਂ ਨੂੰ ਬਾਹਰ ਕੱਢਣ ਲਈ ਖੇਡਾਂ ਖੇਡੀਆਂ ਹਨ, ਉਸ ਹਾਕਮੀ ਪ੍ਰਵਿਰਤੀ ਨੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਪੱਛਮੀ ਬੰਗਾਲ ਵਿੱਚ ਨਾਰਦਾ ਕੇਸ ਵਿੱਚ ਸੀ.ਬੀ.ਆਈ. ਵਲੋਂ ਤ੍ਰਿਮੂਲ ਕਾਂਗਰਸ ਨਾਲ ਸਬੰਧਤ ਇਸ ਕੇਸ ਵਿੱਚ ਚਰਚਿਤ ਮੰਤਰੀ ਅਤੇ ਵਿਧਾਇਕ ਤਾਂ ਗ੍ਰਿਫ਼ਤਾਰ ਕਰ ਲਏ ਪਰ ਤ੍ਰਿਮੂਲ ਕਾਂਗਰਸ ਦੇ ਭਾਜਪਾ ਵਿੱਚ ਸ਼ਾਮਲ ਹੋਏ ਦੋ ਕਥਿਤ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਉਹਨਾ ਨੂੰ ਕਲੀਨ ਚਿੱਟ ਦੇ ਦਿੱਤੀ ਗਈ।

ਦੇਸ਼ ਵਿੱਚ ਹਕੂਮਤੀ ਜ਼ੋਰ ਨਾਲ ਦਲਾਲਾਂ ਦੇ ਕਾਰੋਬਾਰ ਨੂੰ ਬੱਲ ਮਿਲਿਆ ਹੈ, ਜਿਸ ਨਾਲ ਦੇਸ਼ ਦਾ ਸਿਆਸੀ ਤਾਣਾ-ਬਾਣਾ ਵਿਗਾੜ ਵੱਲ ਜਾ ਰਿਹਾ ਹੈ। ਦੇਸ਼ ਵਿਚਲੇ ਮਾਫੀਆ ਹਾਕਮ ਧਿਰ ਦੇ ਗੱਠਜੋੜ ਦਾ ਫੈਲਣਾ, ਦੇਸ਼ ਲਈ ਨੁਕਸਾਨਦੇਹ ਸਾਬਤ ਹੋ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਦਾ ਅੰਤਰਰਾਸ਼ਟਰੀ ਪੱਧਰ ਉਤੇ ਬਣਾਏ ਜਾ ਰਹੇ "ਆਦਰਸ਼ਕ ਹਾਕਮ" ਵਾਲਾ ਅਕਸ ਤਾਰ-ਤਾਰ ਹੋ ਰਿਹਾ ਹੈ। ਦਿਨ ਪ੍ਰਤੀ, ਜਦੋਂ ਪਰਤ-ਦਰ-ਪਰਤ ਅਸਲੀਅਤ ਸਾਹਮਣੇ ਆ ਰਹੀ ਹੈ, ਹਾਕਮੀ ਅਸਫ਼ਲਤਾਵਾਂ ਦੀਆਂ ਕਹਾਣੀਆਂ ਜੱਗ ਜ਼ਾਹਰ ਹੋ ਰਹੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਆਮ ਲੋਕਾਂ ਵੱਲ ਪਿੱਠ ਕਰੀ ਬੈਠੀ ਸਰਕਾਰ ਆਖ਼ਰ ਕਦੋਂ ਤੱਕ ਘੇਸਲ ਵੱਟ ਕੇ ਬੈਠੀ ਰਹੇਗੀ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਵੱਲ ਕਦੋਂ ਅੱਖਾਂ 'ਚ ਅੱਖਾਂ ਪਾਏਗੀ?

ਹੁਣ ਤੱਕ ਤਾਂ ਭਾਜਪਾ ਵਲੋਂ ਜਿਵੇਂ ਨੌਜਵਾਨਾਂ ਨੂੰ ਹਰ ਵਰ੍ਹੇ ਦੋ ਕਰੋੜ ਨੌਕਰੀਆਂ ਦੇਣ, ਹਰ ਸ਼ਹਿਰੀ ਦੇ ਖਾਤੇ ਕਾਲੇ ਧੰਨ ਨੂੰ ਚਿੱਟਾ ਕਰਕੇ 15 ਲੱਖ ਪਾਉਣ ਦੇ ਚੋਣ ਨਾਹਰੇ ਜੁਮਲਾ ਸਾਬਤ ਹੋ ਰਹੇ ਹਨ, ਉਵੇਂ ਹੀ ਈਮਾਨਦਾਰੀ ਨਾਲ ਪ੍ਰਸ਼ਾਸ਼ਨ ਕਰਨ ਦਾ ਨਾਹਰਾ " ਨਾ ਖਾਊਂਗਾ, ਨਾ ਖਾਣੇ ਦੂੰਗਾ" ਵੀ ਜੁਮਲਾ ਹੀ ਸਾਬਤ ਹੋ ਰਿਹਾ ਹੈ।

9815802070

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Gagandeep Jattana
639 742 0203
639 999 1000
Email-gaganjattana0203@gmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਗਿਆਨ ਦੀ ਮਹਿਕ ਵੰਡਣ ਵਾਲਾ ਵਣਜਾਰਾ ਪ੍ਰੋ. ਅਛਰੂ ਸਿੰਘ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072



ਕਦੀ ਸੁਣਿਆਂ ਜਾਂ ਵੇਖਿਆ ਹੈ ਕਿ ਕਿਸੇ ਵਿਅਕਤੀ ਨੇ ਰੇਤਲੇ ਟਿਬਿਆਂ, ਉਡਦੀਆਂ ਗਰਦਾਂ, ਉਘੜ ਦੁਘੜੇ ਕੱਚੇ ਕਾਹੀਂ ਵਾਲੇ ਪੈਂਡਿਆਂ ਵਿਚੋਂ ਲੰਘਕੇ ਅਤੇ ਬਿਨਾ ਬਿਜਲੀ ਦੇ ਪਿੰਡ ਵਿਚੋਂ ਪੜ੍ਹਕੇ ਮਿਹਨਤ ਨਾਲ ਗਿਆਨ ਪ੍ਰਾਪਤ ਕੀਤਾ ਹੋਵੇ ਅਤੇ ਫਿਰ ਆਪਣੇ ਗਿਆਨ ਦੀ ਰੌਸ਼ਨੀ ਨਾਲ ਚਾਨਣ ਦੀਆਂ ਰਿਸ਼ਮਾਂ ਖਿਲਾਰ ਕੇ ਵਿਦਿਅਕ ਖੇਤਰ ਵਿਚ ਆਪਣੀ ਕਾਬਲੀਅਤ ਦਾ ਸਿੱਕਾ ਜਮਾਇਆ ਹੋਵੇ। ਮੋਤੀ ਨੂੰ ਲੱਭਣ ਦੀ ਲੋੜ ਨਹੀਂ ਹੁੰਦੀ, ਉਸਦੀ ਚਮਕ ਦਮਕ ਆਪਣੇ ਆਪ ਆਪਣੀ ਅਹਿਮੀਅਤ ਦਰਸਾ ਦਿੰਦੀ ਹੈ। ਅਜਿਹਾ ਹੀ ਇਕ ਮੋਤੀ ਰੇਤਲਿਆਂਟਿਬਿਆਂ ਤੇ ਉੜਦੀਆਂ ਧੂੜਾਂ ਅਤੇ ਵਿਦਿਆ ਦੇ ਹਨ੍ਹੇਰਿਆਂ ਵਿਚੋਂ ਆਪਣਾ ਰਸਤਾ ਬਣਾਕੇ ਆਪ ਤਾਂ ਚਮਕਿਆ ਹੀ ਸਗੋਂ ਆਪਣੇ ਅਣਗਿਣਤ ਵਿਦਿਆਰਥੀਆਂ ਵਿਚ ਜ਼ਿੰਦਗੀ ਜਿਓਣ ਦੇ ਗੁਣ ਪੈਦਾ ਕਰਕੇ, ਉਨ੍ਹਾਂ ਨੂੰ ਬੁਲੰਦੀਆਂ ਤੇ ਪਹੁੰਚਾਇਆ। ਉਹ ਮਹਾਨ ਵਿਦਵਾਨ ਪ੍ਰੋ. ਅਛਰੂ ਸਿੰਘ ਹੈ, ਜਿਹੜਾ ਪੰਜਾਬ ਦੇ ਕਿਸੇ ਸਮੇਂ ਸਭ ਤੋਂ ਪਛੜੇ ਇਲਾਕੇ ਬਠਿੰਡਾ ਜਿਲ੍ਹੇ ਦੇ ਪਹਾੜਾਂ ਜਿਤਨੇ ਰੇਤਲੇਟਿਬਿਆਂ ਵਿਚ ਘਿਰੇ ਪਿੰਡ ਉਭਾ ਵਿਚ ਜਨਮ ਲੈ ਕੇ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਦੇ ਅੰਗਰੇਜ਼ੀ ਵਿਭਾਗ ਦੇ ਮੁੱਖੀ ਤੋਂ ਸੇਵਾ ਮੁਕਤ ਹੋਏ ਹਨ। ਹੁਣ ਇਹ ਪਿੰਡ ਮਾਨਸਾ ਜਿਲ੍ਹੇ ਵਿਚ ਪੈਂਦਾ ਹੈ। ਉਹ 36 ਸਾਲ ਦਿਹਾਤੀ ਇਲਾਕੇ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਪੜ੍ਹਾਉਂਦੇ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਜਿਸ ਇਲਾਕੇ ਬਾਰੇ ਕਿਹਾ ਜਾਂਦਾ ਸੀ ਕਿ ਇਥੋਂ ਦੇ ਲੋਕਾਂ ਨੂੰ ਸਮਾਜਿਕ ਤਾਣੇ ਬਾਣੇ ਵਿਚ ਵਿਵਹਾਰ ਕਰਨਾ ਹੀ ਨਹੀਂ ਆਉਂਦਾ, ਉਥੋਂ ਦਾ ਜੰਮਿਆ ਪਲਿਆਂ ਅਛਰੂ ਸਿੰਘ ਅੰਗਰੇਜ਼ੀ ਦਾ ਪ੍ਰੋਫੈਸਰ ਬਣਿਆਂ। ਇਥੇ ਹੀ ਬਸ ਨਹੀਂ ਤੁਸੀਂ ਹੈਰਾਨ ਹੋਵੋਗੇ ਕਿ ਉਹ ਮਾਨਸਾ ਕਾਲਜ ਵਿਚ ਸੂਤਰਧਾਰ ਦਾ ਕੰਮ ਕਰਦਾ ਰਿਹਾ। ਉਹ ਕਾਲਜ ਵਿਚ ਹਰਫਨ ਮੌਲਾ ਅਧਿਆਪਕ ਦੇ ਤੌਰ ਤੇ ਵਿਚਰਦੇ ਰਹੇ। ਯੁਵਕ ਭਲਾਈ, ਸਭਿਆਚਾਰ ਪ੍ਰੋਗਰਾਮਾ, ਐਨ ਐਸ ਐਸ ਅਤੇ ਭੰਗੜੇ ਦੀ ਟੀਮ ਦੇ ਇਨਚਾਰਜ ਸਨ। ਇਸ ਤੋਂ ਇਲਾਵਾ ਕਾਲਜ ਮੈਗਜ਼ੀਨ ਦੇ ਅੰਗਰੇਜ਼ੀ ਸ਼ੈਕਸ਼ਨ ਦੇ ਸਟਾਫਇਨਚਾਰਜ ਰਹੇ। ਖ਼ੂਨ ਦਾਨ ਦੇ ਕੈਂਪ ਆਯੋਜਤ ਕਰਦੇ ਸਨ। ਇਲਾਕੇ ਵਿਚ ਬਾਲਗ ਵਿਦਿਆ ਦਾ ਪ੍ਰੰਬੰਧ ਵੀ ਕਰਦੇ ਸਨ। ਕਹਿਣ ਤੋਂ ਭਾਵ ਕਾਲਜ ਦੇ ਹਰ ਪ੍ਰੋਗਰਾਮ ਨੂੰ ਉਹ ਅਯੋਜਤ ਕਰਦੇ ਸਨ। ਅਸਲ ਵਿਚ ਉਨ੍ਹਾਂ ਇਕ ਸੰਸਥਾ ਜਿਤਨਾ ਕੰਮ ਕੀਤਾ ਹੈ। ਜਿਸ ਇਲਾਕੇ ਦੇ ਲੋਕਾਂ ਬਾਰੇ ਪੰਜਾਬੀਆਂ ਨੂੰ ਹੰਦੇਸ਼ਾ ਸੀ ਕਿ ਉਨ੍ਹਾਂ ਦਾ ਵਿਵਹਾਰ ਉਚ ਪੱਧਰ ਦਾ ਨਹੀਂ, ਉਸ ਇਲਾਕੇ ਦੇ ਵਿਦਵਾਨ ਪ੍ਰੋ. ਅਛਰੂ ਸਿੰਘ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਤੋਂ ਸੇਵਾ ਮੁਕਤੀ ਤੋਂ ਬਾਅਦ ਦੇਸ਼ ਭਗਤ ਯੂਨੀਵਰਸਿਟੀ ਗੋਬਿੰਦਗੜ੍ਹ ਵਿਖੇ ਹਿਊਮੈਨਟੀਜ਼ ਦੇ ਪ੍ਰੋਫੈਸਰ ਲੱਗ ਗਏ ਅਤੇ ਸਤ ਸਾਲ ਵਿਦਿਆਰਥੀਆਂ ਨੂੰ ਮਨੁਖੀ ਕਦਰਾਂ ਕੀਮਤਾਂ ਬਾਰੇ ਪੜ੍ਹਾਉਂਦੇ ਰਹੇ। ਭਾਵ ਉਨ੍ਹਾਂ ਨੇ ਆਪਣੇ ਜੀਵਨ ਦੇ 43 ਸਾਲ ਸਾਲਵਿਦਿਆ ਵਿਭਾਗ ਨੂੰ ਸਮਰਪਤ ਕੀਤੇ। ਅਛਰੂ ਸਿੰਘ ਦਾ ਜਨਮ ਮੱਧ ਵਰਗੀ ਪਰਿਵਾਰ ਵਿਚ ਸਰਟੀਫੀਕਟਾਂ ਅਨੁਸਾਰ 3 ਮਈ 1948 ਨੂੰ ਹੋਇਆ ਪ੍ਰੰਤੂ ਪਰਿਵਾਰ ਉਨ੍ਹਾਂ ਦੇ ਜਨਮ ਦੀ ਮਿਤੀ 1 ਜਨਵਰੀ 1949 ਦਸ ਰਿਹਾ ਹੈ। ਉਨ੍ਹਾਂ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਖਾਲਸਾ ਹਾਇਰ ਸੈਕੰਡਰੀ ਸਕੂਲ ਮਾਨਸਾ ਤੋਂ ਪ੍ਰਾਪਤ ਕੀਤੀ। ਹਰ ਇਮਤਿਹਾਨ ਵਿਚ ਉਹ ਪਹਿਲੇ ਨੰਬਰ ਤੇ ਆਉਂਦੇ ਰਹੇ। ਉਨ੍ਹਾਂ ਦੇ ਜੀਵਨ ਦੀਆਂ ਕਈ ਗੱਲਾਂ ਵੱਖਰੀਆਂ ਅਤੇ ਵਿਲੱਖਣ ਹਨ। ਉਨ੍ਹਾਂ ਨੇ 1970 ਵਿਚ ਐਮ ਏ ਅੰਗਰੇਜ਼ੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕੀਤੀ। ਨਤੀਜੇ ਤੋਂ ਤੁਰੰਤ ਬਾਅਦ 1970 ਵਿਚ ਹੀ ਨਹਿਰੂ ਮੈਮੋਰੀਅਲ ਕਾਲਜ ਵਿਚ ਲੈਕਚਰਾਰ ਅੰਗਰੇਜ਼ੀ ਨੌਕਰੀ ਜਾਇਨ ਕਰ ਲਈ। ਉਨ੍ਹਾਂ ਦੀ ਕਾਬਲੀਅਤ ਦਾ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਜਿਥੇ ਵੀ ਉਹ ਹੋਰ ਕਈ ਥਾਵਾਂ ਤੇ ਇੰਟਰਵਿਊ ਲਈ ਗਏ ਹਰ ਥਾਂ ਤੇ ਚੁਣੇ ਗਏ। ਉਨ੍ਹਾਂ ਨੇ ਅਖ਼ੀਰ ਆਪਣੇ ਜੱਦੀ ਇਲਾਕੇ ਵਿਚ ਨੌਕਰੀ ਕਰਕੇ ਵਿਦਿਆਰਥੀਆਂ ਦਾ ਭਵਿਖ ਸੁਨਹਿਰਾ ਬਣਾਉਣ ਦਾ ਫੈਸਲਾ ਕਰਕੇ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਵਿਚ ਨੌਕਰੀ ਕਰ ਲਈ।

ਪ੍ਰੋ. ਅਛਰੂ ਸਿੰਘ ਨੇ ਲਗਪਗ70 ਪੁਸਤਕਾਂ ਪ੍ਰਕਾਸ਼ਤ ਕਰਵਾਈਆਂ। ਇਨ੍ਹਾਂ ਵਿਚ ਤਿੰਨ ਦਰਜਨ ਅੰਗਰੇਜ਼ੀ ਦੇ ਮਹਾਨ ਵਿਦਵਾਨਾ ਦੀਆਂ ਪੁਸਤਕਾਂ ਦਾ ਪੰਜਾਬੀ ਵਿਚ ਅਨੁਵਾਦ ਕੀਤਾ, ਤਿੰਨ ਪੰਜਾਬੀ ਦੀਆਂ ਪੁਸਤਕਾਂ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ, ਇਕ ਦਰਜਨ ਅੰਗਰੇਜ਼ੀ ਦੀਆਂ ਪੁਸਤਕਾਂ ਸੰਪਾਦਤ ਕੀਤੀਆਂ, 10 ਪੰਜਾਬੀ ਦੀਆਂ ਮੌਲਿਕ ਪੁਸਤਕਾਂ ਅਤੇ ਦੋ ਹੋਰ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਜਿਨ੍ਹਾਂ ਵਿਚ ਪੰਚਤੰਤਰ ਦੀਆਂ 50 ਚੋਣਵੀਆਂ ਕਹਾਣੀਆਂ ਅਤੇ ਪੁਰਾਤਨ ਭਾਰਤੀ ਕਥਾ ਕਹਾਣੀਆਂ ਸ਼ਾਮਲ ਹਨ। ਪ੍ਰੋ. ਅਛਰੂ ਸਿੰਘ ਦੀਆਂ ਮੌਲਿਕ ਪੁਸਤਕਾਂ ਕੀਟਾ ਆਈ ਰੀਸ ਜੀਵਨੀ, ਜੀਵਨ ਦੇ ਰੰਗ ਵਿਰਸਾ ਅਤੇ ਸਭਿਆਚਾਰ, ਦੇਖਿਆ ਸੁਣਿਆਂ ਅਤੇ ਹੰਢਾਇਆ, ਸਿੱਖ ਧਰਮ ਅਤੇ ਜੀਵਨ ਦਰਸ਼ਨ, ਜੀਵਨ ਬਾਤਾਂ, ਸ਼ਖਸੀਅਤ ਵਿਕਾਸ, ਕੋਮਲ ਹੁਨਰ, ਮਾਨਵੀ ਕਦਰਾਂ ਕੀਮਤਾਂ ਅਤੇ ਚਾਨਣ ਭਰੀ ਚੰਗੇਰ ਹਨ। 20 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਵਿਦਿਅਕ ਕਾਨਫਰੰਸਾਂ ਅਤੇ ਸੈਮੀਨਾਰਾਂ ਵਿਚ ਹਿੱਸਾ ਲਿਆ। ਇਸੇ ਤਰ੍ਹਾਂ 30 ਖ਼ੂਨ ਦਾਨ, ਯੂਥ ਲੀਡਰਸ਼ਿਪ, ਰਾਸ਼ਟਰੀ ਏਕਤਾ ਅਤੇ ਸਮਾਗਮ ਸ਼ਖਸੀਅਤ ਵਿਕਾਸ ਕੈਂਪਾਂ ਦਾ ਆਯੋਜਨ ਕੀਤਾ। 1976 ਵਿਚ ਭਾਰਤ ਸਰਕਾਰ ਦੇ ਯੁਵਕ ਅਤੇ ਸਭਿਆਚਾਰ ਮੰਤਰਾਲੇ ਦੇ ਵੱਖ-ਵੱਖ ਕਲਾਵਾਂ ਅਤੇ ਸਭਿਆਚਾਰਾਂ ਦੀ ਜਾਣਕਾਰੀ ਦੇਣ ਲਈ ਚੰਡੀਗੜ੍ਹ ਵਿਖੇ ਇਕ ਮਹੀਨੇ ਦੇ ਟ੍ਰੇਨਿੰਗ ਕੈਂਪ ਵਿਚ ਹਿੱਸਾ ਲਿਆ। ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਨੇ ਐਨ ਐਸ ਐਸ ਕੌਂਸਲ ਦੇ ਮੈਂਬਰ, ਲੈਂਗੂਏਜ਼ਫੈਕਲਟੀ ਅਤੇ ਬੋਰਡ ਆਫ ਅੰਡਰਗ੍ਰੈਜੂਏਟਸਟੱਡੀਜ਼ ਇਨ ਇੰਗਲਿਸ਼ ਦੇ ਮੈਂਬਰ ਬਣਾਇਆ ਹੋਇਆ ਸੀ। ਉਨ੍ਹਾਂ ਨੂੰ ਕਈ ਸਰਕਾਰੀ ਅਤੇ ਗ਼ੈਰ ਸਰਕਾਰੀ ਸੰਸਥਾਵਾਂ ਵਲੋਂ ਮਾਨ ਸਨਮਾਨ ਵੀ ਮਿਲੇ ਹੋਏ ਹਨ ਜਿਨ੍ਹਾਂ ਵਿਚ ਭਾਸ਼ਾ ਵਿਭਾਗ ਪੰਜਾਬ ਦਾ ਗਿਆਨ ਸਾਹਿਤ ਦਾ ਸ਼੍ਰੋਮਣੀ ਸਾਹਿਤਕਾਰ ਸਨਮਾਨ 2014 ਸਿੱਖ ਧਰਮ ਜੀਵਨ ਅਤੇ ਦਰਸ਼ਨ ਪੁਸਤਕ ਲਈ ਐਮ ਐਸ ਰੰਧਾਵਾ ਗਿਆਨ ਸਾਹਿਤ ਪੁਰਸਕਾਰ ਅਤੇ ਆਪਣੀ ਲੜਕੀ ਕਰਾਂਤੀ ਨਾਲ ਸਾਂਝੀ ਪੁਸਤਕ 'ਕਥਨ ਕੋਸ਼' ਲਈ ਪ੍ਰਿੰਸੀਪਲ ਤੇਜਾ ਪੁਰਸਕਾਰ ਮਹੱਤਵਪੂਰਨ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਪੁਸਤਕਾਂ ਦੇ ਅਨੁਵਾਦ ਲਈ ਵੀ ਕਈ ਸੰਸਥਾਵਾਂ ਨੇ ਸਨਮਾਨ ਕੀਤਾ। ਸਮਾਜ ਸੇਵਾ ਦੀ ਪ੍ਰਵਿਰਤੀ ਕਰਕੇ ਉਨ੍ਹਾਂ ਨੇ ਗ਼ਰੀਬ ਲੜਕੀਆਂ ਦੇ ਵਿਆਹਾਂ ਵਿਚ ਵੱਡਾ ਯੋਗਦਾਨ ਪਾਇਆ ਜਿਸ ਕਰਕੇ ਵੀ ਸਨਮਾਨ ਕੀਤੇ ਗਏ। ਸ਼ਹੀਦ ਭਗਤ ਸਿੰਘ ਕਲਾ ਮੰਚ ਨੇ ਉਨ੍ਹਾਂ ਦੇ ਪਿੰਡ ਉਭਾ ਦਾ ਨਾਮ ਰੌਸ਼ਨ ਕਰਨ ਕਰਕੇ ਸਨਮਾਨ ਕੀਤਾ। ਆਜ਼ਾਦ ਸ਼ੋਸਲਵੈਲਫੇਅਰਕਲਬ ਮਾਨਸਾ ਨੇ ਪੰਜਾਬ ਰਤਨ ਪੁਰਸਕਾਰ , ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਦੀ ਓਲਡ ਸਟੂਡੈਂਟਸਐਸੋਸੀਏਸ਼ਨ ਨੇ ਪ੍ਰਾਈਡ ਆਫ ਦਾ ਆਲਮਾਮਾਟੇ ਅਵਾਰਡ, ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਨੇ ਸਰਟੀਫੀਕੇਟ ਆਫ ਆਨਰ, ਮਲਵਈ ਪੰਜਾਬੀ ਸੱਥ ਮੰਡੀ ਕਲਾਂ ਬਠਿੰਡਾ ਨੇ ਭਾਈ ਕਾਹਨ ਸਿੰਘ ਨਾਭਾ ਪੁਰਸਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਨ ਐਸ ਐਸ ਵਿਭਾਗ ਨੇ ਜੀਵਨ ਗੌਰਵ ਪੁਰਸਕਾਰ, ਪੰਜਾਬ ਮੀਡੀਆ ਅਕਾਡਮੀ ਨੇ ਪੰਜਾਬ ਸੇਵਾ ਰਤਨ ਅਵਾਰਡ, ਗਿਆਨਦੀਪ ਸਾਹਿਤ ਸਾਧਨਾ ਮੰਚ ਪਟਿਆਲਾ ਨੇ ਸਨਮਾਨ, ਆਰਟ ਕਲੱਬ ਮੰਡੀ ਗੋਬਿੰਦਗੜ੍ਹ ਨੇ ਕਲਮ ਅਵਾਰਡ ਅਤੇ ਦੇਸ਼ ਭਗਤ ਯੂਨੀਵਰਸਿਟੀ ਗੋਬਿੰਦਗੜ੍ਹ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਵੇਂ ਪੁਰਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਵ ਤੇ ਸਨਮਾਨਤ ਕੀਤਾ। ਉਨ੍ਹਾਂ ਨੇ ਇਕ ਦਰਜਨ ਦੇਸਾਂ ਦਾ ਸੈਰ ਸਪਾਟਾ ਵੀ ਕੀਤਾ, ਜਿਸ ਕਰਕੇ ਉਨ੍ਹਾਂ ਦੇ ਗਿਆਨ ਵਿਚ ਵਾਧਾ ਹੋਇਆ। ਉਨ੍ਹਾਂ ਦੇ ਅਖ਼ਬਾਰਾਂ ਵਿਚ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਨੈਤਿਕਤਾ ਦੇ ਵਿਸ਼ਿਆਂ ਤੇ ਲੇਖ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਪ੍ਰੋ. ਅਛਰੂ ਸਿੰਘ ਦੇ ਵਿਅਕਤਤਿਵ ਦਾ ਉਨ੍ਹਾਂ ਦੇ ਪੂਰੇ ਪਰਿਵਾਰ ਤੇ ਗਹਿਰਾ ਪ੍ਰਭਾਵ ਪਿਆ ਜਿਸ ਕਰਕੇ ਉਨ੍ਹਾਂ ਲੜਕਾ ਪ੍ਰਿਸੀਪਲਧਰਮਿੰਦਰ ਸਿੰਘ ਉਭਾ ਨੂੰਹ ਪੋਤਰੀ ਸਾਰੇ ਹੀ ਆਪੋ ਆਪਣੇ ਖੇਤਰ ਵਿਚ ਨਾਮਣਾ ਖੱਟ ਰਹੇ ਹਨ ਅਤੇ ਪੰਜਾਬੀ ਤੇ ਅੰਗਰੇਜ਼ੀ ਦੇ ਲਿਖਾਰੀ ਹਨ। ਪ੍ਰੋ. ਅਛਰੂ ਸਿੰਘ ਦੀਆਂ ਰਚਨਾਵਾਂ ਤੇ ਸਾਂਝੇ ਤੌਰ ਪੀ ਐਚ ਡੀ ਅਤੇ ਐਮ ਫਿਲ ਦੀਆਂ ਖੋਜਾਂ ਵੀ ਕੀਤੀਆਂ ਗਈਆਂ ਹਨ। ਉਨ੍ਹਾਂ ਦੀ ਜ਼ਿੰਦਗੀ ਦੀਆਂ ਪ੍ਰਾਪਤੀਆਂ ਤੇ ਇਕ ਪੁਸਤਕ ਵੀ ਲਿਖੀ ਗਈ ਹੈ।

# ਰਾਜਸਥਾਨ ਵਿੱਚ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਦੀ ਪ੍ਰਚੀਨ ਕਲਾ : ਕੁੰਡ



ਜਗਤਾਰ ਸਮਾਲਸਰ
ਏਲਨਾਬਾਦ,ਜ਼ਿਲ੍ਹਾ ਸਿਰਸਾ
(ਹਰਿਆਣਾ )
ਸੰਪਰਕ--94670-95953



ਰਾਜਸਥਾਨ ਦਾ ਥਾਰ ਮਾਰੂਥਲ ਖੇਤਰ ਪਾਣੀ ਦੀ ਵੱਡੀ ਕਿੱਲਤ ਵਾਲਾ ਖੇਤਰ ਹੈ। ਇਸ ਖੇਤਰ ਵਿੱਚ ਘੱਟ ਵਰਖ਼ਾ ਹੋਣ ਅਤੇ ਧਰਤੀ ਹੇਠਲਾ ਪਾਣੀ ਪੀਣ ਯੋਗ ਨਾ ਹੋਣ ਕਾਰਨ ਇੱਥੇ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਦੀਆਂ ਪ੍ਰਚੀਨ ਕਾਲ ਤੋਂ ਹੀ ਅਨੇਕ ਵਿਧੀਆਂ ਨੂੰ ਅਪਣਾਇਆ ਜਾ ਰਿਹਾ ਹੈ। ਇਨ੍ਹਾਂ ਵਿਧੀਆਂ ਵਿੱਚ ਹੀ ਮੀਂਹ ਦੇ ਪਾਣੀ ਦੀ ਸੰਭਾਲ ਕਰਨ ਲਈ ਕੁੰਡ ਵੀ ਬਣਾਏ ਜਾਂਦੇ ਹਨ। ਰਾਜਸਥਾਨ ਵਿੱਚ ਕਲਾ ਦੇ ਪ੍ਰੇਮੀ ਰਾਜਿਆਂ-ਮਹਾਰਾਜਿਆਂ,ਸੇਠ,ਸਾਹੂਕਾਰਾਂ ਨੇ ਆਪਣੇ ਪੁਰਖਿਆਂ ਦੀ ਯਾਦ ਵਿੱਚ ਵੀ ਅਜਿਹੇ ਕੁੰਡਾਂ ਦਾ ਨਿਰਮਾਣ ਕਰਵਾਇਆ ਹੈ।

ਰਾਜਸਥਾਨ ਵਿੱਚ ਕੁੰਡ ਨਿਰਮਾਣ ਦਾ ਇਤਿਹਾਸ ਬਹੁਤ ਹੀ ਪੁਰਾਣਾ ਹੈ। ਇਤਿਹਾਸਕਾਰਾਂ ਅਨੁਸਾਰ ਸਭ ਤੋਂ ਪਹਿਲਾ ਕੁੰਡ ਸੰਨ 1607 ਵਿੱਚ ਰਾਜਾ ਸੂਰ ਸਿੰਘ ਨੇ ਬਣਵਾਇਆ ਸੀ। ਜੋਧਪੁਰ ਦੇ ਮਹਿੰਦਰਗੜ੍ਹ ਕਿਲੇ ਵਿੱਚ ਵੀ ਸੰਨ 1759 ਵਿੱਚ ਮਹਾਰਾਜ ਉਦੇ ਸਿੰਘ ਨੇ ਅਜਿਹੇ ਕੁੰਡ ਦਾ ਨਿਰਮਾਣ ਕਰਵਾਇਆ ਸੀ। ਸੰਨ 1895-96 ਵਿੱਚ ਮਹਾਂਕਾਲ ਦੇ ਸਮੇ ਅਜਿਹੇ ਕੁੰਡ ਵੱਡੇ ਪੱਧਰ ਤੇ ਬਣਾਏ ਗਏ ਸਨ। ਰਾਜਸਥਾਨ ਵਿੱਚ ਸਭ ਤੋਂ ਵੱਡਾ ਕੁੰਡ ਕਰੀਬ 350 ਸਾਲ ਪਹਿਲਾ ਜੈਪੁਰ ਦੇ ਜੈਗੜ੍ਹ ਕਿਲੇ ਵਿੱਚ ਬਣਵਾਇਆ ਗਿਆ। ਜਿਸਦੀ ਸਮਰੱਥਾ ਲੱਗਭੱਗ ਤਿੰਨ ਕਰੋੜ ਲੀਟਰ ਪਾਣੀ ਸੰਭਾਲਣ ਦੀ ਸੀ। ਰਾਜਸਥਾਨ ਦੇ ਬਹੁਤੇ ਖੇਤਰ ਵਿੱਚ ਜਿੱਥੇ ਧਰਤੀ ਹੇਠਲਾ ਪਾਣੀ ਖਾਰਾ ਹੈ ਉਨ੍ਹਾਂ ਇਲਾਕਿਆਂ ਵਿੱਚ ਕੁੰਡਾਂ ਦਾ ਨਿਰਮਾਣ ਅੱਜ ਵੀ ਵੱਡੇ ਪੱਧਰ ਤੇ ਹੁੰਦਾ ਹੈ। ਇਹ ਕੁੰਡ ਵਿਅਕਤੀਗਤ ਜਾਂ ਸਾਂਝੇ ਪੱਧਰ ਤੇ ਬਣਾਏ ਜਾਂਦੇ ਹਨ। ਕਈ ਗਰੀਬ ਪਰਿਵਾਰ ਮਿਲਕੇ ਕੁੰਡ ਦਾ ਨਿਰਮਾਣ ਕਰ ਲੈਂਦੇ ਹਨ। ਸਾਂਝੇ ਕੁੰਡ ਪੰਚਾਇਤੀ ਜ਼ਮੀਨ ਤੇ ਬਣਾਏ ਜਾਂਦੇ ਹਨ। ਸਮਰੱਥ ਪਰਿਵਾਰ ਆਪਣੇ ਘਰਾਂ ਵਿੱਚ ਜਾਂ ਖੇਤਾਂ ਵਿੱਚ ਖੁਦ ਵੀ ਕੁੰਡਾਂ ਦਾ ਨਿਰਮਾਣ ਕਰਦੇ ਹਨ।

ਬਣਾਵਟ--ਕੁੰਡ ਧਰਤੀ ਵਿੱਚ ਬਣਾਇਆ ਜਾਣ ਵਾਲਾ ਇੱਕ ਤਰ੍ਹਾਂ ਦਾ ਖੂਹ ਹੁੰਦਾ ਹੈ। ਇਸਦੇ ਆਸਪਾਸ ਦੇ ਖੇਤਰ ਨੂੰ ਕੁੰਡ ਵੱਲ ਢਾਲੂ ਰੱਖਿਆ ਜਾਂਦਾ ਹੈ ਤਾਂ ਜੋ ਮੀਂਹ ਦਾ ਪਾਣੀ ਆਸਾਨੀ ਨਾਲ ਕੁੰਡ ਵੱਲ ਆ ਸਕੇ। ਕੁੰਡ ਵਿੱਚ ਤਿੰਨ-ਚਾਰ ਵੱਡੇ ਸੁਰਾਖ਼ ਰੱਖੇ ਜਾਂਦੇ ਹਨ ਜਿਨ੍ਹਾਂ ਰਾਹੀ ਵਰਖ਼ਾ ਦਾ ਪਾਣੀ ਕੁੰਡ ਵਿੱਚ ਪ੍ਰਵੇਸ਼ ਕਰਦਾ ਹੈ। ਇਨ੍ਹਾਂ ਸੁਰਾਖ਼ਾਂ ਵਿੱਚ ਇੱਕ ਵਿਸ਼ੇਸ ਪ੍ਰਕਾਰ ਦੀ ਜਾਲੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿ ਪਾਣੀ ਨਾਲ ਮਿੱਟੀ ਅਤੇ ਹੋਰ ਕੱਖ ਅੰਦਰ ਨਾ ਜਾ ਸਕੇ। ਇੱਕ ਪਾਸੇ ਪਾਣੀ ਦੀ ਨਿਕਾਸੀ ਲਈ ਛੋਟਾ ਗੇਟ ਬਣਾਇਆ ਜਾਂਦਾ ਹੈ ਤਾਂ ਕਿ ਪਾਣੀ ਜ਼ਿਆਦਾ ਭਰ ਜਾਣ ਤੋਂ ਬਾਅਦ ਬਾਹਰ ਨਿਕਲ ਸਕੇ। ਕੁੰਡ ਵਿੱਚੋਂ ਪਾਣੀ ਕੱਢਣ ਲਈ ਕੁੰਡ ਦੀ ਛੱਤ ਤੇ ਇੱਕ ਛੋਟਾ ਜਿਹਾ ਢੱਕਣ ਲਗਾਇਆ ਜਾਂਦਾ ਹੈ ਜਿਸਨੂੰ ਖੋਲ੍ਹਕੇ ਬਾਲਟੀ ਅਤੇ ਰੱਸੇ ਦੀ ਸਹਾਇਤਾ ਨਾਲ ਪਾਣੀ ਬਾਹਰ ਕੱਢਿਆ ਜਾਂਦਾ ਹੈ। ਕੁੰਡ ਦੇ ਮੂੰਹ ਚੂਨੇ ਦੇ ਪੱਥਰ ਜਾਂ ਸੀਮੇਂਟ ਦੀ ਪੱਕੀ ਲੇਪ ਕੀਤੀ ਜਾਂਦੀ ਹੈ।

ਰਾਜਸਥਾਨ ਭਾਰਤ ਦਾ ਇੱਕ ਅਜਿਹਾ ਸੂਬਾ ਹੈ ਜਿੱਥੇ ਵਰਖ਼ਾ ਕਾਫੀ ਘੱਟ ਹੁੰਦੀ ਹੈ। ਰਾਜਸਥਾਨ ਦੇ ਹਨੂੰਮਾਨਗੜ੍ਹ ਅਤੇ ਗੰਗਾਨਗਰ ਜ਼ਿਲ੍ਹਿਆਂ ਨੂੰ ਛੱਡਕੇ ਹੋਰ ਕਿਸੇ ਵੀ ਜ਼ਿਲ੍ਹੇ ਵਿੱਚ ਟਿਊਬਵੈੱਲ ਨਹੀ ਹਨ। ਇਨ੍ਹਾਂ ਜ਼ਿਲ੍ਹਿਆਂ ਦਾ ਵੀ ਬਹੁਤਾ ਹਿੱਸਾ ਅਜਿਹਾ ਹੈ ਜੋ ਟਿਊਬਵੈੱਲਾਂ ਤੋਂ ਵਿਰਵਾ ਹੈ। ਪ੍ਰਦੇਸ਼ ਦੇ ਜਿਨ੍ਹਾਂ ਜ਼ਿਲ੍ਹਿਆ ਵਿੱਚ ਵਰਖ਼ਾ ਬਹੁਤ ਹੀ ਘੱਟ ਹੁੰਦੀ ਹੈ ਅਤੇ ਧਰਤੀ ਹੇਠਲਾ ਪਾਣੀ ਵੀ ਪੀਣ ਲਾਇਕ ਨਹੀ ਹੈ ਉਨ੍ਹਾਂ ਜ਼ਿਲ੍ਹਿਆਂ ਵਿੱਚ ਇੱਥੋਂ ਦੇ ਪੇਂਡੂ ਲੋਕਾਂ ਵਲੋਂ ਆਪਣੀ ਗੁਜ਼ਾਰੇ ਜੋਗੀ ਖੇਤੀ ਕਰਨ ਅਤੇ ਪੀਣ ਲਈ ਪਾਣੀ ਦਾ ਪ੍ਰਬੰਧ ਕਰਨ ਲਈ ਆਪਣੇ - ਆਪਣੇ ਖੇਤਾਂ ਵਿੱਚ ਮੀਂਹ ਦੇ ਪਾਣੀ ਨੂੰ ਸੰਭਾਲਣ ਲਈ ਕੁੰਡ ਬਣਾਏ ਜਾਂਦੇ ਹਨ। ਰਾਜਸਥਾਨ ਦੇ ਜੈਪੁਰ, ਜੋਧਪੁਰ, ਬਾੜਮੇਰ, ਜੈਸਲਮੇਰ, ਚੁਰੂ, ਨਾਗੌਰ, ਬੀਕਾਨੇਰ ਸਹਿਤ ਅਨੇਕ ਜ਼ਿਲ੍ਹਿਆਂ ਵਿੱਚ ਇਹ ਕੁੰਡ ਵੱਡੀ ਸੰਖਿਆ ਵਿੱਚ ਬਣੇ ਹੋਏ ਹਨ। ਇਨ੍ਹਾਂ ਕੁੰਡਾਂ ਨੂੰ ਬਹੁਤ ਹੀ ਵਧੀਆ ਤਕਨੀਕ ਨਾਲ ਬਣਾਇਆ ਜਾਂਦਾ ਹੈ ਤਾਂ ਕਿ ਮੀਂਹ ਦਾ ਪਾਣੀ ਬਿਲਕੁਲ ਵੀ ਖਰਾਬ ਨਾ ਹੋਵੇ। ਵਰਖ਼ਾ ਇਨ੍ਹਾਂ ਲੋਕਾਂ ਲਈ ਕਿਸੇ ਵਰਦਾਨ ਤੋਂ ਘੱਟ ਨਹੀ ਹੈ। ਵੈਸੇ ਤਾਂ ਰਾਜਸਥਾਨ ਦੇ ਪੇਂਡੂ ਇਲਾਕਿਆਂ ਵਿੱਚ ਲੋਕਾਂ ਵਿੱਚ ਆਪਣੇ ਖੇਤਾਂ ਅਤੇ ਘਰਾਂ ਵਿੱਚ ਬਣਾਏ ਗਏ ਕੁੰਡਾਂ ਦੀ ਸਾਫ਼-ਸਫ਼ਾਈ ਦਾ ਧਿਆਨ ਪੂਰਾ ਸਾਲ ਹੀ ਰੱਖਿਆ ਜਾਂਦਾ ਹੈ ਪਰ ਮਾਨਸੂਨ ਦੀ ਰੁੱਤ ਵਿੱਚ ਇਨ੍ਹਾਂ ਕੁੰਡਾਂ ਦਾ ਵਿਸ਼ੇਸ ਧਿਆਨ ਰੱਖਿਆ ਜਾਂਦਾ ਹੈ ਅਤੇ ਇਨ੍ਹਾਂ ਕੁੰਡਾਂ ਦੀ ਚਾਰ-ਚੁਫੇਰੇ ਸਫ਼ਾਈ ਕਰਨ ਦੇ ਨਾਲ-ਨਾਲ ਹੀ ਕੁੰਡਾਂ ਨੂੰ ਅੰਦਰੋਂ ਵੀ ਚੰਗੀ ਤਰ੍ਹਾਂ ਸਾਫ਼ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਕਾਰਨ ਵਰਖ਼ਾ ਦੇ ਦਿਨਾਂ ਵਿੱਚ ਕੁੰਡਾਂ ਵਿੱਚ ਜਮ੍ਹਾ ਕੀਤਾ ਗਿਆ ਪਾਣੀ ਖਰਾਬ ਨਾ ਹੋਵੇ। ਕੁੰਡ ਦੇ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਇਨ੍ਹਾਂ ਕੁੰਡਾਂ ਵਿੱਚ ਸੀਮਤ ਮਾਤਰਾ ਵਿੱਚ ਫਟਕੜੀ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

ਇਸ ਪਾਣੀ ਦੀ ਵਰਤੋਂ ਰਾਜਸਥਾਨ ਦੇ ਪੇਂਡੂ ਇਲਾਕਿਆ ਵਿੱਚ ਪੂਰਾ-ਪੂਰਾ ਸਾਲ ਤੱਕ ਕੀਤੀ ਜਾਂਦੀ ਹੈ। ਕਈ ਇਲਾਕਿਆਂ ਵਿੱਚ ਕੁੰਡਾਂ ਦੇ ਇਸ ਪਾਣੀ ਨਾਲ ਥੋੜੀ-ਬਹੁਤੀ ਖੇਤੀ ਵੀ ਕੀਤੀ ਜਾਂਦੀ ਹੈ।

ਜਿਹੜੇ ਕਿਸਾਨ ਆਪਣੇ ਖੇਤਾਂ ਵਿੱਚ ਖੁਦ ਕੁੰਡ ਦਾ ਨਿਰਮਾਣ ਨਹੀ ਕਰਵਾ ਸਕਦੇ ਉਨ੍ਹਾਂ ਕਿਸਾਨਾਂ ਨੂੰ ਰਾਜਸਥਾਨ ਸਰਕਾਰ ਵਲੋਂ ਕੁੰਡ ਬਣਾਉਣ ਲਈ ਆਰਥਿਕ ਸਹਾਇਤਾ ਰਾਸ਼ੀ ਮੁਹੱਈਆ ਕਰਵਾਈ ਜਾਂਦੀ ਹੈ। ਸਰਕਾਰ ਵਲੋਂ ਇਹ ਸਹਾਇਤਾ ਰਾਸ਼ੀ ਅਨੁਸੂਚਿਤ ਜਾਤੀ,ਘੱਟ ਗਿਣਤੀਆਂ ਜਾਂ ਹੋਰ ਪਿਛੜੀਆਂ ਜਾਤੀਆਂ ਜਾਂ ਬੀ ਪੀ ਐਲ ਪਰਿਵਾਰਾਂ ਨੂੰ ਦਿੱਤੀ ਜਾਂਦੀ ਹੈ। ਰਾਜਸਥਾਨ ਸਰਕਾਰ ਦੇ ਆਦੇਸ਼ ਅਨੁਸਾਰ ਇਸ ਯੋਜਨਾ ਦਾ ਪੂਰਾ ਵੇਰਵਾ ਪਿੰਡਾਂ ਦੀਆਂ ਗਰਾਮ ਪੰਚਾਇਤਾਂ ਕੋਲ ਹੁੰਦਾ ਹੈ। ਗਰਾਮ ਪੰਚਾਇਤਾਂ ਵਲੋਂ ਮਤਾ ਪਾਸ ਕਰਕੇ ਸਰਕਾਰ ਨੂੰ ਭੇਜਿਆ ਜਾਂਦਾ ਹੈ ਇਸੇ ਤਹਿਤ ਹੀ ਕੁੰਡ ਦਾ ਨਿਰਮਾਣ ਹੁੰਦਾ ਹੈ।

ਨਰੇਗਾ ਵਿੱਚ ਕੰਮ ਕਰਨ ਵਾਲੇ ਲੋਕਾਂ ਅਤੇ ਬੀ ਪੀ ਐਲ ਪਰਿਵਾਰਾਂ ਨੂੰ ਸਰਕਾਰ ਦੀ ਇਸ ਯੋਜਨਾ ਦਾ ਲਾਭ ਪਹਿਲ ਦੇ ਆਧਾਰ ਤੇ ਮਿਲ ਜਾਂਦਾ ਹੈ। ਇਸ ਯੋਜਨਾ ਤਹਿਤ ਗਰੀਬ ਪਰਿਵਾਰਾਂ ਨੂੰ ਕੁੰਡ ਦੇ ਨਿਰਮਾਣ ਲਈ ਇੱਕ ਲੱਖ ਰੁਪਏ ਤੋਂ ਲੈ ਕੇ ਇੱਕ ਲੱਖ ਚਾਲੀ ਹਜ਼ਾਰ ਤੱਕ ਦੀ ਆਰਥਿਕ ਸਹਾਇਤਾ ਰਾਸ਼ੀ ਮਿਲਦੀ ਹੈ। ਰਾਜਸਥਾਨ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਕੁੰਡ ਨਿਰਮਾਣ ਯੋਜਨਾ ਦਾ ਮੁੱਖ ਮਕਸਦ ਸੂਬੇ ਵਿੱਚ ਅਜਿਹੇ ਪੇਂਡੂ ਇਲਾਕਿਆਂ ਜਿਨ੍ਹਾਂ ਵਿੱਚ ਵਰਖ਼ਾ ਘੱਟ ਹੁੰਦੀ ਹੈ ਅਤੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਵੀ ਸਮੱਸਿਆ ਆਉਦੀ ਹੈ ਉਨ੍ਹਾਂ ਖੇਤਰਾਂ ਵਿੱਚ ਪਾਣੀ ਸਬੰਧੀ ਸਮੱਸਿਆ ਨੂੰ ਦੂਰ ਕਰਨਾ ਹੈ।

ਰਾਜਸਥਾਨ ਦੇ ਅਜਿਹੇ ਖੇਤਰ ਵਿੱਚ ਜਾ ਕੇ ਆਮ ਲੋਕਾਂ ਨੂੰ ਪਾਣੀ ਦੀ ਅਹਿਮੀਅਤ ਦਾ ਅਹਿਸਾਸ ਹੁੰਦਾ ਹੈ। ਜਿੱਥੇ ਦੇਸ ਦੇ ਬਹੁਤੇ ਸੂਬਿਆਂ ਵਿੱਚ ਧਰਤੀ ਹੇਠਲੇ ਪਾਣੀ ਜਾਂ ਮੀਂਹ ਦੇ ਪਾਣੀ ਦੀ ਸੁਚੱਜੀ ਵਰਤੋਂ ਬਿਲਕੁਲ ਵੀ ਨਹੀ ਕੀਤੀ ਜਾਂਦੀ ਉੱਥੇ ਹੀ ਰਾਜਸਥਾਨ ਦੇ ਅਜਿਹੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ ਮੀਂਹ ਦੇ ਪਾਣੀ ਸੰਭਾਲ ਬਹੁਤ ਹੀ ਵਧੀਆ ਢੰਗ ਨਾਲ ਕਰਦੇ ਹਨ। ਦੇਸ ਦੇ ਜਿਨ੍ਹਾਂ ਸੂਬਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘੱਟਦਾ ਜਾ ਰਿਹਾ ਹੈ ਉਨ੍ਹਾਂ ਸੂਬਿਆਂ ਵਿੱਚ ਵੀ ਆਮ ਲੋਕ ਜੇਕਰ ਜਾਗਰੂਕ ਹੋ ਕੇ ਮੀਂਹ ਦੇ ਪਾਣੀ ਦੀ ਸੁਚੱਜੀ ਸੰਭਾਲ ਕਰਨ ਲਈ ਅਜਿਹੇ ਕੁੰਡਾਂ ਦਾ ਨਿਰਮਾਣ ਕਰਨ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਸਾਬਤ ਹੋਵੇਗੀ।



# ਮੂਲ ਨਿਵਾਸੀਆਂ ਦਾ ਨਰਸੰਘਾਰ



ਗੁਰਮੀਤ ਕੜਿਆਲਵੀ



"ਕੈਮਲੂਪਸ" ਸ਼ਬਦ ਨਾਲ ਪਹਿਲਾ ਵਾਹ ਸਾਡੇ ਵੱਡੇ ਨਾਟਕਕਾਰ ਡਾ ਆਤਮਜੀਤ ਦੇ ਨਾਟਕ "ਕੈਮਲੂਪਸ ਦੀਆਂ ਮੱਛੀਆਂ" ਨਾਲ ਪਿਆ ਸੀ। ਉਦੋਂ ਹੈਰਾਨ ਹੋ ਕੇ ਪੁਛੀਦਾ ਸੀ, "ਇਹ ਭਲਾ ਕੀ ਨਾਂ ਹੋਇਆ ?" ਹੁਣ ਇਸ ਸ਼ਹਿਰ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ।

ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕੈਮਲੂਪਸ ਸ਼ਹਿਰ ਵਿੱਚ ਬੰਦ ਪਏ ਕੈਂਪਲੂਪਸ ਇੰਡੀਅਨ ਰੈਜੀਡੈਂਸ਼ਲ ਸਕੂਲ ਵਿਚੋਂ 215 ਬੱਚਿਆਂ ਦੇ ਪਿੰਜਰ ਮਿਲਣ ਦੀਆਂ ਖਬਰਾਂ ਨੇ ਦੁਨੀਆ ਨੂੰ ਹਿਲਾਇਆ ਹੈ। ਇਸ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਨੁਸਾਰ ਇਸ ਘਟਨਾ ਨੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਉਸਨੇ ਇਸ ਨੂੰ "ਸ਼ਰਮਨਾਕ ਅਧਿਆਏ" ਆਖਿਆ ਹੈ। ਕੀ ਪ੍ਰਧਾਨ ਮੰਤਰੀ ਦੇ ਇੰਨਾ ਆਖ ਦੇਣ ਨਾਲ ਦੁਨੀਆ ਦੇ ਸੱਭਿਅਕ ਕਹਾਉਂਦੇ ਰਾਸ਼ਟਰ ਦੇ ਮੱਥੇ 'ਤੋਂ ਨਰਸੰਘਾਰ ਦਾ ਕਲੰਕ ਲਹਿ ਜਾਵੇਗਾ।

ਕਿਹਾ ਜਾਂਦਾ ਹੈ ਕਿ ਉਨੀਵੀਂ ਸਦੀ ਦੇ ਅੱਧ ਤੋਂ ਲੈ ਕੇ ਵੀਹਵੀਂ ਸਦੀ ਦੇ ਅਖੀਰਲੇ ਵਰ੍ਹੇ ਤੱਕ ਡੇਢ ਲੱਖ ਤੋਂ ਵੀ ਵੱਧ ਰੈੱਡ ਇੰਡੀਅਨ ਬੱਚੇ ਉਹਨਾਂ ਦੇ ਪਰਿਵਾਰਾਂ ਤੋਂ ਜਬਰਦਸਤੀ ਖੋਹ ਕੇ ਰੈਜੀਡੈਂਸ਼ਲ ਸਕੂਲਾਂ 'ਚ ਰੱਖੇ ਗਏ। ਇਹ ਸਭ "ਸਭਿਆਚਾਰਕ ਨਰਸੰਘਾਰ" ਦੀ ਨੀਤੀ ਤਹਿਤ ਕੀਤਾ ਗਿਆ। ਇਹਨਾਂ ਸਕੂਲਾਂ ਵਿਚ ਬੱਚਿਆਂ ਨੂੰ ਉਹਨਾਂ ਦੀ ਆਪਣੀ ਮਾਂ ਬੋਲੀ ਬੋਲਣ ਦੀ ਮਨਾਹੀ ਸੀ। ਉਹਨਾਂ ਨੂੰ ਆਪਣਾ ਸਭਿਆਚਾਰ, ਰਸਮੋ ਰਿਵਾਜ, ਰਹੁ ਰੀਤਾਂ ਕਰਨ ਤੋਂ ਰੋਕ ਦਿੱਤਾ ਜਾਂਦਾ। ਉਹਨਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾਂਦਾ ਤੇ ਗਾਹਲਾਂ ਕੱਢੀਆਂ ਜਾਂਦੀਆਂ। ਪਸ਼ੂਆਂ ਜਿਹਾ ਵਿਹਾਰ ਹੁੰਦਾ ਸੀ।

ਜਿਹੜਾ ਸਕੂਲ ਚਰਚਾ 'ਚ ਹੈ, ਉਹ 1890 'ਚ "ਸ਼ਾਂਤੀ ਦੇ ਪੁਜਾਰੀ" ਰੋਮਨ ਕੈਥੋਲਿਕਾਂ ਨੇ ਆਪਣੇ ਪ੍ਰਬੰਧਾਂ ਅਧੀਨ ਸ਼ੁਰੂ ਕੀਤਾ ਸੀ। 1969 'ਚ ਸਰਕਾਰ ਨੇ ਆਪਣੇ ਹੱਥਾਂ 'ਚ ਲੈ ਲਿਆ ਤੇ 1978 'ਚ ਬੰਦ ਕਰ ਦਿੱਤਾ ਸੀ।

ਜੂਨ 2019 'ਚ ਕਨੇਡਾ ਗਿਆ ਤਾਂ ਬੜੇ ਸੰਖੇਪ ਸਮੇਂ ਲਈ ਕਹਾਣੀਕਾਰ ਗੁਰਮੀਤ ਪਨਾਗ ਕੋਲ ਬਰੈਟਫੋਰਡ ਜਾਣ ਦਾ ਸਬੱਬ ਬਣਿਆ। ਗੁਰਮੀਤ ਨੇ ਕਾਹਲੀ ਕਾਹਲੀ ਟੈਲੀਫੋਨ ਦੇ ਖੋਜਕਰਤਾ ਗ੍ਰਾਹਮ ਬੈੱਲ ਦਾ ਘਰ ਦਿਖਾਇਆ। ਬੈੱਲ ਦੇ ਘਰੋਂ ਚੱਲ ਕੇ ਅਸੀਂ ਵਾਪਸ ਗੁਰਮੀਤ ਦੇ ਘਰ ਆ ਰਹੇ ਸਾਂ ਤਾਂ ਉਸਨੇ ਜੈਂਗ ਭਾਅ ਨੂੰ ਕਹਿ ਕੇ ਗੱਡੀ ਕਨੇਡੀਅਨ ਮੂਲ ਨਿਵਾਸੀਆਂ, ਜਿੰਨਾ ਨੂੰ ਫਸਟ ਨੇਸ਼ਨ ਤੇ ਆਪਣੇ ਵਾਲੇ "ਤਾਏ ਕੇ" ਆਖਦੇ ਹਨ ਦੇ ਏਰੀਏ ਵੱਲ ਕਰ ਲਈ। ਇਹ ਫਸਟ ਨੇਸ਼ਨ ਵਾਲਿਆਂ ਲਈ ਰੀਜਰਵ ਏਰੀਆ ਹੈ। ਆਮ ਲੋਕ ਇਹਨਾਂ ਨਾਲ ਮਿਲਣਾ ਜੁਲਣਾ ਜਾਂ ਗੱਲ ਕਰਨਾ ਤਾਂ ਇਕ ਪਾਸੇ, ਇਸ ਪਾਸੇ ਜਾਣੋ ਵੀ ਤ੍ਰਹਿੰਦੇ ਹਨ।

ਗੁਰਮੀਤ ਨੇ ਹਿੰਮਤ ਤੇ ਹੌਂਸਲਾ ਕਰਕੇ ਗੱਡੀ ਫਸਟ ਨੇਸ਼ਨ ਦੇ ਘਰ ਅੱਗੇ ਰੁਕਵਾ ਲਈ। ਮੈਂ ਘਰਾਂ ਵੱਲ ਨਿਗ੍ਹਾਹ ਮਾਰੀ--ਛੋਟੇ ਛੋਟੇ ਡੱਬਿਆਂ ਜਿਹੇ। ਭੱਦੇ ਤੇ ਸਾਫ ਸਫਾਈ ਤੇ ਸਹੂਲਤਾਂ ਤੋਂ ਸੱਖਣੇ। ਪਿੰਡਾਂ ਦੇ ਗਰੀਬਾਂ ਦੇ ਕੱਚੇ-ਪੱਕੇ ਖਸਤਾ ਹਾਲ ਘਰਾਂ ਵਰਗੇ ਜਿੰਨਾਂ 'ਚ ਭੇਡ ਬੱਕਰੀਆਂ, ਕੁੱਕੜ ਕੁਕੜੀਆਂ ਤੇ ਸਾਰਾ ਪਰਿਵਾਰ ਇਕ ਛੱਤ ਥੱਲੇ ਹੀ ਰਹਿੰਦਾ ਹੈ।

ਸਾਰਿਆਂ ਦੇ ਦਿਲ ਧੜਕ ਰਹੇ ਸਨ। ਸੁਨਣ 'ਚ ਆਇਆ ਕਿ ਇਹ "ਅਸੱਭਿਅਕ ਲੋਕ" ਅਹਿੰਸਕ ਵੀ ਹੋ ਜਾਂਦੇ ਹਨ--ਪਤਾ ਨਹੀਂ ਸੱਚ ਸੀ ਜਾਂ ਝੂਠ। ਆਪਣੇ ਦੇਸ਼ ਦਾ ਗਰੀਬ ਗੁਰਬਾ ਵੀ ਤਾਂ ਸੱਭਿਅਕ ਨਹੀਂ ਹੈ ਨਾ। ਵੱਡੇ ਲੋਕ ਇਹਨਾਂ ਨੂੰ ਕਿਹੜਾ ਮੂੰਹ ਲਾਉਂਦੇ ਹਨ ?

ਜਕਦਿਆਂ ਜਕਾਉਂਦਿਆਂ ਗੁਰਮੀਤ ਪਨਾਗ ਨੇ ਉਹਨਾਂ ਔਰਤਾਂ ਨਾਲ ਗੱਲ ਕਰ ਲਈ।

"ਇਹ ਲੇਖਕ ਹੈ। ਸਾਡੀ ਭਾਸ਼ਾ ਦਾ ਕਾਫੀ ਵੱਡਾ ਲੇਖਕ। ਸਾਡੇ ਦੇਸ਼ 'ਚ ਵੀ ਮੂਲ ਨਿਵਾਸੀਆਂ ਨਾਲ ਜੁਲਮ ਤੇ ਧੱਕੇ ਹੋਏ ਤੇ ਹੋ ਰਹੇ ਹਨ। ਇਹ ਮੂਲ ਨਿਵਾਸੀਆਂ ਨਾਲ ਹੁੰਦੇ ਜੁਲਮਾਂ ਤੇ ਵਧੀਕੀਆਂ ਨੂੰ ਲਿਖਣ ਵਾਲਾ ਲੇਖਕ ਹੈ। ਵੱਡੀ ਗੱਲ ਇਹ ਖੁਦ 'ਫਸਟ ਨੇਸ਼ਨ' ਹੈ ਜਿੰਨਾਂ ਨਾਲ ਜੁਲਮ ਹੋਇਆ ਹੈ। ਕੀ ਸਾਡੇ ਨਾਲ ਕੁਝ ਗੱਲਾਂ ਕਰ ਸਕਦੇ ਓਂ ?" ਗੁਰਮੀਤ ਨੇ ਮੇਰੇ ਬਾਰੇ ਦੱਸਿਆ ਤਾਂ ਉਹ ਔਰਤਾਂ ਅੰਦਰ ਫਰੋਲਣ ਲੱਗੀਆਂ ਸਨ।

"ਦੁਨੀਆ ਦੇ ਹਰ ਹਿੱਸੇ ਵਿੱਚ ਹੀ ਮੂਲ ਨਿਵਾਸੀਆਂ ਨਾਲ ਜੁਲਮ ਹੋਏ ਨੇ।" ਮੁਟਿਆਰ ਪੜੀ ਲਿਖੀ ਜਾਪਦੀ ਸੀ। ਉਸਨੂੰ ਦੁਨੀਆਂ ਹੋਰ ਹਿਸਿਆਂ ਦੇ ਮੂਲ ਨਿਵਾਸੀਆਂ ਨਾਲ ਹੁੰਦੇ ਜੁਲਮਾਂ ਬਾਰੇ ਪਤਾ ਸੀ।

" ਔਹ ਸਾਹਮਣੇ ਜਗਾ 'ਤੇ ਮੇਰੇ ਦਾਦਾ ਜੀ ਨੂੰ ਮਾਰਿਆ ਗਿਆ ਸੀ। ਸਾਨੂੰ ਜਬਰਦਸਤੀ ਸਕੂਲਾਂ 'ਚ ਤਾੜਿਆ ਜਾਂਦਾ। ਉਹ ਕਿਹੜਾ ਜੁਲਮ ਹੈ ਜੋ ਅਸੀਂ ਨਹੀਂ ਝੱਲਿਆ ?" ਦੂਜੀ ਔਰਤ ਬਿਨਾਂ ਜਿਆਦਾ ਕੁਝ ਕਿਹਾ ਵੀ ਬਹੁਤ ਕੁੱਝ ਕਹਿ ਗਈ ਸੀ।



"ਸਰਕਾਰ ਕੁੱਝ ਨਹੀਂ ਕਰਦੀ ? ਉਹ ਤੁਹਾਨੂੰ ਪੁੱਛਦੀ ਨਹੀਂ -ਕੀ ਚਾਹੀਦਾ ?" ਗੁਰਮੀਤ ਉਹਨਾਂ ਨਾਲ ਖੁੱਲ ਗਈ ਸੀ।

ਉਹ ਹੱਸ ਪਈਆਂ ਸਨ। ਬੜੀ ਮਾਰਮਿਕ ਜਿਹੀ ਹਾਸੀ। ਉਹਨਾਂ ਦੇ ਹਾਸੇ ਪਿੱਛੇ ਕਹਿਰਾਂ ਦਾ ਦਰਦ ਸੀ।

"ਸਰਕਾਰ ਨੂੰ ਅਸੀਂ ਕਿਉਂ ਦੱਸੀਏ ? ਸਰਕਾਰ ਨੂੰ ਨਹੀਂ ਪਤਾ ਉਸਨੇ ਕੀ ਕਰਨਾ ? ਉਹ ਨਹੀਂ ਜਾਣਦੇ ਸਾਨੂੰ ਕੀ ਚਾਹੀਦਾ ? ਸਭ ਬੇਵਕੂਫ ਬਣਾਉਂਦੇ ਨੇ ਸਾਨੂੰ। ਅਸੀਂ ਕਿਵੇਂ ਭੁੱਲ ਸਕਦੇ ਹਾਂ ? ਕੀ ਕੀ ਹੰਢਾਇਆ ਹੈ ?"

ਮੈਂ ਚੁੱਪ ਸਾਂ। ਕੁੱਝ ਭਾਸ਼ਾ ਕਰਕੇ--ਕੁੱਝ ਮਾਨਸਿਕ ਹਾਲਤ ਕਰਕੇ। ਮੈਂ ਤਾਂ ਵੇਦਾਂ ਪੁਰਾਣਾਂ ਦੀ ਧਰਤੀ 'ਤੇ ਮੂਲ ਨਿਵਾਸੀਆਂ ਦੇ ਹੁੰਦੇ ਨਰਸੰਘਾਰ ਬਾਰੇ ਸੋਚਣ ਲੱਗਾ ਸਾਂ। ਮੂਲ ਨਿਵਾਸੀਆਂ ਦੇ ਅੱਡ ਮੁਹੱਲੇ, ਅੱਡ ਧਾਰਮਿਕ ਸਥਾਨ, ਵੱਖਰੇ ਸਕੂਲ- ਤੇ ਇਥੋਂ ਤੱਕ ਕੇ ਵੱਖਰੇ ਸ਼ਮਸ਼ਾਨਘਾਟ, ਸਾਰਾ ਕੁੱਝ ਮੇਰੀਆਂ ਅੱਖਾਂ ਅੱਗੋਂ ਲੰਘ ਰਿਹਾ ਸੀ।

ਉਦੋਂ ਕੈਮਲੂਪਸ ਦਾ ਸੱਚ ਅਜੇ ਸਾਹਮਣੇ ਨਹੀਂ ਸੀ ਆਇਆ। ਉਦੋਂ ਕੈਮਲੂਪਸ ਨੂੰ ਮੈਂ ਸਿਰਫ ਮੱਛੀਆਂ ਕਰਕੇ ਜਾਣਦਾ ਸਾਂ। ਇਹ ਤਾਂ ਹੁਣ ਪਤਾ ਲੱਗਾ ਕਿ ਕੈਮਲੂਪਸ ਬਸਤੀਵਾਦੀ ਨੀਤੀ ਦਾ ਇਕ ਘਿਨਾਉਣਾ ਚਿਹਰਾ ਹੈ।

ਕੈਮਲੂਪਸ ਦੁਨੀਆ ਦੇ ਹਰ ਹਿੱਸੇ 'ਚ ਹਨ।

# ਖੇਡ ਮੇਲਿਆਂ ਦਾ ਸ਼ਿੰਗਾਰ ਮੱਖਣ ਬਰਾੜ-1



ਪ੍ਰਿੰ. ਸਰਵਣ ਸਿੰਘ

'ਆਗੇ ਨੇ ਖਿਡਾਰੀ ਵੇਖੋ ਖਿੱਚ ਕੇ ਤਿਆਰੀਆਂ, ਖਾਧੀਆਂ ਖੁਰਾਕਾਂ ਨਾਲੇ ਮਿਹਨਤਾਂ ਵੀ ਮਾਰੀਆਂ' ਵਰਗੇ ਗੀਤ ਲਿਖਣ ਵਾਲਾ ਮੱਖਣ ਬਰਾੜ ਖੇਡ ਮੇਲਿਆਂ ਦਾ ਸ਼ਿੰਗਾਰ ਹੈ। ਉਸ ਨੇ ਪੁਸਤਕ 'ਮੱਖਣ ਬਰਾੜ ਦੀ ਵਿਰਾਸਤ' ਲਿਖੀ ਹੈ। ਉਹ ਕਬੱਡੀ ਦਾ ਪਹਿਲਾ ਗੀਤਕਾਰ ਹੈ ਜੀਹਦੀ ਰੀਸ ਨਾਲ ਕਈਆਂ ਨੇ ਕਬੱਡੀ ਗੀਤ ਲਿਖਣੇ ਸ਼ੁਰੂ ਕੀਤੇ। ਕਬੱਡੀ ਟੂਰਨਾਮੈਂਟਾਂ 'ਚ ਉਹਦੇ ਸਿਅਰ ਪੈਸਿਆਂ ਬਦਲੇ ਕਲੱਬ ਬਦਲਣ ਵਾਲੇ ਚੁਫੇਰਗੜ੍ਹੀਏ ਖਿਡਾਰੀਆਂ ਨੂੰ ਵੀ ਨਹੀਂ ਬਖਸ਼ਦੇ:

**ਪਹਿਲਾਂ ਹੁੰਦਾ ਸੀ ਕਬੱਡੀ ਦਾ ਮੁੱਲ ਕੌਡੀ, ਢਿੱਡੋਂ ਜਾਈ ਇਹ ਖੇਡ ਸੀ ਘਰ ਘਰ ਦੀ**
**ਖਿਡਾਰੀ ਜਾਂਦੇ ਸੀ ਬੱਸਾਂ/ਸਾਈਕਲਾਂ 'ਤੇ, ਹੁਣ ਸੁੱਖ ਨਾਲ ਜਹਾਜਾਂ 'ਤੇ ਫਿਰੇ ਚੜ੍ਹਦੀ**
**ਤਕੜੇ ਪਲੇਅਰ ਦਾ ਚੋਖਾ ਹੈ ਮੁੱਲ ਪੈਂਦਾ, ਤਕੜੀ ਕਲੱਬ ਹੀ ਓਸ ਨੂੰ ਸਾਈਨ ਕਰਦੀ**
**ਮੱਖਣ ਬਰਾੜਾ ਖਿਡਾਰੀ ਪਰ ਇਉਂ ਹੋ ਗੇ, ਆਂਡੇ ਕਿਤੇ ਤੇ ਕੁੜ-ਕੁੜ ਕਿਤੇ ਕਰਦੀ!**

**ਮੱਖਣ ਬਰਾੜ ਦੀ ਮਹਿਮਾਂ ਉਹਦੇ ਪਹਿਲੇ ਹੀ ਗੀਤ:**
**ਆਪਣਾ ਪੰਜਾਬ ਹੋਵੇ, ਘਰ ਦੀ ਸਰਾਬ ਹੋਵੇ, ਮੂਲੀ ਨਾਲ ਗੰਢਾ ਹੋਵੇ, ਵਾਣ ਵਾਲਾ ਮੰਜਾ ਹੋਵੇ, ਮੰਜੇ ਉਤੇ ਬੈਠਾ ਜੱਟ ਬਣਿਆ ਨਵਾਬ ਹੋਵੇ, ਆਪਣਾ ਪੰਜਾਬ ਹੋਵੇ...**

ਨਾਲ ਹੋਣੀ ਸੁਰੂ ਹੋ ਗਈ ਸੀ। ਇਹ ਗੀਤ ਮਹਿਫਲਾਂ ਵਿਚ ਵਾਰ ਵਾਰ ਗਾਇਆ ਜਾਣ ਲੱਗਾ। ਦੇਸ ਵਿਦੇਸ ਵਿਚ 'ਆਪਣਾ ਪੰਜਾਬ-ਆਪਣਾ ਪੰਜਾਬ' ਹੋਣ ਲੱਗੀ। ਇਉਂ ਇਸ ਗੀਤ ਦੀ ਉਮਰ ਲੋਕ ਗੀਤ ਵਾਂਗ ਲੰਮੀ ਹੋ ਗਈ।

ਇਸ ਗੀਤ ਦੇ ਪਿਛੋਕੜ ਬਾਰੇ ਮੱਖਣ ਬਰਾੜ ਦੱਸਦਾ ਹੈ ਕਿ ਪੰਜਾਬ ਤੋਂ ਕੈਨੇਡਾ ਜਾ ਕੇ ਉਹਦਾ ਜੀਅ ਨਹੀਂ ਸੀ ਲੱਗਦਾ। ਉਦਰੇਵੇਂ ਵਿਚ ਉਹਨੇ ਮਾਂ ਨੂੰ ਪਹਿਲੀ ਚਿੱਠੀ ਲਿਖੀ ਕਵਿਤਾ ਵਿਚ ਹੀ ਲਿਖੀ। ਲਿਖਿਆ, ਮਾਂ ਮੈਨੂੰ ਤੇਰਾ ਬਣਾਇਆ ਸਾਗ ਯਾਦ ਆਉਂਦਾ, ਕੂੰਡੇ 'ਚ ਰਗੜੀ ਚਟਣੀ ਚੇਤੇ ਆਉਂਦੀ ਐ, ਘਰ ਦੇ ਕੱਟੇ-ਵੱਛੇ ਤੇ ਕੰਧਾਂ ਬਨੇਰੇ ਯਾਦ ਆਉਂਦੇ ਐ...। ਸਬੱਬੀਂ ਉਹਦਾ ਮਿੱਤਰ ਸਿਆਟਲ ਤੋਂ ਉਹਨੂੰ ਮਿਲਣ ਟੋਰਾਂਟੋ ਆ ਗਿਆ। ਦੋਹੇਂ ਖਾਂਦੇ ਪੀਂਦੇ ਪੰਜਾਬ ਦੀਆਂ ਗੱਲਾਂ ਕਰਨ ਲੱਗ ਪਏ। ਗੰਨੇ ਚੂਪਣ ਦੀਆਂ ਗੱਲਾਂ, ਸਰਾਬ ਕੱਢਣ ਦੀਆਂ, ਬਿਨਾਂ ਗਿਣੇ ਰੋਟੀਆਂ ਖਾਣ ਦੀਆਂ, ਗੰਢਿਆਂ ਮੂਲੀਆਂ ਦੀਆਂ ਤੇ ਵਾਣ ਦੇ ਮੰਜੇ 'ਤੇ ਲਮਲੇਟ ਹੋ ਜਾਣ ਦੀਆਂ ਗੱਲਾਂ। ਤੜਕੇ ਉਠਦਿਆਂ ਉਹਨੇ ਗੀਤ ਜੋੜ ਲਿਆ: ਆਪਣਾ ਪੰਜਾਬ ਹੋਵੇ...। ਉੱਦਣ ਹੀ ਟੋਰਾਂਟੋ ਗੁਰਦਾਸ ਮਾਨ ਦਾ ਸੋਅ ਸੀ। ਉਹ ਪਰਮਜੀਤ ਸਿੱਧੂ ਕੋਲ ਠਹਿਰਿਆ ਹੋਇਆ ਸੀ। ਮੱਖਣ ਸਿਓਂ ਪਰਮਜੀਤ ਕੋਲ ਆਉਂਦਾ ਜਾਂਦਾ ਰਹਿੰਦਾ ਸੀ। ਉਸ ਨੇ ਬਰਾੜ ਨੂੰ ਕੁਝ ਸੁਣਾਉਣ ਲਈ ਕਿਹਾ ਤਾਂ ਉਸ ਨੇ ਤਾਜਾ ਲਿਖਿਆ ਗੀਤ ਸੁਣਾ ਦਿੱਤਾ ਜੋ ਗੁਰਦਾਸ ਮਾਨ ਨੂੰ ਪਸੰਦ ਆ ਗਿਆ। ਉਹੀ ਗੀਤ ਗੁਰਦਾਸ ਮਾਨ ਨੇ ਸੋਅ ਵਿਚ ਗਾਇਆ ਤਾਂ ਲੋਕਾਂ ਦੇ ਸਿਰ ਚੜ੍ਹ ਗਿਆ। ਫਿਰ ਗੁਰਦਾਸ ਮਾਨ ਜਿਥੇ ਵੀ ਗਾਉਂਦਾ ਸਰੋਤਿਆਂ ਦੀ ਮੰਗ ਉਤੇ 'ਆਪਣਾ ਪੰਜਾਬ' ਦੋ ਤਿੰਨ ਵਾਰ ਗਾਉਣਾ ਪੈਂਦਾ। ਗੀਤ ਦੀ ਏਨੀ ਮੰਗ ਵੇਖ ਕੇ ਗੁਰਦਾਸ ਮਾਨ ਨੇ ਇਹ ਗੀਤ ਰਿਕਾਰਡ ਕਰਵਾ ਦਿੱਤਾ।

ਮੱਖਣ ਬਰਾੜ ਨੇ ਲਿਖਿਆ ਸੀ:

**ਪਿੰਡ ਦੀਆਂ ਗੱਲਾਂ ਪੁੱਛਾਂ ਆਪਣੇ ਮੈਂ ਹਾਣੀ ਕੋਲੋਂ,**
**ਕਿੱਦਾਂ ਦੀ ਮਹਿਕ ਆਉਂਦੀ ਤੇਲੀਆਂ ਦੀ ਰਾਣੀ ਕੋਲੋਂ।**

ਮਾਨ ਨੇ ਰਿਕਾਰਡ ਕਰਵਾਇਆ:

**ਆਪਣੇ ਗਰਾਂਈਂ ਕੋਲੋਂ ਹਾਲ ਪੁੱਛਾਂ ਪਿੰਡ ਦਾ,**
**ਮਰ ਜਾਣੇ ਮਾਨਾਂ ਕਿਉਂ ਪੰਜਾਬ ਜਾਂਦਾ ਖਿੰਡਦਾ।**

**ਇਉਂ ਮਾਨ ਦਾ ਨਾਂ ਵੀ ਗੀਤ ਵਿਚ ਰਿਕਾਰਡ ਹੋ ਗਿਆ।**

ਚੋਟੀ ਦੇ ਗਾਇਕ ਗੁਰਦਾਸ ਮਾਨ ਵੱਲੋਂ ਗਾਏ ਜਾਣ ਨਾਲ ਇਸ ਗੀਤ ਦੀ ਗੂੰਜ ਦੂਰ-ਦੂਰ ਤਕ ਪਹੁੰਚ ਗਈ। ਰਹਿੰਦੀ ਕਸਰ ਉਹਦੇ ਕਬੱਡੀ ਦੇ ਪਲੇਠੇ ਗੀਤ 'ਸਿੰਗ ਫਸਗੇ ਕੁੰਢੀਆਂ ਦੇ, ਮਿੱਤਰਾ ਬਹਿਜਾ ਗੋਡੀ ਲਾ ਕੇ' ਨੇ ਕੱਢ ਦਿੱਤੀ। ਹੁਣ ਹਰਜੀਤ ਬਾਜਾਖਾਨਾ ਦੇ ਕਬੱਡੀ ਟੂਰਨਾਮੈਂਟ ਤੋਂ ਲੈ ਕੇ ਦੇਸ ਵਿਦੇਸ ਦੇ ਪੰਜਾਬੀ ਖੇਡ ਮੇਲਿਆਂ 'ਚ ਪਈ 'ਮੱਖਣ ਬਰਾੜ, ਮੱਖਣ ਬਰਾੜ' ਹੁੰਦੀ ਹੈ। ਜਿੰਨੇ ਕੁ ਖੇਡ ਮੇਲੇ ਮੈਂ ਤੇ ਪ੍ਰੋ. ਮੱਖਣ ਸਿੰਘ ਨੇ ਵੇਖੇ ਨੇ ਓਨੇ ਕੁ ਖੇਡ ਮੇਲਿਆਂ 'ਚ ਮੱਖਣ ਬਰਾੜ ਵੀ ਹਾਜਰੀ ਲੁਆ ਚੁੱਕਾ ਹੈ। ਅਸੀਂ ਉਥੇ ਮੈਚਾਂ ਦੀ ਕੁਮੈਂਟਰੀ ਕਰਦੇ ਤੇ ਉਹ ਸਿਅਰੋ ਸਾਇਰੀ ਸੁਣਾ ਕੇ ਦਰਸਕਾਂ ਦਾ ਮਨੋਰੰਜਨ ਕਰਦਾ। ਕੈਨੇਡਾ ਜਾਣ ਤੋਂ ਪਹਿਲਾਂ ਉਹ ਪੱਗ ਬੰਨ੍ਹਦਾ ਸੀ ਪਰ ਕੈਨੇਡਾ ਜਾ ਕੇ ਪਟੇ ਰੱਖ ਲਏ ਸਨ। ਸੱਠਾਂ ਸਾਲਾਂ ਦਾ ਹੋ ਕੇ ਫਿਰ ਦਸਤਾਰ ਸਜਾਉਣ ਲੱਗ ਪਿਆ। ਪਟਿਆਲਾ ਉਤੋਂ ਦੀ ਪੱਗ ਬੰਨ੍ਹ ਕੇ ਕੈਨੇਡਾ ਕਬੱਡੀ ਕੱਪ 'ਚ ਪੁੱਜਾ ਤਾਂ ਜਾਂਦਿਆਂ ਸਿਅਰ ਸੁਣਾਇਆ:

**ਹੋਵੇ ਬਦਲਣਾ ਆਪਣੇ ਆਪ ਨੂੰ ਜੇ, ਵੱਡੀ ਗੱਲ ਨਹੀਂ ਐਵੇਂ ਪਹਾੜ ਲੱਗਦਾ**
**ਬਿਨਾਂ ਵਰਦੀ ਦੇ ਲੱਗਦਾ ਆਮ ਬੰਦਾ, ਵਰਦੀ ਪਾਈ ਤੋਂ ਹੀ ਠਾਣੇਦਾਰ ਲੱਗਦਾ**
**ਕੀਹਦਾ ਪੁੱਤ ਇਹ ਕੀਹਦਾ ਹੋਊ ਪੋਤਾ, ਬੰਨ੍ਹੀ ਪੱਗ ਜੇ ਹੋਵੇ ਸਰਦਾਰ ਲੱਗਦਾ**
**ਪਹਿਲਾਂ ਦੇਖਣ ਨੂੰ ਗੰਜਾ ਜਾ ਲੱਗਦਾ ਸੀ, ਹੁਣ ਦੇਖੋ ਖਾਂ ਮੱਖਣ ਬਰਾੜ ਲੱਗਦਾ!**

ਇਸ ਤਰ੍ਹਾਂ ਦੀ ਟੋਟਕੇਬਾਜੀ ਨਾਲ ਉਹ ਸਰੋਤਿਆਂ ਦਾ ਜੀਅ ਪਰਚਾਉਂਦਾ ਰਹਿੰਦਾ ਹੈ:

**ਪੈਸੇ ਕੱਢ ਕੇ ਬਾਪੂ ਦੀ ਜੇਬ ਵਿਚੋਂ, ਬੋਤਲ ਠੇਕੇ ਤੋਂ ਪੀਵਣੀ ਬੜੀ ਸੌਖੀ**
**ਪੱਲਿਓਂ ਪੀਂਦੇ ਜੋ ਪੀਣੀ ਛੱਡ ਜਾਂਦੇ, ਮਿਲੇ ਮੁਫਤ ਤਾਂ ਛੱਡਣੀ ਬੜੀ ਔਖੀ**
**ਬਿਨਾਂ ਟੀਕੇ ਦੇ ਕੌਡੀ ਨਾ ਖੇਡ ਹੁੰਦੀ, ਟੀਕਾ ਲਾਏ ਤੋਂ ਖੇਡਣੀ ਬੜੀ ਸੌਖੀ**
**ਸੌਖੀ ਮੱਝ ਨਾ ਕੱਢਣੀ ਛੱਪੜ ਵਿਚੋਂ, ਤੀਵੀਂ ਹੱਟੀ 'ਚੋਂ ਕੱਢਣੀ ਬੜੀ ਔਖੀ!**



1995 'ਚ ਹੇਵਰਡ ਯੂਨੀਵਰਸਿਟੀ ਦੇ ਸਟੇਡੀਅਮ ਵਿਚ 'ਕੈਲੇਫੋਰਨੀਆ ਕਬੱਡੀ ਕੱਪ' ਹੋ ਰਿਹਾ ਸੀ। ਮੈਂ ਤੇ ਦਾਰਾ ਗਰੇਵਾਲ ਉਥੇ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਗਏ ਸਾਂ। ਉਦੋਂ ਗਾਇਕ ਜਗਤ ਸਿੰਘ ਜੱਗਾ ਜਿਊਂਦਾ ਸੀ। ਕਿਹਾ ਜਾਂਦਾ ਸੀ ਕਿ ਉਸ ਨੇ ਕਤਲ ਕੇਸ ਵਿਚ ਦਾਰੇ ਪਹਿਲਵਾਨ ਨਾਲ ਫਿਰੋਜਪੁਰ ਜੇਲ੍ਹ 'ਚ ਕੈਦ ਕੱਟੀ ਸੀ। ਉਹ ਚਿੱਟਾ ਚਾਦਰਾ, ਚਿੱਟਾ ਕੁੜਤਾ ਤੇ ਚਿੱਟੀ ਟੌਰੇ ਵਾਲੀ ਪੱਗ ਬੰਨ੍ਹ ਕੇ ਚਿਮਟੇ ਨਾਲ ਗਾਇਆ ਕਰਦਾ ਸੀ। ਆਖਰੀ ਉਮਰੇ ਉਹ ਅਮਰੀਕਾ ਚਲਾ ਗਿਆ ਸੀ। ਉਹ ਵੀ ਸਟੇਜ 'ਤੇ ਆ ਪੁੱਜਾ ਪਰ ਮੈਂ ਉਸ ਨੂੰ ਸਿਆਣ ਨਾ ਸਕਿਆ। ਉੱਦਣ ਉਹ ਚਿੱਟੇ ਚਾਦਰੇ ਤੇ ਚਿੱਟੇ ਕਲੀਆਂ ਵਾਲੇ ਕੁੜਤੇ ਵਿਚ ਨਹੀਂ ਸੀ। ਉਹ ਮੈਨੂੰ ਕਹਿਣ ਲੱਗਾ, "ਪ੍ਰੋਫੈਸਰ ਸਾਹਿਬ ਮੈਂ ਕਬੱਡੀ 'ਤੇ ਗੀਤ ਲਿਖਿਐ। ਲਓ ਪੜ੍ਹ ਲਓ, ਜੇ ਸਮਾਂ ਮਿਲਿਆ ਤਾਂ ਲੋਕਾਂ ਨੂੰ ਸੁਣਾ ਵੀ ਦੇਵਾਂਗੇ। ਗੀਤ ਦਾ ਮੁਖੜਾ ਸੀ: ਹਟ ਕਬੱਡੀ ਯਾਰਾਂ ਦੀ, ਇਹ ਖੇਡ ਵੱਡੇ ਸਰਦਾਰਾਂ ਦੀ...।



ਮੇਰੀ ਜਾਣਕਾਰੀ ਮੁਤਾਬਿਕ ਕਬੱਡੀ ਦਾ ਉਹ ਪਹਿਲਾ ਗੀਤ ਸੀ ਪਰ ਉਸ ਨੂੰ ਜੱਗਾ ਰਿਕਾਰਡ ਨਾ ਕਰਵਾ ਸਕਿਆ। ਛੇਤੀ ਹੀ ਉਸ ਦਾ ਦੇਹਾਂਤ ਹੋ ਗਿਆ। ਇਸ ਲਈ ਕਬੱਡੀ ਦਾ ਪਹਿਲਾ ਗੀਤ ਮੱਖਣ ਬਰਾੜ ਦੇ ਨਾਂ ਲੱਗ ਗਿਆ ਜੋ 2000 ਦੇ ਆਸ ਪਾਸ ਰਿਕਾਰਡ ਹੋਇਆ:

**ਮੁੰਡੇ ਕੌਡੀ ਖੇਡਣ ਬਈ, ਖੇਡਣ ਵਿਚ 'ਖਾੜਿਆਂ ਆ ਕੇ**
**ਚਿਹਰੇ ਦਗਦੇ ਸੇਰਾਂ ਦੇ, ਰੱਖਦੇ ਡੌਲਿਆਂ ਨੂੰ ਲਿਸਕਾ ਕੇ**
**ਦੁਨੀਆਂ ਪਹੁੰਚੀ ਜਾਂਦੀ ਐ, ਦੂਰੋਂ ਨੇੜਿਓਂ ਹੁੰਮ ਹੁੰਮਾ ਕੇ**
**ਸਿੰਗ ਫਸਗੇ ਕੁੰਢੀਆਂ ਦੇ, ਮਿੱਤਰਾ ਬਹਿਜਾ ਗੋਡੀ ਲਾ ਕੇ**
**ਆਹ ਪੁੱਤ ਬਰਾੜਾਂ ਦਾ, ਜੀਹਦਾ ਪਿੰਡ ਹੈ ਬਾਜਾਖਾਨਾ**
**ਗਾਗੋ ਕਹਿੰਦਾ ਕਾਲੇ ਨੂੰ, ਅੱਜ ਨੀ ਛੱਡਣਾ ਕੋਈ ਜੁਆਨਾਂ**
**ਔਹ ਬਾਘਾ ਮੱਲਕਿਆਂ ਦਾ, ਜੱਫੇ ਲਾਉਂਦਾ ਗਰਮੀ ਖਾ ਕੇ**
**ਸਿੰਗ ਫਸਗੇ ਕੁੰਢੀਆਂ ਦੇ...**
**ਔਹ ਮਾਰਨ ਥਾਪੀਆਂ ਬਈ, ਤੋਚੀ ਲੱਖਾ ਜਵਾਹਰਾ ਲਾਲੀ**
**ਲੋਕੀਂ ਗੱਲਾਂ ਕਰਦੇ ਆ, ਭੀਮਾ ਮੰਦਰ ਮੁੜਨ ਨਾ ਖਾਲੀ**
**ਔਹ ਵੈੱਲੀ ਭੱਜ ਤੁਰਿਆ, ਜੀਤੇ ਮੌੜ ਨਾ ਪੰਗਾ ਪਾ ਕੇ**
**ਸਿੰਗ ਫਸਗੇ ਕੁੰਢੀਆਂ ਦੇ...**

ਇਸ ਪਿੱਛੋਂ ਕਬੱਡੀ ਦੇ ਦਰਜਨਾਂ ਗੀਤ ਰਿਕਾਰਡ ਹੋਏ। 'ਚੂੰਘਦੇ ਆ ਬੂਰੀਆਂ ਤੇ ਖੇਡਦੇ ਕਬੱਡੀਆਂ' ਤੋਂ ਲੈ ਕੇ 'ਜੁਗਾਂ ਜੁਗਾਂ ਤੋਂ ਕਰਨ ਪੰਜਾਬੀ, ਪਿਆਰ ਕਬੱਡੀ ਨੂੰ' ਤਕ। ਜਿਸ ਖੇਡ ਦੇ ਗੀਤ ਚੱਲ ਪੈਣ ਉਹਦੀ ਹਰਮਨ ਪਿਆਰਤਾ ਦਾ ਕੋਈ ਹੱਦ ਬੰਨਾ ਨਹੀਂ ਰਹਿੰਦਾ। ਕਬੱਡੀ ਮੇਲਿਆਂ ਵਿਚ ਕੁਮੈਂਟੇਟਰਾਂ ਦਾ ਆਪਣਾ ਰੋਲ ਹੁੰਦਾ ਹੈ ਤੇ ਮਨੋਰੰਜਨ ਕਰਨ ਵਾਲਿਆਂ ਦਾ ਆਪਣਾ। ਮੱਖਣ ਬਰਾੜ ਦਾ ਰੋਲ ਆਮ ਕਰ ਕੇ ਮਨੋਰੰਜਨ ਕਰਨ ਦਾ ਹੀ ਰਿਹਾ ਹੈ। ਇਸ ਗੇੜ ਵਿਚ ਉਸ ਨੇ ਭਾਰਤ ਤੇ ਕੈਨੇਡਾ ਤੋਂ ਬਾਹਰ ਇੰਗਲੈਂਡ, ਜਰਮਨੀ, ਸਵਿਟਰਜਰਲੈਂਡ, ਹਾਲੈਂਡ, ਫਰਾਂਸ, ਪੋਲੈਂਡ, ਨਾਰਵੇ, ਅਮਰੀਕਾ, ਪਾਕਿਸਤਾਨ, ਡੁਬਈ, ਆਬੂਧਾਬੀ, ਆਸਟ੍ਰੇਲੀਆ, ਨਿਊਜੀਲੈਂਡ, ਹਾਂਗਕਾਂਗ ਤੇ ਸਿੰਗਾਪੁਰ ਦੇ ਪੰਜਾਬੀ ਮੇਲਿਆਂ ਵਿਚ ਰੌਣਕਾਂ ਲਾਈਆਂ ਹਨ। ਮੱਖਣ ਬਰਾੜ ਵਾਂਗ ਪੰਜਾਬ ਦੇ ਕਬੱਡੀ ਵਰਲਡ ਕੱਪ-2010 ਵਿਚ ਭਗਵੰਤ ਮਾਨ ਵੀ ਸਾਡੀ ਕੁਮੈਂਟੇਟਰਾਂ ਦੀ ਟੀਮ ਵਿਚ ਸਾਮਲ ਸੀ। ਉਦੋਂ ਉਹ ਸਿਆਸੀ ਨੇਤਾ ਨਹੀਂ, ਕੇਵਲ ਕਮੇਡੀਅਨ ਸੀ। ਉਸ ਨੂੰ ਭੀੜਾਂ ਖਿੱਚਣ ਲਈ ਹੀ ਬਾਦਲ ਸਰਕਾਰ ਨੇ ਲੱਖਾਂ ਦੀ ਸਾਈ ਦੇ ਕੇ ਸੱਦਿਆ ਸੀ। ਕਬੱਡੀ ਬਾਰੇ ਜਾਣਕਾਰੀ ਦੇਣ ਮੈਂ ਉਸ ਨੂੰ ਕਿਤਾਬ 'ਕਬੱਡੀ ਕਬੱਡੀ ਕਬੱਡੀ' ਭੇਟ ਕੀਤੀ। ਉਸ ਨੇ ਕਮੇਡੀ ਵਾਲੀ ਕੁਮੈਂਟਰੀ ਨਾਲ ਸਟੇਡੀਅਮ ਵਿਚ ਬੈਠੇ ਤੇ ਟੀਵੀ ਵੇਖਦੇ ਲੱਖਾਂ ਕਰੋੜਾਂ ਦਰਸਕਾਂ ਦਾ ਮਨੋਰੰਜਨ ਜੁ ਕਰਨਾ ਸੀ। ਉਹ ਫਿਰ ਇਹੋ ਜਿਹੇ ਟੋਟਕੇ ਸੁਣਾਉਣ ਲੱਗਾ: ਹਰ ਤਰਫ ਯਹੀ ਅਫਸਾਨੇ ਹੈਂ, ਹਮ ਕੌਡ-ਕਬੱਡੀ ਕੇ ਦੀਵਾਨੇ ਹੈਂ। ਪੈਂਦੀਆਂ ਕਬੱਡੀਆਂ ਨੇ ਚੜ੍ਹ-ਚੜ੍ਹ ਕੇ, ਲੋਕੀਂ ਦੇਖਦੇ ਨੇ ਦੂਰੋਂ ਖੜ੍ਹ-ਖੜ੍ਹ ਕੇ। ਵਿਚ ਮੈਦਾਨੇ ਭਿੜਨਾ ਕੰਮ ਹੈ ਹੁੰਦਾ ਸੇਰਾਂ ਦਾ, ਖੇਡ ਕਬੱਡੀ ਖੇਡਣਾ ਸੌਕ ਪੰਜਾਬੀ ਸੇਰਾਂ ਦਾ। ਚੌਕੇ ਛਿੱਕੇ ਭੁੱਲੇ ਕੌਡੀ ਦੀ ਗੱਲ ਚਲਦੀ, ਆਈਪੀਐੱਲ ਤਾਂ ਹੋ ਗਈ ਯਾਰੋ ਗੱਲ ਕੱਲ੍ਹ ਦੀ। ਖੇਡ ਕਬੱਡੀ ਦੇਖਣ ਲੋਕੀਂ ਛੱਤਾਂ ਤੋਂ ਲਮਕਣਗੇ, ਧੋਨੀ ਸਚਿਨ ਵਾਂਗੂੰ, ਮੰਗੀ ਬੱਗਾ ਬਿੱਟੂ ਦੁੱਲਾ ਚਮਕਣਗੇ...। ਮੈਚ ਤੋਂ ਪਹਿਲਾਂ, ਮੈਚ ਦੀ ਬਰੇਕ ਸਮੇਂ ਤੇ ਮੈਚ ਤੋਂ ਪਿੱਛੋਂ ਮਾਈਕ ਉਹਦੇ ਹੱਥ ਹੁੰਦਾ ਸੀ। ਮੱਖਣ ਬਰਾੜ ਨੂੰ ਵੀ ਅਸੀਂ ਉਦੋਂ ਹੀ ਮਾਈਕ ਫੜਾਉਂਦੇ ਜਦੋਂ ਮੈਚ ਰੁਕਦਾ ਤਾਂ ਜੋ ਦਰਸਕ ਹਿੱਲਣ ਨਾ। ਉਹ ਕੋਈ ਨਵਾਂ ਲਿਖਿਆ ਸਿਅਰ ਸੁਣਾਉਂਦਾ ਤੇ ਸਰੋਤਿਆਂ ਦੀ ਮੰਗ 'ਤੇ ਪੁਰਾਣੇ ਵੀ ਦੁਹਰਾਉਂਦਾ। ਏਨੇ ਨਾਲ ਕੁਮੈਂਟੇਟਰ ਨੂੰ ਦਮ ਮਿਲ ਜਾਂਦਾ।

ਮੱਖਣ ਬਰਾੜ ਦਾ ਜਨਮ ਪਿੰਡ ਮੱਲਕੇ ਜਿਲ੍ਹਾ ਮੋਗਾ ਵਿਚ ਪਿਤਾ ਪੂਰਨ ਸਿੰਘ ਤੇ ਮਾਤਾ ਨਿਹਾਲ ਕੌਰ ਦੇ ਘਰ 3 ਜਨਵਰੀ 1949 ਨੂੰ ਹੋਇਆ ਸੀ। ਉਹਦੀ ਮਾਂ ਕਹਿੰਦੀ ਹੁੰਦੀ ਸੀ, 'ਹੱਲਿਆਂ ਵਾਲੇ ਸਾਲ' ਤੋਂ ਡੂਢ ਸਾਲ ਪਿੱਛੋਂ ਜੰਮਿਆਂ ਸੀ। ਗੌਰ ਕਰਨ ਵਾਲੀ ਗੱਲ ਹੈ ਕਿ 'ਆਜਾਦੀ' ਵਾਲੇ ਸਾਲ ਨੂੰ ਕੋਈ 'ਹੱਲਿਆਂ ਵਾਲਾ ਸਾਲ', ਕੋਈ 'ਰੌਲਿਆਂ ਵਾਲਾ ਸਾਲ' ਤੇ ਕੋਈ 'ਉਜਾੜੇ ਵਾਲਾ ਸਾਲ' ਕਹਿੰਦਾ ਹੈ। ਉਦੋਂ ਦਸ ਲੱਖ ਪੰਜਾਬੀ 'ਆਜਾਦੀ' ਦੀ ਭੇਟ ਚੜ੍ਹੇ ਸਨ। 1947 ਦਾ ਸਾਲ ਪੰਜਾਬੀਆਂ ਤੇ ਬੰਗਾਲੀਆਂ ਲਈ 'ਆਜਾਦੀ' ਦਾ ਘੱਟ ਪਰ 'ਬਰਬਾਦੀ' ਦਾ ਵੱਧ ਸਾਲ ਸਾਬਤ ਹੋਇਆ। ਇਕੋ ਬੋਲੀ ਤੇ ਇਕੋ ਸਭਿਆਚਾਰ ਸੰਗ ਜਿਉਂਦੇ ਕਰੋੜਾਂ ਲੋਕਾਂ ਨੂੰ ਉਹਨਾਂ ਦੀ ਮਰਜੀ ਦੇ ਉਲਟ ਧਿੰਗੋਜੋਰੀ ਨਿਖੇੜ ਦਿੱਤਾ ਗਿਆ। ਹਾਕਮਾਂ ਨੇ ਰਾਜ ਗੱਦੀਆਂ ਲਈ ਲੋਕ ਧਰਮਾਂ ਦੇ ਨਾਂ 'ਤੇ ਨਾ ਸਿਰਫ ਆਪਸ ਵਿਚ ਵੰਡੇ ਬਲਕਿ ਇਕ ਦੂਜੇ ਦੇ ਦੁਸਮਣ ਬਣਾ ਦਿੱਤੇ। ਨਵੇਂ ਹਾਕਮਾਂ ਨੇ ਵੀ ਇਸ ਪਾੜੇ ਨੂੰ ਮੇਟਣ ਦੀ ਥਾਂ ਹੋਰ ਡੂੰਘਾ ਹੀ ਕੀਤਾ। ਪਾੜਾ ਮੇਟਣ ਲਈ ਮੱਖਣ ਬਰਾੜ ਵਰਗੇ ਗੀਤਕਾਰ ਨੂੰ ਆਪਣੇ ਗੀਤ ਵਿਚ ਪੁਕਾਰ ਕਰਨੀ ਪਈ:

**ਸੁਖੀ ਵਸੇ ਕਸ਼ਮੀਰ, ਮੁੱਕੇ ਰੇੜਕਾ ਪਸੌਰ ਦਾ,**
**ਕਰੀਂ ਕਿਤੇ ਮੇਲ ਰੱਬਾ! ਦਿੱਲੀ ਤੇ ਲਾਹੌਰ ਦਾ।**




Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ਼
• Cruises • ਕਰੂਜਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8



BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫ਼ੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ!

# "ਮ੍ਰਿਤਕ ਦੇਹ ਦੀਆਂ ਤਸਵੀਰਾਂ ਜਨਤਕ ਕਰਨੀਆਂ ਕਿੰਨੀਆਂ ਕੁ ਜਾਇਜ ?"



ਮਿੰਟੂ ਬਰਾੜ
+61 434 289 905



ਆਧੁਨਿਕ ਯੁੱਗ ਦੇ ਵਿਚ ਨਿੱਜਤਾ ਛਿੱਕੇ ਤੇ ਟੰਗੀ ਦਿਖਾਈ ਦਿੰਦੀ ਹੈ। ਸਾਡੇ ਬਜੁਰਗ ਭਾਵੇਂ ਅਨਪੜ੍ਹ ਸੀ ਪਰ, ਪਰਦੇ ਦਾ ਮਤਲਬ ਸਮਝਦੇ ਸਨ। ਉਹ ਬੰਦ ਮੁੱਠੀਆਂ ਦੀ ਅਹਿਮੀਅਤ ਤੋਂ ਜਾਣੂ ਸਨ। ਪਰ ਅੱਜ ਹਰ ਕੋਈ ਆਪਣੇ ਪੋਤੜੇ ਜੱਗ ਦੇ ਸਾਹਮਣੇ ਫਰੋਲਣ 'ਚ ਵਡਿਆਈ ਮਹਿਸੂਸ ਕਰਦਾ ਹੈ। ਹੋ ਸਕਦਾ ਇਸੇ ਨੂੰ ਪੀੜ੍ਹੀਆਂ ਦਾ ਪਾੜਾ (ਜਨਰੇਸਨ ਗੈਪ) ਕਿਹਾ ਜਾਂਦਾ ਹੋਵੇ ? ਹੋ ਸਕਦਾ ਪੜ੍ਹਨ ਲਿਖਣ ਨਾਲ ਉਹਨਾਂ ਦਾ ਤੀਜਾ ਨੇਤਰ ਖੁੱਲ੍ਹ ਕੇ ਇਹ ਕਹਿੰਦਾ ਹੋਵੇ ਕਿ ਨਿੱਜਤਾ ਦਾ ਜਨਾਜਾ ਕੱਢਣ ਵਾਲਾ ਹੀ ਮਹਾਨ ਹੁੰਦਾ ਹੈ। ਪਰ ਇਸ ਦਾ ਦੂਜਾ ਪੱਖ ਵੀ ਹੈ ਉਹ ਵੀ ਵਿਚਰਾਂਗੇ ਇਸ ਲੇਖ 'ਚ ਅਤੇ ਆਪ ਸਭ ਅੱਗੇ ਇਕ ਬੇਨਤੀ ਕਰਾਂਗੇ। ਜੇ ਕਰ ਮੰਨੋ ਤਾਂ ਭਲਾ, ਜੇ ਨਾ ਮੰਨੋ ਤਾਂ ਵੀ ਭਲਾ।

ਨਿੱਜਤਾ ਨੂੰ ਦੋ ਹਿੱਸਿਆਂ 'ਚ ਵੰਡਦੇ ਹਾਂ ਇਕ ਆਪਣੀ ਤੇ ਇਕ ਦੂਜੇ ਦੀ(ਵੈਸੇ ਨਿੱਜਤਾ ਸਬਦ ਨਿਜ ਤੋਂ ਹੋਂਦ 'ਚ ਆਇਆ ਹੈ ਸੋ ਸਾਇਦ ਇੱਥੇ ਦੂਜੇ ਲਈ ਇੰਝ ਨਹੀਂ ਵਰਤਿਆ ਜਾ ਸਕਦਾ ਪਰ ਅਸੀਂ ਇੱਥੇ ਇਸ ਨੂੰ ਪ੍ਰਾਈਵੇਸੀ ਤੋਂ ਲੈ ਰਹੇ ਹਾਂ)।

ਆਪਣੀ ਨਿੱਜਤਾ ਤੇ ਤੁਹਾਨੂੰ ਪੂਰਾ ਅਧਿਕਾਰ ਹੈ। ਸੋ ਇਸ ਤੇ ਗੱਲ ਕਰਨ 'ਚ ਸਮਾਂ ਜਾਇਆ ਨਹੀਂ ਕਰਾਂਗੇ। ਦੂਜੇ ਦੀ ਨਿੱਜਤਾ ਵੀ ਅੱਗੇ ਦੋ ਕਿਸਮ ਦੀ ਹੁੰਦੀ ਹੈ ਇਕ ਜਿਉਂਦੇ ਜੀ ਦੀ ਤੇ ਇਕ ਉਸ ਦੇ ਮਰਨ ਪਿੱਛੋਂ ਦੀ। ਜਿਊਂਦੇ ਜੀਅ ਤਾਂ ਅਗਲਾ ਆਪੇ ਨਜਿੱਠੂ, ਜੇ ਕੋਈ ਉਸ ਦੀ ਨਿੱਜਤਾ 'ਚ ਖਲਲ ਪਾਊ। ਪਰ ਜੋ ਇਨਸਾਨ ਦੁਨੀਆ ਛੱਡ ਗਿਆ ਉਸ ਦੇ ਕੀਤੇ ਚੰਗੇ ਮੰਦੇ ਕੰਮਾਂ ਨੂੰ ਤਾਂ ਤੁਸੀਂ ਖੰਘਾਲ ਸਕਦੇ ਹੋ ਪਰ ਉਸ ਦੀ ਨਿੱਜਤਾ ਉੱਤੇ ਤੁਹਾਡਾ ਕੋਈ ਅਧਿਕਾਰ ਨਹੀਂ ਬਣਦਾ। ਸੋ ਆਓ ਕੁਝ ਇਸੇ ਵਿਸੇ 'ਤੇ ਵਿਚਾਰ ਕਰੀਏ। ਆਸਟ੍ਰੇਲੀਆ ਆ ਕੇ ਬਹੁਤ ਕੁਝ ਨਵਾਂ ਦੇਖਿਆ, ਸੁਣਿਆ, ਸਮਝਿਆ ਅਤੇ ਅਪਣਾਇਆ। ਭਾਵੇਂ ਉਹਨਾਂ 'ਚੋਂ ਬਹੁਤ ਸਾਰੀਆਂ ਗੱਲਾਂ ਬਾਰੇ ਸੰਖੇਪ 'ਚ ਪਹਿਲਾ ਤੋਂ ਹੀ ਜਾਣਦੇ ਸੀ ਪਰ ਗਹਿਰਾਈ 'ਚ ਇੱਥੇ ਆ ਕੇ ਪਤਾ ਚੱਲਿਆ।

ਅੱਜ ਜਦੋਂ ਦੁਨੀਆ ਇਕ ਮਹਾਂਮਾਰੀ ਨਾਲ ਜੂਝ ਰਹੀ ਹੈ ਤੇ ਹਰ ਦਿਨ ਚੜ੍ਹਦੇ ਨੂੰ ਸੋਸਲ ਮੀਡੀਆ ਦੁਖਦਾਈ ਸੁਨੇਹਿਆਂ ਨਾਲ ਲੱਦਿਆ ਦਿਖਾਈ ਦਿੰਦਾ ਹੈ ਤਾਂ ਉਸੇ ਦੌਰਾਨ ਜੋ ਨਿੱਜਤਾ ਦਾ ਘਾਣ ਸਾਨੂੰ ਦੇਖਣ ਨੂੰ ਮਿਲਦਾ ਬੱਸ ਉਸੇ ਬਾਰੇ ਅੱਜ ਗੱਲ ਕਰਨੀ ਹੈ ਕਿ ਕੀ "ਇਕ ਮਿਰਤਕ ਦੇਹ ਦੀਆਂ ਤਸਵੀਰਾਂ ਜਨਤਕ ਤੌਰ ਤੇ ਸੋਸਲ ਮੀਡੀਆ ਉੱਤੇ ਪਾਉਣਾ ਕਿੰਨਾ ਕੁ ਜਾਇਜ ਹੈ ?"

ਗੱਲ ਨੂੰ ਪੁਖਤਾ ਕਰਨ ਲਈ ਦੋ ਕੁ ਹੱਡ-ਬੀਤੀਆਂ ਆਪ ਜੀ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ।

ਯੂ ਟਿਊਬ ਚੈਨਲ 'ਪੇਂਡੂ ਆਸਟ੍ਰੇਲੀਆ' ਸ਼ੁਰੂ ਕਰਨ ਤੋਂ ਪਹਿਲਾਂ ਦੀ ਗੱਲ ਹੈ। ਮੈਨੂੰ ਅਤੇ ਮਨਪ੍ਰੀਤ ਸਿੰਘ ਢੀਂਡਸਾ ਨੂੰ ਸੰਗੀਤਿਕ ਫਲਿਮਾਂ ਬਣਾਉਣ ਦਾ ਭੂਤ ਸਵਾਰ ਹੋ ਗਿਆ। ਇਕ ਗਾਣਾ ਤਿਆਰ ਕੀਤਾ ਤੇ ਸੁਰੂ ਹੋ ਗਿਆ ਉਸ ਨੂੰ ਫਿਲਮਾਉਣ ਦਾ ਕੰਮ। ਚੰਗੀ ਪਟਕਥਾ ਲਿਖੀ, ਅਦਾਕਾਰੀ ਲਈ ਨੌਜਵਾਨ ਮੁੰਡੇ ਕੁੜੀਆਂ ਲੱਭੇ। ਇਸੇ ਦੌਰਾਨ ਇਕ ਇਰਾਨੀ ਕੁੜੀ 'ਡੋਰਸਾ' ਮਿਲੀ। ਜੋ ਕਿ ਹਿੰਦੀ ਫਲਿਮਾਂ ਦੀ ਮੁਰੀਦ ਸੀ। ਉਸ ਨੂੰ ਗਾਣੇ ਦੀ ਮੁੱਖ ਅਦਾਕਾਰਾ ਦੇ ਤੌਰ 'ਤੇ ਚੁਣ ਲਿਆ। ਵੱਖੋ-ਵੱਖ ਮਨਮੋਹਕ ਥਾਂਵਾਂ ਤੇ ਗੀਤ ਫਲਿਮਾਇਆ। ਕੁਝ ਅਖੀਰੀ ਸੀਨ ਲੈਣ ਲਈ ਅਸੀਂ ਸਾਊਥ ਆਸਟ੍ਰੇਲੀਆ ਦੇ ਬਹੁਤ ਹੀ ਖੂਬਸੂਰਤ ਇਲਾਕੇ ਬਰੋਸਾ-ਵੈਲੀ ਦੀ ਇਕ ਖੂਬਸੂਰਤ ਸਮਸਾਨ ਨੂੰ ਚੁਣਿਆ। ਅਸੀਂ ਸੈੱਟ ਲਾ ਕੇ ਅਦਾਕਾਰਾ ਦਾ ਇੰਤਜਾਰ ਕਰ ਰਹੇ ਸੀ। ਜਦੋਂ ਉਹ ਆਈ ਤਾਂ ਕਾਰ 'ਚੋਂ ਉੱਤਰਦੇ ਹੀ ਬੋਲੀ ਕਿ "ਕੀ ਸੀਨ ਹੈ ?" ਅਸੀਂ ਕਿਹਾ ਬੱਸ ਤੁਸੀਂ ਸਾਥੀ ਅਦਾਕਾਰ ਦਾ ਹੱਥ ਫੜ ਕੇ ਇਸ ਸਮਸਾਨ ਭੂਮੀ ਵਿਚੋਂ ਦੀ ਲੰਘ ਜਾਣਾ ਹੈ। ਕਿਉਂਕਿ ਗੀਤ ਦੇ ਕੁਝ ਬੋਲ ਏਦਾਂ ਦੇ ਸਨ। ਪਰ ਉਹ ਤਾਂ ਇਹ ਸੁਣਨ ਸਾਰ ਸਾਨੂੰ ਪੈ ਗਈ ਕਹਿੰਦੀ "ਕੀ ਤੁਹਾਡੇ ਹਿਰਦੇ 'ਚ ਇਹਨਾਂ ਤੁਰ ਗਏ ਲੋਕਾਂ ਪ੍ਰਤੀ ਭੋਰਾ ਸਤਿਕਾਰ ਨਹੀਂ ? ਮੈਂ ਤਾਂ ਤੁਹਾਡੀਆਂ ਫਲਿਮਾਂ 'ਚ ਦੇਖਿਆ ਸੁਣਿਆ ਸੀ ਕਿ ਤੁਸੀਂ ਬਹੁਤ ਸੰਸਕਾਰੀ ਹੁੰਦੇ ਹੋ। ਜਾਓ ਮੈਂ ਨਹੀਂ ਕਰਨਾ ਇਹ ਸੀਨ ਤੇ ਨਾ ਇਹ ਗਾਣਾ।" ਉਸ ਵਕਤ ਸਾਡੇ ਕੀ ਹਾਲ ਹੋਏ ਹੋਣਗੇ ! ਇਹ ਤੁਸੀਂ ਹੁਣ ਆਪ ਆਪਣੇ ਦਿਮਾਗ 'ਚ ਚਿਤਰ ਲਵੋ। ਚਲੋ ਬੜੀ ਮੁਸਕਲ ਨਾਲ ਅਸੀਂ ਡੋਰਸਾ ਨੂੰ ਸਮਝਾ ਕੇ ਘਰ ਤੋਰਿਆ ਤੇ ਆਪਣੀ ਸਾਰੀ ਮਿਹਨਤ ਖੂਹ 'ਚ ਪਾ ਕੇ ਨਵੇਂ ਸਿਰੇ ਤੋਂ ਹੋਰ ਅਦਾਕਾਰਾਂ ਤੇ ਹੋਰ ਪਟਕਥਾ ਨਾਲ ਗੀਤ ਫਲਿਮਾਇਆ। ਪਰ ਹਾਂ ਜੋ ਸਬਕ ਉਹ ਕੁੜੀ ਸਾਨੂੰ ਦੇ ਗਈ, "ਨਾ ਹਾਲੇ ਭੁੱਲੇ ਹਾਂ ਨਾ ਕਦੇ ਭੁੱਲਾਂਗੇ।" ਜਾਂਦੀ-ਜਾਂਦੀ ਉਹ ਕਹਿਦੀ ਕਿ "ਕੀ ਹੋਇਆ ਇਹ ਅੱਜ ਸੰਸਾਰ 'ਚ ਨਹੀਂ ਹਨ ਪਰ ਕੀ ਜੇ ਉਹ ਹੁੰਦੇ, ਉਹ ਸਾਨੂੰ ਆਪਣੀ ਨਿੱਜਤਾ ਵੱਲ ਝਾਕਣ ਦਿੰਦੇ ?" ਉਸ ਦੇ ਸਵਾਲ ਬਹੁਤ ਗਹਿਰੇ ਸਨ। ਉਹਨਾਂ ਦਾ ਜਵਾਬ ਨਮੋਸੀ ਭਰੀ ਚੁੱਪ ਨਾਲ ਅਤੇ ਪਛਤਾਵੇ ਨਾਲ ਹੀ ਦਿੱਤਾ ਜਾ ਸਕਦਾ ਸੀ। ਜੋ ਅਸੀਂ ਉਸ ਵਕਤ ਦਿੱਤਾ।

ਦੂਜੀ ਘਟਨਾ ਵੀ ਸੁਣ ਲਵੋ। ਮੈਂ ਆਸਟ੍ਰੇਲੀਆ ਆਪਣੇ ਵੱਡੇ ਸਾਢੂ ਸਾਹਿਬ ਸ ਨਿਰਮਲ ਸਿੰਘ ਦੇ ਕਹਿਣ ਅਤੇ ਉਹਨਾਂ ਦੀ ਮਦਦ ਸਦਕਾ ਹੀ ਆਉਣ 'ਚ ਕਾਮਯਾਬ ਹੋਇਆ ਸੀ। ਰੱਬੀ ਰੂਹ ਸਨ ਉਹ। ਅਚਾਨਕ ਇਕ ਭੈੜੀ ਬਿਮਾਰੀ ਉਹਨਾਂ ਨੂੰ ਸਾਡੇ ਕੋਲੋਂ ਲੈ ਗਈ। ਉਹਨਾਂ ਦੇ ਬੱਚੇ ਹਾਲੇ ਜਵਾਨੀ ਦੀ ਦਹਿਲੀਜ 'ਤੇ ਸਨ। ਜਦੋਂ ਆਖਰੀ ਰਸਮਾਂ ਦੀ ਗੱਲ ਆਈ ਤਾਂ ਵੀਰ ਜੀ ਦੇ ਕੁਝ ਕੁ ਖਾਸ ਮਿੱਤਰ ਮੇਰੇ ਨਾਲ ਬੈਠੇ ਸਲਾਹ ਮਸਵਰਾ ਕਰ ਰਹੇ ਸਨ। ਸਾਰਿਆਂ ਨੇ ਰਲ-ਮਿਲ ਆਖਰੀ ਰਸਮਾਂ ਦੀ ਰੂਪ ਰੇਖਾ ਤਹਿ ਕਰ ਲਈ। ਜਦੋਂ ਇਹ ਉਹਨਾਂ ਦੇ ਬੱਚਿਆਂ ਨਾਲ ਸਾਂਝੀ ਕੀਤੀ ਤਾਂ ਉਹਨਾਂ ਦਾ ਬੇਟਾ ਤਖਤ ਸਿੰਘ, ਜੋ ਕਿ ਇੱਥੋਂ ਦਾ ਜੰਮਪਲ ਹੈ ਕਹਿੰਦਾ, ਨਹੀਂ ! ਇਹ ਸਾਨੂੰ ਮਨਜੂਰ ਨਹੀਂ। ਅਸੀਂ ਠੰਠਬਰ ਗਏ ਕਿ ਕਿਹੜੀ ਗੁਸਤਾਖੀ ਹੋ ਗਈ। ਸਾਡੇ ਕੋਲੋਂ। ਕਹਿੰਦੇ ਮੇਰੇ ਡੈਡੀ ਦੀ ਨਿੱਜਤਾ ਦਾ ਸਵਾਲ ਹੈ। ਉਹਨਾਂ ਨੂੰ ਅਖੀਰੀ ਇਸਨਾਨ ਦਾ ਹੱਕ ਸਿਰਫ ਸਾਡੇ ਕੋਲ ਆ। ਉਹ ਬੱਚਾ ਅੱਖਾਂ ਲਾਲ ਕਰ ਕੇ ਸਾਨੂੰ ਸਵਾਲ ਕਰ ਰਿਹਾ ਸੀ ਕਿ ਜੇ ਮੇਰੇ ਡੈਡੀ ਜਿਉਂਦੇ ਹੁੰਦੇ ਉਹ ਏਦਾਂ ਇਕ ਭੀੜ ਕੋਲੋਂ ਨਹਾਉਣਾ ਚਾਹੁੰਦੇ ? ਭਾਵੇਂ ਸਾਡੇ ਲਈ ਇਹ ਗੱਲ ਮੁੱਢੋਂ ਨਵੀਂ ਸੀ ਅਸੀਂ ਕਦੇ ਇਸ ਪੱਖ ਤੋਂ ਦੇਖਿਆ ਸੋਚਿਆ ਹੀ ਨਹੀਂ ਸੀ। ਪਰ ਗੱਲ ਬਹੁਤ ਪਤੇ ਦੀ ਅਤੇ ਵਜਨਦਾਰ ਸੀ। ਸੋ ਅਸੀਂ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਅਤੇ ਪਰਵਾਰਿਕ ਨਿੱਜਤਾ ਨੂੰ ਕਾਇਮ ਰੱਖਿਆ।




ਉਪਰੋਕਤ ਦੋ ਦਲੀਲਾਂ ਸਾਇਦ ਬਹੁਤ ਹਨ ਮੇਰੀ ਗੱਲ ਰਾਹ ਪਾਉਣ ਲਈ। ਸੋ ਦੋਸਤੋ ਹੁਣ ਜਦੋਂ ਵੀ ਸੋਸਲ ਮੀਡੀਆ 'ਤੇ ਇਸ ਤਰ੍ਹਾਂ ਮਿਰਤਕ ਦੇਹਾਂ ਦੀਆਂ ਤਸਵੀਰਾਂ ਦੇਖਦਾ ਹਾਂ ਤਾਂ ਦਿਲ ਅੰਦਰ ਧੂਹ ਪੈਂਦੀ ਹੈ ਕਿ ਕਦੋਂ ਸਾਡੀ ਸਮਝ ਡੋਰਸਾ ਅਤੇ ਤਖਤ ਵਰਗੀ ਹੋਵੇਗੀ ?

ਵੱਡੀ ਗੱਲ ਤਾਂ ਇਹ ਹੈ ਕਿ ਜੋ ਆਖਰੀ ਫੋਟੋ ਬੰਦਾ ਦੇਖ ਲੈਂਦਾ, ਤਾਅ ਉਮਰ ਉਹੀ ਜਹਿਨ 'ਚ ਘੁੰਮਦੀ ਰਹਿੰਦੀ ਹੈ। ਉੱਘੇ ਕਲਾਕਾਰ ਜਸਪਾਲ ਭੱਟੀ ਹੋਰਾਂ ਨਾਲ ਮੈਂ ਉਹਨਾਂ ਦੀ ਮੌਤ ਤੋਂ ਕੁਝ ਕੁ ਘੰਟੇ ਪਹਿਲਾਂ ਰੇਡੀਓ ਤੇ ਇਕ ਮੁਲਾਕਾਤ ਕੀਤੀ ਸੀ। ਬਹੁਤ ਖੂਬਸੂਰਤ ਯਾਦਾਂ ਸਨ ਦਿਮਾਗ 'ਚ। ਪਰ ਜਦੋਂ ਉਹਨਾਂ ਦਾ ਐਕਸੀਡੈਂਟ ਹੋਇਆ ਤਾਂ ਕਿਸੇ ਨੇ ਉਹਨਾਂ ਦੀ ਮਿਰਤਕ ਦੇਹ ਦੀਆਂ ਤਸਵੀਰਾਂ ਹਸਪਤਾਲ ਦੇ ਇਕ ਸਟਰੈਚਰ ਤੇ ਬਹੁਤ ਹੀ ਬੁਰੀ ਹਾਲਤ 'ਚ ਸੋਸਲ ਮੀਡੀਆ 'ਤੇ ਪਾ ਦਿੱਤੀਆਂ ਤੇ ਉਸ ਤੋਂ ਬਾਅਦ ਅੱਜ ਤੱਕ ਮੈਨੂੰ ਮੇਰੀਆਂ ਯਾਦਾਂ 'ਚ ਕਦੇ ਉਹ ਮੁਸਕਰਾਉਂਦਾ ਜਸਪਾਲ ਭੱਟੀ ਨਹੀਂ ਦਿਸਿਆ। ਕਹਿੰਦੇ ਆ ਰਾਜੇਸ ਖੰਨਾ ਨੇ ਆਪਣੀ ਬਿਮਾਰੀ ਦੀ ਹਾਲਤ 'ਚ ਆਪਣੇ ਆਪ ਨੂੰ ਅੰਦਰ ਤਾੜ ਲਿਆ ਸੀ ਕਿਉਂਕਿ ਉਹ ਚਾਹੁੰਦਾ ਸੀ ਉਸ ਦੀ ਸੁਪਰ ਸਟਾਰ ਦੀ ਸਾਖ ਉਸ ਦੇ ਚਾਹੁਣ ਵਾਲਿਆਂ 'ਚ ਬਣੀ ਰਹੇ। ਨਾ ਕਿ ਲੋਕ ਉਸ ਦੀਆਂ ਬੁਰੀ ਹਾਲਤ 'ਚ ਤਸਵੀਰਾਂ ਦੇਖਣ ਤੇ ਉਸੇ ਰਾਜੇਸ ਖੰਨੇ ਨੂੰ ਰਹਿੰਦੀ ਉਮਰ ਯਾਦ ਕਰਨ।

ਹਰ ਮੁਲਕ ਨੇ ਆਪਣੇ-ਆਪਣੇ ਢੰਗ ਨਾਲ ਇਸ ਮਸਲੇ ਤੇ ਕਾਨੂੰਨ ਵੀ ਬਣਾਏ ਹੋਏ ਹਨ ਪਰ ਅਫਸੋਸ ਬਹੁਤ ਘੱਟ ਲੋਕ ਜਾਣਦੇ ਹਨ ਅਤੇ ਇਹਨਾਂ ਦੀ ਵਰਤੋਂ ਕਰਦੇ ਹਨ। ਕਾਨੂੰਨ ਵਰਤੋਗੇ ਵੀ ਕੀਹਦੇ ਉੱਤੇ ? ਕਿਉਂਕਿ ਅਸੀਂ ਤਾਂ ਆਪ ਹੀ ਆਪਣਿਆਂ ਦੀਆਂ ਹੀ ਮਿਰਤਕ ਦੇਹਾਂ ਦੀਆਂ ਤਸਵੀਰਾਂ ਜਨਤਕ ਸਾਂਝੀਆ ਕਰਦੇ ਹਾਂ। ਹਾਂ ਇਕ ਕਾਨੂੰਨ ਅਕਾਲ ਪੁਰਖ ਦੀ ਰਜਾ 'ਚ ਦੁਨਿਆਵੀ ਵੀ ਹੈ ਜਿਸ 'ਚ ਕਿਸੇ ਦੀ ਮਿੱਟੀ ਨੂੰ ਸਾਂਭਣਾ ਵੀ ਇਕ ਵੱਡਾ ਪੁੰਨ ਦੱਸਿਆ ਗਿਆ ਹੈ।

ਕਿਸੇ ਵੀ ਮਿਰਤਕ ਦੇਹ ਦੀ ਤਸਵੀਰ ਜਨਤਕ ਕਰਨ ਤੋਂ ਪਹਿਲਾਂ ਐਨਾ ਕੁ ਸੋਚ ਲਿਆ ਕਰੋ ਕਿ ਤੁਸੀਂ ਆਪ ਦਸ-ਦਸ ਤਸਵੀਰਾਂ 'ਚੋਂ ਫਲਿਟਰ ਲਾ-ਲਾ ਕੇ ਸੋਸਲ ਮੀਡੀਆ 'ਤੇ ਇਕ ਤਸਵੀਰ ਪਾਉਂਦੇ ਹੋ ਤੇ ਕੀ ਤੁਸੀਂ ਚਾਹੋਗੇ ਕਿ ਕੋਈ ਤੁਹਾਡੀ ਬੇ-ਸੂਰਤ ਤਸਵੀਰ ਕੋਈ ਜਨਤਕ ਕਰੇ ? ਮੈਂ ਤਾਂ ਕਦੇ ਵੀ ਨਹੀਂ ਚਾਹਾਂਗਾ ਕੋਈ ਮੇਰੀ ਨੱਕ 'ਚ ਫੰਭੇ ਪਾਈ ਤਸਵੀਰ ਖਿੱਚੇ ਤੇ ਜਨਤਕ ਕਰੇ। ਸੋ ਇਸੇ ਲਈ ਬੇਨਤੀ ਕਰਦੇ ਹਾਂ ਕਿ ਜੇਕਰ ਕਿਸੇ ਇਨਸਾਨ ਨੂੰ ਤੁਸੀਂ ਸੱਚੀਂ ਦਿਲੋਂ ਚਾਹੁੰਦੇ ਸੀ ਤਾਂ ਉਸ ਦੀ ਨਿੱਜਤਾ ਨੂੰ ਧਿਆਨ ਰੱਖਦੇ ਉਸ ਦੀ ਮਿਰਤਕ ਦੇਹ ਦੀਆਂ ਤਸਵੀਰਾਂ ਨਾਲੋਂ ਉਸ ਦੇ ਚੰਗੇ ਸਮੇਂ ਦੀ ਤਸਵੀਰ ਨੂੰ ਜਨਤਕ ਕਰ ਕੇ ਆਪਣੀ ਹਮਦਰਦੀ ਜਾਹਿਰ ਕਰ ਲਿਆ ਕਰੋ।

ਹੋ ਸਕਦਾ ਮੈਂ ਗਲਤ ਹੋਵਾਂ ! ਪਰ ਅੱਜ ਦੇ ਯੁੱਗ 'ਚ ਹਰ ਬੰਦੇ ਕੋਲ ਆਪਣੇ ਵਿਚਾਰ ਰੱਖਣ ਦੇ ਹੱਕ ਅਤੇ ਸਾਧਨ ਹਨ ਸੋ ਉਮੀਦ ਹੈ ਇਸ ਵਿਸੇ 'ਤੇ ਉਸਾਰੂ ਚਰਚਾ ਜਾਰੀ ਰੱਖੋਗੇ।

# ਸਿੱਖ ਕੌਮ ਵਿੱਚ ਸ਼ਹਾਦਤਾਂ ਦਾ ਦੌਰ-1



ਗੁਰਭੇਜ ਸਿੰਘ

ਸਿੱਖ ਧਰਮ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਭਾਰਤੀ ਧਰਮਾਂ ਵਿਚ ਸ਼ਹੀਦ ਅਤੇ ਸ਼ਹਾਦਤ ਸ਼ਬਦ ਦੀ ਵਰਤੋਂ ਹੋਣ ਲੱਗੀ। ਇਸ ਤੋਂ ਪਹਿਲਾਂ ਇਸਲਾਮ ਧਰਮ ਵਿਚ ਸ਼ਹਾਦਤ ਦੇ ਸੰਕਲਪ ਨੂੰ ਵੱਡੀ ਮਹਾਨਤਾ ਪ੍ਰਾਪਤ ਸੀ। ਪਰ ਬਾਕੀ ਧਰਮਾਂ ਨਾਲੋਂ ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਵੱਖਰਾ ਹੈ। ਕਿਉਂ ਕਿ ਸਿੱਖ ਸਿਰਫ ਆਪਣੇ ਧਰਮ ਲਈ ਸ਼ਹਾਦਤ ਨਹੀਂ ਦਿੰਦਾ ਸਗੋਂ ਉਹ ਦੂਸਰੇ ਧਰਮਾਂ ਲਈ ਵੀ ਮਰ ਮਿਟਣ ਲਈ ਤਿਆਰ ਰਹਿੰਦਾ ਹੈ। ਸਿੱਖ ਧਰਮ ਦਾ ਸਾਰਾ ਇਤਿਹਾਸ ਹੀ ਸ਼ਹਾਦਤਾਂ ਨਾਲ ਭਰਿਆ ਪਿਆ ਹੈ। ਸਿੱਖ ਧਰਮ ਵਿਚ ਸ਼ਹਾਦਤ ਦੇ ਸ਼ਬਦ ਨੂੰ ਅਮਲੀ ਜਾਮਾਂ ਸ਼੍ਰੀ ਗੁਰੂ ਅਰਜਨ ਸਾਹਿਬ ਨੇ ਗੁਰਗੱਦੀ ਤੇ ਬਿਰਾਜਮਾਨ ਹੋਣ ਉਪਰੰਤ ਸ਼ਹੀਦੀ ਦੇ ਕੇ ਪਹਿਨਾਇਆ। ਇਸ ਕਦਮ ਨੇ ਧਾਰਮਿਕ ਸਥਾਨਾਂ ਦੁਆਲੇ ਲੱਗੀਆਂ ਧਾਰਮਿਕ ਵਲਗਣਾਂ ਨੂੰ ਤੋੜਿਆ। ਹਰਿਮੰਦਰ ਦੇ ਚਾਰੇ ਪਾਸੇ ਬਣਾਏ ਦਰਵਾਜ਼ੇ ਵੀ ਇਸ ਗੱਲ ਦਾ ਸੂਚਕ ਹਨ ਕਿ ਇਸ ਧਰਮ ਵਿਚ ਜਾਤ ਪਾਤ, ਰੰਗ ਭੇਦ ਲਈ ਕੋਈ ਥਾਂ ਨਹੀਂ। ਗੁਰੂ ਅਰਜਨ ਦੇਵ ਨੇ ਅਗਲਾ ਵਿਲੱਖਣ ਕੰਮ ਪਵਿੱਤਰ ਧਰਮ ਗ੍ਰੰਥ ਦੀ ਸੰਪਾਦਨਾਂ ਕਰਕੇ ਕੀਤਾ। ਅੰਮ੍ਰਿਤਸਰ ਨੂੰ ਧਾਰਮਿਕ ਕੇਂਦਰ ਵਜੋਂ ਸਥਾਪਿਤ ਕੀਤੇ ਜਾਣ ਤੇ ਸਿੱਖਾਂ ਨੂੰ ਇਕ ਸਾਂਝਾ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ। ਜਿਸ ਨਾਲ ਸਿੱਖ ਧਰਮ ਦੀ ਚੜ੍ਹਦੀ ਕਲਾ ਹੋਣ ਲੱਗੀ ਜੋ ਇਕ ਲਹਿਰ ਬਣ ਗਈ। ਅਜਿਹੀਆਂ ਲਹਿਰਾਂ ਜਰਵਾਣਿਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪੈਂਦੀਆਂ ਹਨ। 16005 ਈਸਵੀ ਵਿਚ ਅਕਬਰ ਦੀ ਮੌਤ ਹੋ ਗਈ ਅਤੇ ਰਾਜਗੱਦੀ ਉਸਦੇ ਪੁੱਤਰ ਜਹਾਂਗੀਰ ਨੇ ਸੰਭਾਲ ਲਈ। ਜਹਾਂਗੀਰ ਅਕਬਰ ਦੇ ਸ਼ਹਿਨਸ਼ੀਲਤਾ ਵਾਲੇ ਸੁਭਾਅ ਦੇ ਮੁਕਾਬਲੇ ਕੱਟੜਤਾ ਦਾ ਹਾਮੀ ਰਾਜਾ ਸੀ। ਜਿਸ ਕਰਕੇ ਸਿੱਖ ਵਿਰੋਧੀ ਤਾਕਤਾਂ ਨੂੰ ਜਿਨ੍ਹਾਂ ਦਾ ਮੁਖੀ ਸ਼ੇਖ ਅਹਿਮਦ ਸਰਹਿੰਦੀ ਸੀ ਅਤੇ ਉਸਦਾ ਨਿਸ਼ਾਨਾਂ ਪੂਰੇ ਦੇਸ਼ ਨੂੰ ਇਸਲਾਮ ਧਰਮ ਵਿਚ ਤਬਦੀਲ ਕਰਨਾ ਸੀ ਅਤੇ ਸਿੱਖ ਧਰਮ ਦੀ ਚੜ੍ਹਤ ਉਸਨੂੰ ਚੁੱਭਦੀ ਸੀ। ਜਹਾਂਗੀਰ ਇਨ੍ਹਾਂ ਕੱਟੜਪੰਥੀਆਂ ਦੇ ਪੂਰੀ ਤਰਾਂ ਪ੍ਰਭਾਵ ਹੇਠ ਸੀ ਅਤੇ ਉਹ ਇਸਲਾਮ ਧਰਮ ਤੋਂ ਬਿਨਾਂ ਦੂਸਰੇ ਧਰਮਾਂ ਨੂੰ ਨਫਰਤ ਕਰਦਾ ਸੀ, ਜਿਸ ਵਿਚ ਸਿੱਖ ਧਰਮ ਵੀ ਸ਼ਾਮਲ ਸੀ। ਗੁਰੂ ਸਾਹਿਬ ਦਾ ਮੁਸਲਮਾਨਾਂ ਧਰਮ ਨਾਲ ਸਬੰਧਤ ਲੋਕਾਂ ਵਿਚ ਵਧ ਰਿਹਾ ਸਤਿਕਾਰ ਜਹਾਂਗੀਰ ਦੀ ਨੀਂਦ ਹਰਾਮ ਕਰ ਰਿਹਾ ਸੀ। ਇੱਥੋਂ ਤੱਕ ਕਿ ਜਹਾਂਗੀਰ ਦਾ ਵੱਡਾ ਲੜਕਾ ਖੁਸਰੋ ਵੀ ਗੁਰੂ ਘਰ ਦਾ ਉਪਾਸ਼ਕ ਸੀ। ਉਸਦੇ ਆਪਣੇ ਬਾਪ ਨਾਲ ਵਿਚਾਰ ਨਾਂ ਮਿਲਣ ਕਰਕੇ ਜਹਾਂਗੀਰ ਨੇ ਉਸਨੂੰ ਜੇਲ੍ਹ ਵਿਚ ਕੈਦ ਕਰ ਦਿੱਤਾ ਸੀ ਤਾਂ ਇਕ ਦਿਨ ਉਹ ਕਿਸੇ ਤਰਾਂ ਜੇਲ੍ਹ ਵਿੱਚੋਂ ਨਿੱਕਲ ਗਿਆ ਅਤੇ ਉਸਨੇ ਸੋਚ ਲਿਆ ਕਿ ਕਿਸੇ ਤਰਾਂ ਅਫਗਾਨਿਸਤਾਨ ਪਹੁੰਚਕੇ ਆਪਣੇ ਪਿਤਾ ਵਿਰੁੱਧ ਬਗਾਵਤ ਕਰਕੇ ਉਸਨੂੰ ਗੱਦੀਉਂ ਆਪਣੇ ਦਾਦੇ ਅਕਬਰ ਵਰਗਾ ਰਾਜ ਕਾਇਮ ਕੀਤਾ ਜਾਵੇ। ਅਫਗਾਨਿਸਤਾਨ ਜਾਂਦਿਆਂ ਉਹ ਗੋਇੰਦਵਾਲ ਸਾਹਿਬ ਗੁਰੂ ਜੀ ਕੋਲ ਰੁਕਿਆ, ਅਸ਼ੀਰਵਾਦ ਲਿਆ ਅਤੇ ਅੱਗੇ ਨੂੰ ਚੱਲ ਪਿਆ। ਪਰ ਰਸਤੇ ਵਿਚ ਉਸਨੂੰ ਜਹਾਂਗੀਰ ਦੀਆਂ ਫੌਜਾਂ ਨੇ ਗ੍ਰਿਫਤਾਰ ਕਰ ਲਿਆ ਅਤੇ ਜਹਾਂਗੀਰ ਦੇ ਪੇਸ਼ ਕਰ ਦਿੱਤਾ। ਜਹਾਂਗੀਰ ਨੇ ਆਪਣੇ ਪੁੱਤਰ ਨੂੰ ਹੀ ਅੰਨ੍ਹਾ ਕਰਕੇ ਆਗਰੇ ਦੀ ਜੇਲ੍ਹ ਵਿਚ ਸੁੱਟਣ ਦਾ ਹੁਕਮ ਦੇ ਦਿੱਤਾ। ਜਹਾਂਗੀਰ ਨੂੰ ਇਹ ਵੀ ਭਿਣਕ ਪੈ ਗਈ ਕਿ ਉਹ ਗੁਰੂ ਸਾਹਿਬ ਨੂੰ ਵੀ ਮਿਲਿਆ ਸੀ। ਜਹਾਂਗੀਰ ਪਹਿਲਾਂ ਹੀ ਗੁਰੂ ਸਾਹਿਬ ਨੂੰ ਸਬਕ ਸਿਖਉਣ ਲਈ ਕਿਸੇ ਬਹਾਨੇ ਦੀ ਤਾਕ ਵਿਚ ਸੀ ਜੋ ਉਸਨੂੰ ਜਲਦੀ ਹੀ ਮਿਲ ਗਿਆ। ਉਸਨੇ ਤੁਰੰਤ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਚਾੜ੍ਹ ਦਿੱਤੇ ਕਿ ਗੁਰੂ ਨੂੰ ਫੜ੍ਹਕੇ ਲਾਹੌਰ ਲਿਆਂਦਾ ਜਾਵੇ ਅਤੇ ਖੁਸਰੋ ਪਨਾਹ ਦੇਣ ਦੇ ਦੋਸ਼ ਵਿਚ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ। ਜ਼ਾਲਮਾਂ ਨੇ ਅਜਿਹਾ ਹੀ ਕੀਤਾ ਅਤੇ ਗੁਰੂ ਸਾਹਿਬ ਨੂੰ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਸਿੱਖ ਧਰਮ ਵਿਚ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਇਹ ਪਹਿਲੀ ਸ਼ਹਾਦਤ ਸੀ। ਇਸ ਸ਼ਹਾਦਤ ਨਾਲ ਸਿੱਖ ਧਰਮ ਵਿਚ ਸ਼ਹਾਦਤਾਂ ਦਾ ਦੌਰ ਸ਼ੁਰੂ ਹੋ ਗਿਆ। ਸਿੱਖ ਧਰਮ ਵਿਚ ਦੂਜੀ ਸ਼ਹਾਦਤ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਉਦੋਂ ਦਿੱਤੀ ਜਦੋਂ 1675 ਈਸਵੀ ਵਿਚ ਕਸ਼ਮੀਰੀ ਪੰਡਤ ਗੁਰੂ ਸਾਹਿਬ ਕੋਲ ਅਨੰਦਪੁਰ ਦੀ ਧਰਤੀ ਤੇ ਇਹ ਫਰਿਆਦ ਲੈ ਕੇ ਪੁੱਜੇ ਅਤੇ ਦੱਸਿਆ ਕਿ ਕਸ਼ਮੀਰ ਦਾ ਪਹਿਲਾ ਸੂਬੇਦਾਰ ਸੈਫਖਾਨ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ ਅਤੇ ਬੜੇ ਹੀ ਦਿਆਲਤਾ ਵਾਲੇ ਸੁਭਾਅ ਵਾਲਾ ਇਨਸਾਨ ਸੀ ਪਰ ਔਰੰਗਜ਼ੇਬ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ ਜਿਸ ਕਰਕੇ ਉਸਨੇ ਸੈਫਖਾਨ ਨੂੰ ਹਟਾ ਕੇ ਉਸਦੀ ਥਾਂ ਇਫਤਖਾਰ ਖਾਨ ਨੂੰ ਲਾ ਦਿੱਤਾ ਹੈ ਅਤੇ ਸੂਬੇਦਾਰ ਬਣਦਿਆਂ ਹੀ ਉਸਨੇ ਹਿੰਦੂਆਂ ਤੇ ਜ਼ੁਲਮ ਕਰਨਾਂ ਸ਼ੁਰੂ ਕਰ ਦਿੱਤਾ ਹੈ ਅਤੇ ਸਭ ਨੂੰ ਜਬਰੀ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਕਰਕੇ ਉਹ ਗੁਰੂ ਨਾਨਕ ਪਾਤਸ਼ਾਹ ਦੇ ਘਰ ਦੇ ਸ਼ਰਧਾਲੂ ਬ੍ਰਹਮ ਦਾਸ ਦੇ ਪੜਪੋਤਰੇ ਕਿਰਪਾ ਰਾਮ ਦੀ ਅਗਵਾਈ ਚ ਆਪਦੀ ਸ਼ਰਨ ਲੈਣ ਲਈ ਪੁੱਜੇ ਹਾਂ। ਜਦੋਂ ਇਸ ਪ੍ਰਤੀ ਵਿਚਾਰ ਚਰਚਾ ਹੋ ਰਹੀ ਸੀ ਅਤੇ ਸਾਰੇ ਸੋਚਾਂ ਵਿਚ ਡੁੱਬੇ ਹੋਏ ਸਨ ਤਾਂ ਉਸ ਸਮੇਂ ਬਾਲ ਗੋਬਿੰਦ ਗੁਰੂ ਸਾਹਿਬ ਦੇ ਦਰਬਾਰ ਵਿਚ ਪਹੁੰਚੇ ਅਤੇ ਸੰਗਤ ਦੇ ਆਉਣ ਦਾ ਕਾਰਨ ਜਾਨਣਾ ਚਾਹਿਆ ਤਾਂ ਗੁਰੂ ਸਾਹਿਬ ਵਲੋਂ ਸਾਰੀ ਵਿਥਿਆ ਸੁਣਾਉਣ ਉਪਰੰਤ ਕਿਹਾ ਕਿ ਇਨ੍ਹਾਂ ਦਾ ਘਰਮ ਬਚਾਉਣ ਲਈ ਕਿਸੇ ਮਹਾਂਪੁਰਖ ਦੀ ਸ਼ਹਾਦਤ ਦੀ ਲੋੜ ਹੈ ਤਾਂ ਬਾਲ ਗੋਬਿੰਦ ਨੇ ਕਿਹਾ ਕਿ ਤੁਹਾਡੇ ਤੋਂ ਵੱਡਾ ਕੌਣ ਹੈ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਸ਼ਮੀਰੀ ਪੰਡਤਾਂ ਨੂੰ ਕਹਿ ਦਿੱਤਾ ਕਿ ਜਾਉ ਤੇ ਸੂਬੇਦਾਰ ਨੂੰ ਕਹਿ ਦਿਉ ਕਿ ਉਹ ਆਪਣਾ ਧਰਮ ਛੱਡ ਦੇਣਗੇ ਜੇਕਰ ਉਹ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਮਨਾ ਲੈਣ। ਇਹ ਸੁਨੇਹਾਂ ਔਰੰਗਜ਼ੇਬ ਕੋਲ ਵੀ ਪਹੁੰਚ ਗਿਆ ਅਤੇ ਉਸਨੇ ਗੁਰੂ ਸਾਹਿਬ ਗ੍ਰਿਫਤਾਰ ਕਰਨ ਲਈ ਸਰਹੰਦ ਦੇ ਸੂਬੇਦਾਰ ਦਿਲਾਵਰ ਖਾਂ ਰਾਹੀਂ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਂ ਨੂੰ ਹੁਕਮ ਚਾੜ੍ਹ ਦਿੱਤੇ। ਇਧਰ ਗੁਰੂ ਸਾਹਿਬ ਨੇ ਸ਼ਹਾਦਤ ਦੇਣ ਲਈ ਖੁਦ ਦਿੱਲੀ ਵੱਲ ਨੂੰ ਕੂਚ ਕਰ ਦਿੱਤਾ। ਉਹ ਅਜੇ ਰੋਪੜ ਦੇ ਪਿੰਡ ਮਲਕਪੁਰ ਰੰਘੜਾਂ ਹੀ ਪਹੁੰਚੇ ਸਨ ਕਿ ਉਨ੍ਹਾਂ ਨੂੰ ਰਸਤੇ ਚ ਹੀ ਗ੍ਰਿਫਤਾਰ ਕਰ ਲਿਆ ਗਿਆ। ਗੁਰੂ ਸਾਹਿਬ ਨੂੰ ਮੁਗਲ ਬਾਦਸ਼ਾਹ ਦੇ ਅਗਲੇ ਹੁਕਮਾਂ ਤੱਕ ਸਰਹੰਦ ਵਿਚ ਕੈਦ ਕਰਕੇ ਰੱਖਿਆ ਗਿਆ। ਅਗਲਾ ਹੁਕਮ ਮਿਲਦੇ ਹੀ ਗੁਰੂ ਸਾਹਿਬ ਨੂੰ 5 ਨਵੰਬਰ 1675 ਈਸਵੀ ਨੂੰ ਗੁਰੂ ਸਾਹਿਬ ਨੂੰ ਸਾਥੀ ਸਿੱਖਾਂ ਸਮੇਤ ਦਿੱਲੀ ਭੇਜ ਦਿੱਤਾ ਗਿਆ।

ਦਿੱਲੀ ਵਿਚ ਗੁਰੂ ਸਾਹਿਬ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ ਅਤੇ ਕਬੂਲ ਨਾਂ ਕਰਨ ਤੇ ਮਰਨ ਲਈ ਤਿਆਰ ਰਹਿਣ ਲਈ ਕਿਹਾ ਗਿਆ। ਪਰ ਗੁਰੂ ਸਾਹਿਬ ਨੇ ਇਹ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ। ਔਰੰਗਜ਼ੇਬ ਦਾ ਕੋਈ ਵੀ ਹੀਲਾ ਉਨ੍ਹਾਂ ਨੂੰ ਝੁਕਾਅ ਨਾਂ ਸਕਿਆ ਅਤੇ ਅਖੀਰ ਸਾਹੀ ਜਲਾਦ ਨੇ ਬਾਦਸ਼ਾਹ ਦੇ ਹੁਕਮ ਤੇ ਗੁਰੂ ਸਾਹਿਬ ਨੂੰ ਚਾਂਦਨੀ ਚੌਂਕ ਵਿਚ ਬਿਠਾਕੇ ਉਨ੍ਹਾਂ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ।

**ਸ਼ਹੀਦ ਭਾਈ ਮਤੀ ਦਾਸ:** ਗੁਰੂ ਤੇਗ ਬਹਾਦਰ ਸਾਹਿਬ ਨਾਲ ਗ੍ਰਿਫਤਾਰ ਹੋ ਕੇ ਦਿੱਲੀ ਜਾਣ ਵਾਲਿਆਂ ਸਿੱਖਾਂ ਵਿਚ ਭਾਈ ਮਤੀ ਦਾਸ ਪਹਿਲੇ ਸਿੱਖ ਸਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਨਾਲ ਜਾ ਕੇ ਸਭ ਤੋਂ ਪਹਿਲਾਂ ਸ਼ਹਾਦਤ ਦਾ ਜਾਮ ਪੀਤਾ। ਭਾਈ ਮਤੀ ਦਾਸ ਜੀ ਭਾਈ ਪਰਾਗਾ ਜੀ ਖਾਨਦਾਨ ਵਿੱਚੋਂ ਸਨ। ਭਾਈ ਪਰਾਗਾ ਜੀ ਗੁਰੂ ਹਰਗੋਬਿੰਦ ਸਾਹਿਬ ਦੇ ਸਿਰਲੱਥ ਪੰਜ ਸਿੱਖਾਂ ਭਾਈ ਜੇਠਾ, ਭਾਈ ਮੋਖਾ, ਭਾਈ ਲੰਗਾਹ, ਭਾਈ ਬਿਧੀ ਚੰਦ ਵਿੱਚੋਂ ਭਾਈ ਪਰਾਗਾ ਇਕ ਸਨ। ਇਸ ਕਰਕੇ ਭਾਈ ਮਤੀ ਦਾਸ ਜੀ ਦੇ ਖਾਨਦਾਨ ਦਾ ਗੁਰੂ ਘਰ ਨਾਲ ਪੁਰਾਣਾ ਰਿਸ਼ਤਾ ਸੀ। ਭਾਈ ਮਤੀ ਦਾਸ ਅਤੇ ਸਤੀ ਦਾਸ ਦੇ ਪਿਤਾ ਹੀਰਾ ਨੰਦ ਨੇ ਇਨ੍ਹਾਂ ਨੂੰ ਬਾਲ ਉਮਰ ਵਿਚ ਹੀ ਗੁਰੂ ਘਰ ਦੇ ਲੜ ਲਾ ਦਿੱਤਾ ਸੀ। ਗੁਰੂ ਤੇਗ ਬਹਾਦਰ ਸਾਹਿਬ ਨਾਲ ਦਿੱਲੀ ਚ ਕੈਦ ਸਮੇਂ ਭਾਈ ਸਾਹਿਬ ਨੂੰ ਬੜੇ ਤਸੀਹੇ ਦਿੱਤੇ ਗਏ ਪਰ ਉਹ ਡੋਲੇ ਨਹੀਂ। ਆਖਿਰ ਆਪ ਨੂੰ ਨਵੰਬਰ 1675 ਈਸਵੀ ਨੂੰ ਗੁਰੂ ਸਾਹਿਬ ਦੇ ਸਾਹਮਣੇ ਆਰੇ ਨਾਲ ਚੀਰ ਕੇ ਜ਼ਾਲਮਾਂ ਨੇ ਸ਼ਹੀਦ ਕਰ ਦਿੱਤਾ।

## ਲੱਖਾ ਸਿਧਾਣਾ ਬਚ ਨਿਕਲਿਆ - ਫੜਨ ਆਈ ਪੁਲਿਸ ਦੀ ਅਸਫ਼ਲ ਕੋਸ਼ਿਸ਼



ਲਹਿਰਾਗਾਗਾ (ਪੰਜਾਬੀ ਅਖ਼ਬਾਰ ਬਿਊਰੋ) ਦਿਲੀ ਪੁਲੀਸ ਦੇ ਸਹਿਯੋਗ ਨਾਲ ਸੰਗਰੂਰ ਪੁਲਿਸ ਵੱਲੋਂ ਸੁਨਾਮ ਤਹਿਸੀਲ ਦੇ ਪਿੰਡ ਛਾਜਲੀ ਵਿੱਚ ਲੱਖਾ ਸਿਧਾਣਾ ਨੂੰ ਫੜਣ ਲਈ ਕੋਸਿਸ ਕੀਤੀ ਗਈ ਤਾਂ ਲੋਕਾਂ ਨੇ ਉਸਦਾ ਜ਼ੋਰਦਾਰ ਵਿਰੋਧ ਕੀਤਾ। ਡੀ ਐਸ ਪੀ ਸੁਨਾਮ ਦੀ ਅਗਵਾਈ 'ਚ ਭਾਰੀ ਪੁਲਿਸ ਫੋਰਸ ਨੇ ਲੱਖਾ ਸਿਧਾਣਾ ਦੇ ਕਾਫਿਲੇ ਨੂੰ ਘੇਰਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਲੋਕਾਂ ਨੇ ਛਾਜਲੀ ਥਾਣੇ ਅੱਗੇ ਧਰਨਾ ਲਾ ਦਿੱਤਾ। ਲੱਖਾ ਸਿਧਾਣਾ ਇਸ ਸਮੇਂ ਲੋਕ ਰੋਹ ਦਾ ਹੀਰੋ ਬਣਿਆ ਹੋਣ ਕਾਰਣ ਲੋਕਾਂ ਦੇ ਜੰਗਲ ਵਿੱਚ ਲੋਕਾਂ ਨੂੰ ਦਿੱਲੀ ਜਾਣ ਲਈ ਉਤਸਾਹਿਤ ਕਰਨ ਵਾਲੀ ਮੁਹਿੰਮ ਚਲਾ ਰਿਹਾ ਹੈ। ਨੌਜਵਾਨਾਂ ਵਲੋਂ ਸੰਗਰੂਰ ਦੇ ਮਹਿਲਾ ਚੌਕ ਤੋਂ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਤਹਿਤ ਪਿੰਡ-ਪਿੰਡ ਜਾ ਕੇ ਘਰਾਂ 'ਚ ਬੈਠੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇਗਾ। ਲੱਖਾ ਸਿਧਾਣਾ ਦਾ ਕਹਿਣਾ ਹੈ ਕਿ ਦਿੱਲੀ ਕਿਸਾਨ ਅੰਦੋਲਨ 'ਚ ਅਜੇ ਸਫ਼ਲਤਾ ਦੂਰ ਦਿਸਦੀ ਹੈ ਅਤੇ ਜਿਹੜੇ ਕਿਸਾਨ ਸਾਥੀ ਜੋ ਘਰਾਂ 'ਚ ਆ ਕੇ ਬੈਠ ਗਏ ਹਨ ਉਨ੍ਹਾਂ ਨੂੰ ਜਗਾਉਣ ਦੇ ਲਈ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਅੱਜ ਜਦੋਂ ਜਦੋਂ ਲੱਖਾ ਸਿਧਾਣਾ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਲੱਖਾ ਸਿਧਾਣਾ ਦੇ ਪ੍ਰਸ਼ੰਸਕ ਭੜਕ ਉੱਠੇ ਤੇ ਉਨ੍ਹਾਂ ਨੇ ਪਿੰਡ ਛਾਜਲੀ ਵਿਖੇ ਧਰਨਾ ਲਗਾ ਦਿੱਤਾ। ਸੰਗਰੂਰ ਦੇ ਮਹਿਲਾ ਚੌਕ 'ਚ ਆਪਣੀ ਮੁਹਿੰਮ ਦੀ ਸ਼ੁਰੂਆਤ ਕਰ ਲੱਖਾ ਸਿਧਾਣਾ ਚੱਲਦੇ ਬਣੇ। ਦੂਜੇ ਪਿੰਡਾਂ 'ਚ ਦਿੱਲੀ ਪੁਲਸ ਰਾਹ ਤਕਦੀ ਰਹੀ।

## ਕੈਲਗਰੀ ਦੇ ਹਸਪਤਾਲਾਂ ਵਿੱਚ ਆਏ ਮਰੀਜ਼ਾਂ ਵਿੱਚੋਂ 95% ਤੋਂ ਜ਼ਿਆਦਾ ਉਹ ਸਨ ਜਿਹਨਾਂ ਦੇ ਵੈਕਸਿਨ ਦਾ ਇੱਕ ਵੀ ਇੰਜੈਕਸ਼ਨ ਨਹੀਂ ਲੱਗਿਆ ਸੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਕਈ ਡਾਕਟਰਾਂ ਨੇ ਦੱਸਿਆ ਹੈ ਕਿ ਕੋਵਿਡ-19 ਤੋਂ ਪੀੜਤ ਉਹ ਮਰੀਜ਼ ਹਸਪਤਾਲਾਂ ਵਿੱਚ ਦਾਖ਼ਲ ਹੋ ਰਹੇ ਹਨ ਜਿਹਨਾਂ ਦੇ ਵੈਕਸਿਨ ਨਹੀਂ ਲੱਗੀ ਹੈ। ਏ.ਐਚ.ਐਸ. ਨਾਲ ਕੈਲਗਰੀ ਜ਼ੋਨ ਵਿੱਚ ਐਮਰਜੰਸੀ ਡਿਪਾਰਟਮੈਂਟ ਦੀ ਨਜ਼ਰਸਾਨੀ ਕਰਨ ਵਾਲੇ. ਡਾ. ਐਡੀ ਲਾਂਗ ਦਾ ਕਹਿਣਾ ਹੈ ਕਿ ਕੈਲਗਰੀ ਦੇ ਹਸਪਤਾਲਾਂ ਵਿੱਚ ਆਏ ਕੋਵਿਡ-19 ਮਰੀਜ਼ਾਂ ਵਿੱਚੋਂ 95% ਤੋਂ ਜ਼ਿਆਦਾ ਉਹ ਸਨ ਜਿਹਨਾਂ ਦੇ ਵੈਕਸਿਨ ਦਾ ਇਕ ਵੀ ਇੰਜੈਕਸ਼ਨ ਨਹੀਂ ਲੱਗਿਆ ਸੀ। ਇੰਜੈਕਸ਼ਨ ਨਾ ਲਗਵਾਉਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਇਸ ਨਾਲ ਰਾਹਤ ਮਿਲੀ ਹੈ ਕਿ ਵੈਕਸਿਨੇਸ਼ਨ ਹਾਸਲ ਕਰਨ ਮਗਰੋਂ ਹਸਪਤਾਲਾਂ ਵਿੱਚ ਜਾਣ ਦੀ ਲੋੜ ਨਾ ਦੇ ਬਰਾਬਰ ਰਹਿ ਜਾਂਦੀ ਹੈ। ਡਾ. ਲਾਂਗ ਦਾ ਕਹਿਣਾ ਹੈ ਕਿ ਇਹ ਦੇਖਣ ਮਗਰੋਂ ਉਹ ਵੀ ਵਧੇਰੇ ਜ਼ੋਨਰ ਨਾਲ ਕੈਲਗਰੀ ਵਾਸੀਆਂ ਨੂੰ ਕਹਿਣਗੇ ਕਿ ਆਪੋ-ਆਪਣੀ ਵੈਕਸਿਨ ਹਰ ਹੀਲੇ ਜ਼ਰੂਰ ਲਗਵਾ ਲੈਣ।

## ਲੈਥਬਰਿੱਜ ਪੁਲਿਸ ਸਿਸਟਮ ਦੀ ਜਾਂਚ ਦਾ ਕੰਮ ਹੁਣ ਮੰਤਰੀ ਸਾਹਿਬ ਆਪਣੇ ਹੱਥ ਲੈ ਰਹੇ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੈਥਬਰਿਜ ਪੁਲਿਸ ਦਾ ਲੀਹੋਂ ਲਿਥਿਆ ਸਿਸਟਮ ਠੀਕ ਕਰਨ ਦੇ ਉਦੇਸ਼ ਨਾਲ ਲੈਥਬਰਿਜ ਪੁਲਿਸ ਮੁਖੀ ਵੱਲੋਂ ਚੁੱਕੇ ਗਏ ਕਦਮਾਂ ਤੋਂ ਨਿਰਾਸ਼ ਐਲਬਰਟਾ ਜਸਟਿਸ ਮਨਿਸਟਰ ਕੈਅਸੀ ਮੈਡੂ ਨੇ ਹੁਣ ਆਪਣੇ ਵੱਲੋਂ ਕੁੱਝ ਆਦੇਸ਼ ਜਾਰੀ ਕੀਤੇ ਹਨ। ਮਨਿਸਟਰ ਮੈਡੂ ਨੇ ਲੈਥਬਰਿਜ ਪੁਲਿਸ ਮੁਖੀ, ਸਿਟੀ ਮੇਅਰ, ਪੁਲਿਸ ਕਮਿਸ਼ਨ ਚੇਅਰ ਅਤੇ ਲੌਅ ਐਨਫੋਰਸਮੈਂਟ ਰਿਵਿਊ ਬੋਰਡ ਨੂੰ ਚਿੱਠੀਆਂ ਲਿਖੀਆਂ ਹਨ। ਮੈਡੂ ਨੇ ਨਵੇਂ ਸਿਰਿ? ਐਕਲਸ਼ਨ ਪਲੈਨ ਲਾਗੂ ਕਰਨ ਅਤੇ ਪਿਛਲੇ 10 ਸਾਲਾਂ ਦੌਰਾਨ ਲੈਥਬਰਿਜ ਪੁਲਿਸ ਵੱਲੋਂ ਆਪਣੇ ਡੇਟਾਬੇਸ ਦੀ ਵਰਤੋਂ ਕਰਨ ਦੇ ਢੰਗ ਦੀ ਜਾਂਚ ਦੇ ਹੁਕਮ ਦਿੱਤੇ ਹਨ। ਪੁਲਿਸ ਚੀਫ਼ ਸ਼ਾਹੀਨ ਮੇਹਦੀਜ਼ਾਦੇ ਨੂੰ ਲਿਖੀ ਚਿੱਠੀ ਵਿੱਚ ਮਨਿਸਟਰ ਮੈਡੂ ਨੇ ਕਿਹਾ ਹੈ ਕਿ ਉਹ ਚੀਫ਼ ਵੱਲੋਂ ਚੁੱਕੇ ਗਏ ਕਦਮਾਂ ਨਾਲ ਸੰਤੁਸ਼ਟ ਨਹੀਂ ਹਨ ਤੇ ਉਹਨਾਂ ਨੂੰ ਨਿਰਾਸ਼ਾ ਹੋਈ ਹੈ। ਹੁਣ ਉਹ ਜਾਂਚ ਦਾ ਕੰਮ ਆਪਣੇ ਹੱਥ ਲੈ ਰਹੇ ਹਨ।

## ਅਲਬਰਟਾ ਸੂਬੇ ਦੇ 78 ਪ੍ਰਤੀਸ਼ਤ ਲੋਕ ਸਰਕਾਰ ਤੋਂ ਸੰਤੁਸ਼ਟ ਨਹੀਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਰਹਿਣ ਵਾਲੇ ਲਗਪਗ 78% ਲੋਕ ਸੂਬੇ ਦੀ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਸਰਕਾਰ ਵੱਲੋਂ ਕੋਰੋਨਾ ਵਾਇਰਸ ਦੀ ਕਰੋਪੀ ਨਾਲ ਨਜਿੱਠਣ ਦੇ ਢੰਗਾਂ ਤੋਂ ਸੰਤੁਸ਼ਟ ਨਹੀਂ ਹਨ। ਲੈਜਰ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਦੱਸਿਆ ਗਿਆ ਹੈ ਕਿ ਸੂਬੇ ਦੇ 1118 ਵਿਅਕਤੀਆਂ ਨਾਲ 21 ਤੋਂ 24 ਮਈ ਦਰਮਿਆਨ ਸੰਪਰਕ ਕਰਕੇ ਇਹ ਜਾਣਕਾਰੀ ਹਾਸਲ ਕੀਤੀ ਗਈ ਹੈ। ਇਸ ਵਿੱਚ ਸਰਕਾਰ ਨੂੰ ਕਾਫੀ ਘੱਟ ਅੰਕ ਪ੍ਰਾਪਤ ਹੋਏ ਹਨ। 63% ਲੋਕਾਂ ਨੇ ਸੂਬੇ ਦੇ ਵੈਕਸਿਨੇਸ਼ਨ ਪ੍ਰੋਗਰੈਮ ਨਾਲ ਸਹਿਮਤੀ ਤੇ ਤਸੱਲੀ ਪ੍ਰਗਟ ਕੀਤੀ ਹੈ ਤੇ ਸਰਕਾਰ ਦੇ ਜਨਤਾ ਨਾਲ ਸੰਪਰਕ ਤੇ ਤਾਲਮੇਲ ਨੂੰ ਸਿਰਫ਼ 30% ਲੋਕਾਂ ਨੇ ਬਹੁਤ ਜ਼ਿਆਦਾ ਵਧੀਆ ਦੱਸਿਆ ਹੈ। ਵਰਕਰਜ਼ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨੂੰ ਲੈ ਕੇ 72% ਨੇ ਇਸ ਕੰਮ ਨੂੰ ਠੀਕ-ਠੀਕ ਕਰਾਰ ਦਿੱਤਾ ਹੈ ਪਰ 28% 'ਤੇ ਇਸ ਨੂੰ ਬਹੁਤ ਵਧੀਆ ਦੱਸਿਆ ਹੈ।

## ਮੈਨੂੰ 90 ਦਿਨਾਂ ਵਿੱਚ ਦੱਸੋ ਕਿ ਕਰੋਨਾ ਵਾਇਰਸ ਕਿੱਥੋਂ ਆਇਆ ਐ -ਜੋਅ ਬਾਇਡਨ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਯੂ.ਐਸ. ਰਾਸ਼ਟਰਪਤੀ ਜੋਅ ਬਾਇਡਨ ਨੇ ਅਮੈਰਿਕਨ ਇੰਟੈਲਿਜੈਂਸ ਅਧਿਕਾਰੀਆਂ ਨੂੰ ਆਦੇਸ਼ ਦੇ ਕੇ ਕਿਹਾ ਹੈ ਕਿ ਉਹ ਪਤਾ ਲਗਾਉਣ ਕਿ ਕੋਵਿਡ-19 ਵਾਇਰਸ ਦਾ ਫੈਲਾਅ ਆਖ਼ਰ ਕਿਸ ਦੇਸ਼ ਤੋਂ ਸ਼ੁਰੂ ਹੋਇਆ। ਉਹਨਾਂ ਕਿਹਾ ਕਿ ਜਾਂਚ ਟੀਮ ਆਪਣੀਆਂ ਕੋਸ਼ਿਸ਼ਾਂ ਦੁੱਗਣੀਆਂ ਕਰ ਦੇਵੇ ਤੇ ਚੀਨ ਦੀ ਉਸ ਲੈਬ ਦੀ ਘੋਖ ਕੀਤੀ ਜਾਵੇ ਜਿਸ ਉੱਤੇ ਸ਼ੱਕ ਹੈ ਕਿ ਇਹ ਵਾਇਰਸ ਉਥੋਂ ਫੈਲਿਆ ਹੋ ਸਕਦਾ ਹੈ। ਰਾਸ਼ਟਰਪਤੀ ਨੇ 90 ਦਿਨਾਂ ਵਿੱਚ ਇਹ ਰਿਪੋਰਟ ਦੇਣ ਨੂੰ ਕਿਹਾ ਹੈ।

## ਸਕੂਲਾਂ ਵਿੱਚੋਂ ਨਸਲਵਾਦ ਖ਼ਤਮ ਕਰਨ ਲਈ ਸਹਾਇਕ ਪ੍ਰੋਗਰਾਮ ਲਿਆਉਣ ਦੇ ਯਤਨ ਕੀਤੇ ਜਾਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਬੋਰਡ ਔਫ਼ ਐਜੁਕੇਸ਼ਨ - ਸੀ.ਬੀ.ਈ. ਦਾ ਕਹਿਣਾ ਹੈ ਕਿ ਪਿਛਲੇ ਸਵਾ ਸਾਲ ਤੋਂ ਸਕੂਲੀ ਸਿਸਟਮ ਵਿੱਚ ਭਾਰੀ ਤਬਦੀਲੀਆਂ ਆਈਆਂ ਅਤੇ ਵਿਦਿਆਰਥੀਆਂ ਨੂੰ ਇਸ ਸਮੇਂ ਦੌਰਾਨ ਵੱਖ ਵੱਖ ਟੈਸਟਾਂ ਵਿੱਚੋਂ ਗੁਜ਼ਰਨਾ ਪਿਆ ਤੇ ਇਸ ਸਮੇਂ ਦੌਰਾਨ ਹਾਸਲ ਹੋਏ ਅੰਕੜਿਆਂ 'ਤੇ ਅਧਾਰਿਤ ਸਕੂਲ ਬੋਰਡ ਵੱਲੋਂ ਨਵੀਆਂ ਸਿਖਿਆ ਨੀਤੀਆਂ-ਲਰਨਿੰਗ ਸਟ੍ਰਿਟਿਜੀਜ਼ ਬਣਾਈਆਂ ਜਾ ਰਹੀਆਂ ਹਨ। ਐਜੁਕੇਸ਼ਨ ਪਲੈਨ 2021-24 ਦੇ ਹਿੱਸੇ ਵਜੋਂ ਇਹਨਾ ਅੰਕੜਿਆਂ ਦੀ ਵਰਤੋਂ ਐਚੀਵੈਂਟ, ਐਕੁਇਟੀ ਅਤੇ ਵੈੱਲ-ਬੀਇੰਗ ਨੂੰ ਮਜ਼ਬੂਤ ਕਰਨ ਲਈ ਕੀਤੀ ਜਾਏਗੀ। ਇਸ ਵਿੱਚ ਸਕੂਲਾਂ ਵਿੱਚੋਂ ਨਸਲਵਾਦ ਖ਼ਤਮ ਕਰਨ ਅਤੇ ਮੂਲ ਨਿਵਾਸੀ ਬੱਚਿਆਂ ਪ੍ਰਤੀ ਵਧੇਰੇ ਸਹਾਇਕ ਪ੍ਰੋਗਰਾਮ ਲਿਆਉਣ ਦੇ ਯਤਨ ਕੀਤੇ ਜਾਣਗੇ। ਸੀ.ਬੀ.ਈ. ਸੁਪਰਿੰਟੈਂਡੈਂਟ ਔਫ਼ ਸਕੂਲ ਇੰਪਰੂਵਮੈਂਟ, ਜੋਐਨ ਪਿਟਮਨ ਦਾ ਕਹਿਣਾ ਹੈ ਕਿ ਪਿਛਲੇ ਸਾਲ ਦੇ ਸੰਕਟ ਨੇ ਬਹੁਤ ਕੁਝ ਨਵਾਂ ਸਿਖਾਇਆ ਹੈ ਤੇ ਉਸ ਤਜਰਬੇ ਦਾ ਲਾਭ ਲੈ ਕੇ ਸਕੂਲੀ ਸਿਸਟਮ ਨੂੰ ਹੋਰ ਵਧੀਆ ਬਣਾਇਆ ਜਾ ਸਕਦਾ ਹੈ। ਸਟੂਡੈਂਟ ਐਡਵਾਇਜ਼ਰੀ ਕੌਂਸਿਲ ਦਾ ਦਾਇਰਾ ਵਧਾਇਆ ਜਾਵੇਗਾ ਤੇ ਬੱਚਿਆਂ ਦੀ ਕਾਰਗੁਜ਼ਾਰੀ ਵਧਾਉਣ ਲਈ ਕਈ ਹੋ ਕਦਮ ਚੁੱਕੇ ਜਾਣ ਦਾ ਫੈਸਲਾ ਲਿਆ ਜਾ ਰਿਹਾ ਹੈ।




# ਤੂਤੜੇ ਦੀ ਧੂਣੀ ਵਾਂਗੂੰ ਧੁਖਦੇ ਗੀਤਾਂ ਦੀ ਗੱਲ

ਅੱਜ ਕੱਲ੍ਹ ਅਨੇਕਾਂ ਈ ਨਵੇਂ ਗੀਤਕਾਰ ਗੀਤਕਾਰੀ ਦੇ ਖੇਤਰ ਵਿੱਚ ਆ ਰਹੇ ਹਨ, ਉਹਨਾਂ ਵਿੱਚੋਂ ਬਹੁਤੇ ਗੀਤ ਤਾਂ ਐਸੇ ਹੁੰਦੇ ਨੇ ਜੋ ਅੱਗ ਦੇ ਭੰਬੂਕੇ ਵਾਂਗੂੰ ਅਸਮਾਨ ਛੋਂਹਦੇ ਨੇ ਪਰ ਬਹੁਤ ਜਲਦੀ ਠੰਢੇ ਹੋ ਜਾਂਦੇ ਹਨ। ਬਹੁਤ ਗੀਤ ਐਸੇ ਵੀ ਨੇ ਜੋ ਤੂਤੜੇ ਦੀ ਧੂਣੀ ਵਾਂਗੂੰ ਧੁਖਦੇ ਰਹਿੰਦੇ ਹਨ ਤੇ ਬਹੁਤ ਹੀ ਥ੍ਹੋੜੇ ਗੀਤ ਨੇ ਜੋ ਲੋਕ-ਗੀਤਾਂ ਵਾਂਗੂ ਪੀੜ੍ਹੀ ਦਰ ਪੀੜ੍ਹੀ ਸਫਰ ਕਰਨ ਦੀ ਸਮਰੱਥਾ ਰਖਦੇ ਹਨ । ਪਿਛਲੇ ਦਿਨੇ ਬਠਿੰਡਾ ਸ਼ਹਿਰ ਦੇ ਇੱਕ ਨਵੇਂ ਗੀਤਕਾਰ ਕੁਲਵਿੰਦਰ ਸਿੱਧੂ ਦੇ ਗੀਤ ਸੁਣਨ ਤੇ ਪੜ੍ਹਨ ਦਾ ਮੌਕਾ ਮਿਲਿਆ । ਜਿਹਨਾਂ ਗੀਤਾਂ ਨੇ ਮੈਨੂੰ ਧੁਰ ਅੰਦਰ ਤੱਕ ਝੰਜੋੜ ਦਿੱਤਾ ,ਉਹਨਾਂ ਗੀਤਾਂ ਵਿੱਚੋਂ ਹੀ ਆਹ ਇੱਕ ਨਮੂਨਾ ਦੇਖਿਉ ਜਿਸ ਨੂੰ ਗਾਇਕ ਦਿਲਬਾਗ ਚਹਿਲ ਨੇ ਗਾਇਆ ਐ।

**ਦਰਦਾਂ ਦੀ ਫਰਦ ਲੁਹਾ ਕੇ,**
**ਦੇਖੀਂ ਪਟਵਾਰੀ ਤੋਂ**


ਗੀਤਕਾਰ ਕੁਲਵਿੰਦਰ ਸਿੱਧੂ ਅਤੇ ਮਾਨਸਾ ਆਲਾ ਜੱਟ ਬਾਣੀਆ, ਪੁਰਾਤਨ ਪੰਜਾਬੀ ਗੀਤਾਂ ਦਾ ਸਾਂਭਣਹਾਰਾ ਅਸ਼ੋਕ ਬਾਂਸਲ

**ਕਿੰਨ੍ਹੀ ਜਾਇਦਾਦ ਜੋੜ ਲਈ**
**ਤੇਰੀ ਮੈਂ ਯਾਰੀ ਚੋਂ**

**ਸੱਧਰਾਂ ਦੀ ਸਰ੍ਹੋਂ ਸੀ ਬੀਜੀ,**
**ਚਾਵਾਂ ਦੇ ਛੋਲੇ ਵੇ**
**ਗਮੀਆਂ ਦਾ ਗੁਣਾ ਬਚਿਐ,**

**ਆਖਰ ਮੇਰੇ ਕੋਲੇ ਵੇ**
**ਹਾਉਕਿਆਂ ਦੀ ਭਰੀ ਬੁਖਾਰੀ,**
**ਹੰਝੂਆਂ ਦੀ ਹਾੜੀ ਚੋਂ**
**ਦਰਦਾਂ ਦੀ ਫਰਦ ਲੁਹਾਕੇ**
**ਦੇਖੀਂ ਪਟਵਾਰੀ ਤੋਂ**

**ਮੋਹ ਦਾ ਮੈਂ ਭਰਾਂ ਮਾਮਲਾ,**
**ਮੁਨਕਰ ਨਾ ਹੋਈ ਵੇ**
**ਜ਼ਿੰਦਗੀ ਨੂੰ ਲੱਭਦੀ ਲੱਭਦੀ ,**
**ਤੇਰੇ ਤੇ ਮੋਈ ਵੇ**
**ਰੋਣਾਂ ਦੇ ਹਾਸਾ ਲੈ ਗਿਆ**
**ਕਰਮਾਂ ਦੀ ਮਾਰੀ ਤੋਂ**
**ਦਰਦਾਂ ਦੀ ਫਰਦ ਲੁਹਾ ਕੇ**
**ਦੇਖੀਂ ਪਟਵਾਰੀ ਤੋਂ**

**ਮੁਰੱਬਿਆਂ ਦੀ ਮਾਲਕ ਹੋਗੀ,**
**ਗਿਣਤੀ ਕਰਵਾ ਲੈ ਵੇ॥**
**ਯਾਦਾਂ ਦੀਆਂ ਚੱਕ ਜਰੀਬਾਂ,**
**ਮਿਣਤੀ ਕਰਵਾ ਲੈ ਵੇ**
**ਸਿੰਜੀਆਂ ਨਾ ਜਾਣ ਜ਼ਮੀਨਾਂ,**
**ਨੈਣਾਂ ਦੀ ਵਾਰੀ ਤੋ**
**'ਦਰਦਾਂ ਦੀ ਫਰਦ ਲੁਹਾ ਕੇ**
**ਦੇਖੀਂ ਪਟਵਾਰੀ ਤੋਂ**
**ਜ਼ੋਰਾਵਰ ਲੱਗੀਆਂ ਅੱਗੇ**
**ਚੱਲੀ ਨਾ ਮੇਰੀ ਵੇ**
**ਆਸਾਂ ਪਰ ਫਿਰ ਵੀ ਰੱਖੀਆਂ ,**
**ਢਾਈ ਨਾ ਢੇਰੀ ਵੇ**
**ਖੌਰੇ ਕਦ ਜੇਤੂ ਹੋਜਾਂ ,**
**ਸੱਜਣਾਂ ਮੈਂ ਹਾਰੀ ਤੋਂ**
**ਦਰਦਾਂ ਦੀ ਫਰਦ ਲੁਹਾ**
**ਕੇ ਦੇਖੀਂ ਪਟਵਾਰੀ ਤੋਂ**



ਕੁਲਵਿੰਦਰ ਸਿੱਧੂ ਬਠਿੰਡੇ ਵਾਲੇ ਦੇ ਇਸ ਗੀਤ ਵਿੱਚ ਮਹਿੰਗੀਆਂ ਤਸ਼ਬੀਹਾਂ ਦੇ ਨਾਲ ਨਾਲ ਅਨੂਪ੍ਰਾਸ ਅਲੰਕਾਰ ਦੀ ਵਰਤੋਂ ਦੇਖੋ ।

**ਸੱਧਰਾਂ ਦੀ ਸਰ੍ਹੋਂ**
**ਗਮੀਆਂ ਦਾ ਗੁਣਾ**
**ਮੋਹ ਦਾ ਮਾਮਲਾ**
**ਮੁਰੱਬਿਆਂ ਦੀ ਮਾਲਕ**

## ਬੀਬੀ ਛੱਡ ਨੀ ਮੰਜੀ ਦਾ ਪਾਵਾ

ਮੇਰਾ ਜਨਮ ਪੰਜਾਬ ਦੇ ਮਾਲਵੇ ਖੇਤਰ ਦੇ ਪੰਜਾਬੀ ਹਿੰਦੂ ਪ੍ਰੀਵਾਰ ਦਾ ਹੈ, ਬਚਪਨ ਤੋਂ ਲੈਕੇ ਜਵਾਨੀ ਤੱਕ ਅਨੇਕਾਂ ਹੀ ਵਿਆਹ ਸ਼ਾਦੀਆਂ ਦੇਖੀਆਂ ਉਹ ਰਸਮੋਂ ਰਿਵਾਜ਼ , ਉਹ ਸ਼ਗਨ , ਉਹ ਚਾਅ ਦਿਲ ਤੇ ਉੱਕਰੇ ਪਏ ਹਨ। ਬੇਸ਼ਕ ਅੱਜ ਦੇ ਯੁੱਗ ਵਿੱਚ ਬਹੁਤ ਕੁੱਝ ਆਲੋਪ ਹੋ ਰਿਹਾ ਹੈ ਆਲੋਪ ਹੋ ਚੁੱਕਿਆ ਹੈ , ਪਰ ਉਹ ਦ੍ਰਿਸ਼ ਕਦੇ ਨਹੀਂ ਭੁੱਲਦੇ ਜਦੋਂ ਵਿਆਹ ਤੋਂ ਕਈ ਕਈ ਦਿਨ ਪਹਿਲਾਂ ਤ੍ਰੀਮਤਾਂ ਕੱਠੀਆਂ ਹੋ ਕੇ ਪਰਾਂਤ ਤੇ ਚਮਚਾ ਵਜਾ ਕੇ ਜਾਂ ਢੋਲਕੀ ਲੈ ਕੇ ਆਥਣ ਵੇਲੇ ਗੀਤ ਗਾਉਂਦੀਆਂ ਹੁੰਦੀਆਂ ਸਨ। ਬਚਪਨ ਵਿੱਚ ਤਾਂ ਮੈਂ ਖੁਦ ਵੀ ਕਈ ਵਾਰੀ ਆਂਢੀਆਂ ਗੁਆਂਢੀਆਂ ਦੇ ਘਰੋ ਘਰੀ ਸਦਾ ਦੇਣ ਵਾਸਤੇ ਗਿਆ ਸੀ ਕਿ ਆਥਣੇ ਗੀਤਾਂ ਤੇ ਆ ਜਾਇ–, ਫੇਰ ਗੀਤ ਗਾ ਕੇ ਵਿਦਾ ਹੁੰਦੀਆਂ ਔਰਤਾਂ ਨੂੰ ਗੁੜ ਦੇ ਕੇ ਤੋਰਿਆ ਜਾਂਦਾ ਸੀ। ਉਹ ਗੀਤ ਵੀ ਅਜੇ ਤੱਕ ਕੰਨਾ ਵਿੱਚ ਇੰਨ ਬਿੰਨ ਉੱਕਰੇ ਪਏ ਹਨ। ਕੁੜੀ ਦੇ ਵਿਆਹ ਵੇਲੇ ਸੁਹਾਗ ਤੇ ਮੁੰਡੇ ਦੇ ਵਿਆਹ ਵੇਲੇ ਘੋੜੀਆਂ ਗਾਈਆਂ ਜਾਂਦੀਆਂ ਸਨ ।

ਬੀਬੀ ਛੱਡ ਨੀ ਮੰਜੀ ਦਾ ਪਾਵਾ
ਨੀ ਸਾਡਾ ਕਾਹਦਾ ਦਾਅਵਾ
ਦਾਅਵੇ ਵਾਲੇ ਲੈ ਨੀ ਚੱਲੇ
ਬਾਬੁਲ ਧਰਮ ਕਰੇਂਦਿਆ
ਮੈਨੂੰ ਰੱਖ ਲੈ ਅੱਜ ਦੀ ਰਾਤ

ਮੈਂ ਕੀਕਣ ਰੱਖਾਂ ਬੱਚੀਏ
ਤੇਰੀ ਜੰਝ ਖੜੀ ਉਦਾਸ

ਮੇਰੀ ਜੰਝ ਨੂੰ ਦੇ ਦਿਓ ਛੁੱਟੀਆਂ
ਮੇਰੇ ਕਾਹਨ ਨੂੰ ਰੱਖ ਲਓ ਰਾਤ

ਤੇਰੀ ਜੰਝ ਨਾ ਲੈਂਦੀ ਛੁੱਟੀਆਂ ਤੇਰਾ
ਕਾਹਨ ਨਾ ਰਹਿੰਦਾ ਰਾਤ

ਆ ਵੇ ਬਾਬਲ ਦੋ ਗੱਲਾਂ ਕਰੀਏ
ਆਈ ਵਿਛੋੜੇ ਵਾਲੀ ਰਾਤ

ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ
ਰਵ੍ਹਾਂ ਬਾਬਲ ਦੀ ਬਣਕੇ ਗੋਲੀ ਨੀ ਮਾਂ

ਬੀਬੀ ਦਾ ਬਾਬਲ ਇੰਝ ਰੋਵੇ ਜਿਉਂ
ਘਟਾ ਸਾਵਣ ਦੀ ਆਈ
ਤੂੰ ਕਿਉਂ ਰੋਵੇਂ ਧਰਮੀ ਬਾਬਲਾ ਵੇ
ਧੀ ਹੋ ਗਈ ਪਰਾਈ
ਧਰਮੀਆ ਬਾਬਲਾ ਵੇ ਇਹ ਤਾਂ ਹੁੰਦੀ
ਜਗਤ ਨਾਲ ਆਈ
ਬੀਬੀ ਦਾ ਵੀਰਾ ਇੰਝ ਰੋਵੇ ਜਿਉਂ ਘਟਾ
ਸਾਵਣ ਦੀ ਆਈ
ਬਾਹਰ ਰੋਵੇ ਬੀਬੀ ਦਾ ਵੀਰਨਾ
ਅੰਦਰ ਹੱਸੇ ਭਰਜਾਈ
ਓਦੋਂ ਤਾਂ ਤੂੰ ਵੀ ਰੋਵੇਂਗੀ
ਰੋਵੇਂਗੀ ਨੀ ਭਾਬੋ ਮੇਰੀ
ਏਨੀ ਜਦੋਂ ਤੋਰੇਂਗੀ ਤੂੰ ਆਪਣੀ ਜਾਈ

ਰਾਈ ! ਬਾਬਲਾ ਭੁਆ ਦੇ ਬੇੜੀਆਂ
ਮੇਰੀ ਜੰਝ ਪੱਤਣਾਂ ਤੇ ਆਈ




ਜ਼ਿੰਦਗੀ ਬੇ-ਅਰਥ ਲਫ਼ਜ਼ ਸੀ ਤੇਰੇ ਬਿਨਾ ਤੇਰੇ ਹੁੰਗਾਰਿਆਂ ਨਾਲ ਕਵਿਤਾ ਬਣਦੀ ਰਹੀ। ਯੂਨੀਵਰਸਿਟੀ ਵਿੱਚ ਮੈਂ ਲੋਕ ਧਾਰਾ ਦਾ ਪੇਪਰ ਪੜ੍ਹਾਉਂਦਿਆਂ ਕਈ ਸਾਲ ਆਪਣੇ ਵਿਦਿਆਰਥੀਆਂ ਕੋਲ ਪਹਿਲਾਂ ਇਹ ਸਵਾਲ ਕਰਦੀ ਰਹੀ ਕਿ ਲੋਕ ਕੌਣ ਹੁੰਦੇ ਹਨ।ਆਮ ਬੋਲ ਚਾਲ ਵਿੱਚ ਜਿਹੜੇ ਘਰ ਦੇ ਨਹੀਂ ਹੁੰਦੇ ਉਨ੍ਹਾਂ ਨੂੰ ਸਭ ਲੋਕ ਕਰ ਕੇ ਹੀ ਜਾਣਦੇ ਹਨ।ਪਰ ਗੱਲ ਏਥੇ ਹੀ ਨਹੀਂ ਨਿਬੜਦੀ ਸਗੋਂ ਜਿਨ੍ਹਾਂ ਨਾਲ ਅਸੀਂ ਸੰਬੰਧਿਤ ਹੋ ਕੇ ਜਿਉਣਾ ਚਾਹ ਰਹੇ ਹੁੰਦੇ ਹਾਂ ਉਹ ਸਾਡੇ ਆਪਣੇ ਹੀ ਲੋਕ ਹੁੰਦੇ ਹਨ। ਸਾਡੇ ਸਾਰਿਆਂ ਦੇ ਅੰਦਰ ਵਸੀ ਹੋਈ ਇੱਕ ਭੀੜ ਦਾ ਅਜਿਹਾ ਹਿੱਸਾ ਜਿਸ ਦੀਆਂ ਲੋੜਾਂ-ਥੋੜਾਂ, ਫਸਲਾਂ-ਨਸਲਾਂ, ਰੀਝਾਂ ਤੇ ਸੁਪਨੇ ਜਾਂ ਮਸਲੇ ਸਾਂਝੇ ਹੋਣ, ਉਹ ਸਾਡੇ ਹੀ ਲੋਕ ਹੁੰਦੇ ਹਨ।ਅਸੀਂ ਬਚਪਨ ਤੋਂ ਹੀ ਆਪਣੇ ਦੁਆਲੇ ਵਿੱਚੋਂ ਆਪਣੀਆਂ ਸੋਚਾਂ ਦਾ ਸਾਥ ਭਾਲਦੇ ਕਿੰਨੀ ਹੀ ਭੀੜ ਆਪਣੇ ਨਾਲ ਤੋਰਦੇ, ਜੋੜਦੇ ਅਤੇ ਵਿਛੋੜਦੇ ਹਾਂ।ਸਭ ਨੂੰ ਇੱਕੋ ਰੱਸੇ ਨਹੀਂ ਬੰਨ੍ਹਿਆਂ ਜਾ ਸਕਦਾ।ਇਨ੍ਹਾਂ ਮਿਲਦੇ ਲੋਕਾਂ ਦੀਆਂ ਵੰਗੀਆਂ ਜਾਂ ਕਿਸਮਾਂ ਵਖਰੀਆਂ ਹੁੰਦੀਆਂ ਹਨ। ਕੁੱਝ ਸਾਨੂੰ ਆਪਣੇ ਵੱਲ ਖਿਚਦੇ ਹਨ ਜਿਨ੍ਹਾਂ ਦਾ ਰੱਜ ਕੇ ਸਾਥ ਮਾਨਣ ਨੂੰ ਅਸੀਂ ਮੁਹਲਤ ਲਭਦੇ ਰਹੇ ਹਾਂ।ਕੁੱਝ ਲੋਕ ਬਿਨਾ ਵਜਾਹ ਸਾਨੂੰ ਭੈੜੇ ਵੀ ਲਗਦੇ ਹਨ।ਉਨ੍ਹਾਂ ਨੇ ਸਾਡਾ ਕੁੱਝ ਵਿਗਾੜਿਆ ਨਹੀਂ ਹੁੰਦਾ, ਬਸ ਅੰਦਰਲਾ ਹਾਮੀ ਨਹੀਂ ਭਰਦਾ। ਸਾਨੂੰ ਉਨ੍ਹਾਂ ਤੋਂ ਖਿਝ ਆਉਂਦੀ ਹੈ।ਅਸੀਂ ਬਸ ਚਿੜੀ-ਪੂੰਝਾ ਛੁਡਾ ਰਹੇ ਹੁੰਦੇ ਹਾਂ।ਮੈਂ ਕਿਤੇ ਪੜ੍ਹਿਆ ਸੀ ਕਿ ਕੁੱਝ ਲੋਕ ਖ਼ੂਬਸੂਰਤ ਨਜ਼ਮ ਜਿਹੇ ਹੁੰਦੇ ਹੋ ਜਿਨ੍ਹਾਂ ਨੂੰ ਵਾਰ-ਵਾਰ ਪੜ੍ਹਨ ਨੂੰ ਚਿੱਤ ਕਰਦੈ, ਕੁੱਝ ਲੋਕ ਗੀਤ ਵਰਗੇ ਹੁੰਦੇ ਹਨ ਜੋ ਧੁਰ ਚੇਤਿਆਂ ਵਿੱਚ ਦਰਜ ਹੋ ਜਾਂਦੇ ਨੇ, ਕੁੱਝ ਰੂਹਾਂ ਸੰਗੀਤ ਵਰਗੀਆਂ ਹੁੰਦੀਆਂ ਨੇ ਜਿਨ੍ਹਾਂ ਨੂੰ ਮਿਲ ਕੇ ਆਤਮਾ ਤ੍ਰਿਪਤ ਹੋ ਜਾਂਦੀ ਹੈ।ਕੁੱਝ ਲੋਕ



ਖਿੜੀ ਧੁੱਪ ਜਿਹੇ ਹੁੰਦੇ ਨੇ ਜਿਨ੍ਹਾਂ ਦਾ ਨਿੱਘ ਮਾਨਣ ਨੂੰ ਜੀਅ ਕਰਦੈ ਪਰ ਕੁੱਝ ਭੜਕੀਲੇ ਵਸਤਰ ਜਿਹੇ ਹੁੰਦੇ ਨੇ ਜਿਨ੍ਹਾਂ ਨੂੰ ਗਲੋਂ ਲਾਹੁਣ ਨੂੰ ਜੀਅ ਕਾਹਲਾ ਪੈ ਜਾਂਦੈ। ਮਹਿਕਦੇ ਫੁੱਲਾਂ ਵਰਗੇ ਲੋਕਾਂ ਕੋਲ ਬੈਠ ਮਹਿਕ-ਮਹਿਕ ਹੋ ਜਾਣ ਨੂੰਹਰ ਸਮੇਂ ਮਨ ਤਰਸਦੈ।ਪਰ ਇਹ ਸਾਰੇ ਲੋਕ ਜਦੋਂ ਕੋਰੋਨਾ-ਕਾਲ ਵੇਲੇ ਸਭ ਤੋਂ ਵੱਖਰ ਕੇ ਆਪੋ-ਆਪਣੀਆਂ ਕੰਧਾਂ ਅੰਦਰ ਕੈਦ ਹੋ ਗਏ ਤਾਂ ਸਭ ਨਾਲ ਹੀ ਹਾਦਸਿਆਂ ਅਤੇ ਹਾਸਿਆਂ ਜਿਹੀਆਂ ਗੱਲਾਂ ਵੰਡਣ ਨੂੰ ਮਨ ਲੋਚਦਾ ਰਿਹਾ।ਕੋਲ ਬੈਠ ਕੇ ਗੱਲਾਂ ਕਰਦਿਆਂ ਚਿਹਰੇ ਦੀਆਂ ਲਕੀਰਾਂ ਵਿੱਚ ਪੈਂਦੇ ਉਤਰਾਅ-ਚੜ੍ਹਾਅ ਹੀ ਮਨ ਦਾ ਥਕੇਵਾਂ ਲਾਹ ਧਰਦੇ ਸਨ।

ਇਹ ਸਾਰੇ ਲੋਕ ਕਿਸੇ ਮਿਥੇ ਫਾਰਮੂਲੇ ਵਿੱਚ ਫਿੱਟ ਆਉਣ ਵਾਲੇ ਨਹੀਂ ਸਗੋਂ ਮਨ ਅੰਦਰ ਪਲਸੇਟੇ ਮਾਰਦੇ ਅਹਿਸਾਸ ਹਾਣ ਦੇ ਹਨ।ਕੁੱਝ ਵੀ ਹੋਵੇ ਅਸੀਂ ਇਨ੍ਹਾਂ ਸਭਦੀਆਂ ਨਜ਼ਰਾਂ ਵਿੱਚ ਪਰਵਾਨ ਚੜ੍ਹਨ ਲਈ ਹੀ ਘਰ ਦੀ ਦਹਿਲੀਜ਼ ਟਪਦੇ ਹਾਂ। ਅੰਦਰ ਦਬਕਿਆਂ ਇਨ੍ਹਾਂ ਸਭਨਾ ਦਾ ਵਿਗੋਚਾ ਮਾਰਦਾ ਰਿਹਾ ਹੈ।ਇੱਕ ਦੂਜੇ ਦੀ ਨੇੜਤਾ ਨੂੰ ਮਨ ਤਾਂਘਦਾ ਰਿਹਾ।ਮੇਰੀ ਇੱਕ ਸਹੇਲੀ ਨੇ ਫੋਨ ਕਰ ਕੇ ਕਿਹਾ - ਕਾਂਟੇ ਘੜਾਏ, ਨਵੇਂ ਸੂਟ ਸੰਵਾਏ, ਹੁਣ ਪਾਵਾਂ ਕੀਹ ਦੇ ਚਾਅ ਕੁੜੇ।ਉਸ ਅਨੁਸਾਰ 'ਨਵੇਂ ਸੂਟ ਪਾ ਕੇ ਹੋਰਨਾ ਸਖੀਆਂ ਕੋਲ ਜਾਣਾ ਚਾਹ ਰਹੀ ਹਾਂ, ਹੁਣ ਤਾਂ ਜੇ ਬੂਦਰੀਆਂ ਖਿਲਰੀਆਂ ਨੇ ਤਾਂ ਖਿਲਰੀਆਂ ਰਹਿਣਦੇ ਵਰਗੀ ਜੂਨ ਹੋਈ ਪਈ ਹੈ।'

ਉਸ ਦੀ ਗੱਲ ਸੁਣ ਕੇ ਮੈਨੂੰ ਬਹੁ-ਚਰਚਿਤ ਕਹਾਣੀ 'ਮੈਨੂੰ ਜਾਨਣੈਂ' ਯਾਦ ਆ ਗਈ।ਕੁਲਵੰਤ ਵਿਰਕ ਨੇ ਇਸ ਕਹਾਣੀ ਦਾ ਪਾਤਰ ਪਾਕਿ-ਵੰਡ ਪਿੱਛੋਂਸੜਕਾਂ ਤੇ ਰੁਲਦਾ ਰਿਕਸ਼ਾ ਚਾਲਕ ਦਿਖਾਇਆ ਹੈ, ਜਿਸ ਨੂੰ ਇੱਕ ਸਵਾਰੀ ਨੇ ਪੁੱਛ ਲਿਆ ਕਿ ਤੂੰ ਫਲਾਣੇ ਪਿੰਡ ਦੇ ਫਲਾਣੇ ਦਾ ਮੁੰਡਾ ਹੈਂ ਨਾ। ਤਾਂ ਉਹਰੁਲਦਾ ਖੁਲਦਾ ਖ਼ੁਸ਼ ਹੋ ਕੇ ਸੰਜ-ਸੰਵਰ ਕੇ ਸਵਾਰੀ ਨੂੰ ਮੋੜ ਕੇ ਪੁਛਦਾ ਹੈ-ਕੀ ਤੂੰ ਮੈਨੰ ਜਾਨਣੈਂ। ਉਸ ਨੂੰ ਭਰੀ ਦੁਨੀਆਂ ਵਿੱਚ ਕੋਈ ਪਛਾਣ ਵਾਲਾ ਮਿਲ ਗਿਆ ਸੀ। ਸਾਡੀ ਇਕੱਲ ਨੂੰ ਤੇ ਅੰਦਰਲੀ ਸੱਖਣ ਨੂੰ ਪੁਰ ਕਰਨ ਲਈ ਇਨ੍ਹਾਂ ਲੋਕਾਂ ਦੀ ਬਹੁਤ ਲੋੜ ਰਹਿੰਦੀ ਹੈ। ਅੰਦਰਲੀ ਸੱਖਣ ਨੂੰ ਅਸੀਂ ਬਾਹਰਲੀ ਭੀੜ ਕੋਲ ਵੰਡ ਕੇ ਤ੍ਰਿਪਤ ਹੋ ਜਾਂਦੇ ਹਾਂ।ਅਸਲ ਵਿੱਚ ਇੱਥੋਂ ਹੀ ਲੋਕ-ਲੱਜ, ਲੋਕ-ਨੱਕ ਜਾਂ ਲੋਕ-ਦਿਖਾਵਾ ਤੇ ਹੋਰ ਪਤਾ ਨਹੀਂ ਕੀ ਕੀ ਜਨਮ ਦਾ ਹੈ। ਸਾਨੂੰ ਅੰਦਰ ਬੈਠਿਆਂ ਕਈ ਵਾਰੀ ਭਲ਼ ਉਠਦੀ ਹੈ ਇਸ ਭੀੜਦਾ ਹਿੱਸਾ ਹੋ ਕੇ ਜ਼ਿੰਦਗੀ ਦਾ ਪਾਸਾ ਥੱਲਣ ਦੀ।ਹੋਰਨਾ ਕੋਲ ਪਰਵਾਨ ਹੋਣ ਦੀ ਲੋਚਾ ਸਾਨੂੰ ਵਧੀਆ, ਸੁਚੱਜਾ ਅਤੇ ਕਬੂਲ ਕੀਤਾ ਇਨਸਾਨ ਬਣਾਈ ਰਖਦੀ ਹੈ। ਮੰਨੋ ਜਾਂ ਨਾ ਮੰਨੋ, ਕਿੰਨਾ ਕਹੀ ਜਾਓ ਅਸੀਂ ਲੋਕਾਂ ਤੋਂ ਕੀ ਲੈਣੈ, ਪਰ ਸਰਦਾ ਵੀ ਹੈਨੀ। ਅੰਦਰ ਲੱਗੀ ਉੱਲੀ ਉਤਾਰਨ ਲਈ ਵੋਟਾਂ ਜਾਂ ਚੋਣਾ ਲਈ ਲੋਕ ਕਚਹਿਰੀ ਕੋਲ ਜਾਣਾ ਹੀ ਪੈਂਦਾ ਹੈ। ਸੌ ਹੱਥ ਰੱਸਾ ਸਿਰੇ ਤੇ ਗੰਢ, ਲੋਕ ਬਿਗਾਨੇ ਨਹੀਂ- ਆਪਣੇ ਹੀ ਹੁੰਦੇ ਹਨ। ਲੋਕਾਂ ਵਾਲਾ ਦਾਇਰਾ ਹੋਰ ਵੱਧ ਮੋਕਲਾ ਉਦੋਂ ਹੋ ਜਾਂਦਾ ਹੈ ਜਦੋਂ ਅਸੀਂ ਇੱਕ ਨੁਕਤੇ ਵੱਲ ਤੁਰਦੇ ਹਾਂ। ਇਸ ਦੀ ਵੱਡੀ ਮਿਸਾਲ ਸਾਡਾ ਲੰਮਾ ਚੱਲਿਆ ਕਿਸਾਨ ਅੰਦੋਲਨ ਕਹੀ ਜਾ ਸਕਦੀ ਹੈ ਜਿੱਥੇ ਇੱਕ ਪਰਿਵਾਰ ਤੋਂ ਪੂਰੇ ਵਿਸ਼ਵ ਤੱਕ ਆਪਣੀਆਂ ਬਾਹਾਂ ਫੈਲਾ ਲਈਆਂ ਹਨ।




# ਕਦੇ ਅਸੀਂ ਵੀ "ਸੀਤਾ-ਫਲ" ਗੁਆਂਢਣ ਨੂੰ ਖੁਆਵਾਂਗੇ....!!




ਦੋ ਕੁ ਸਾਲ ਪਹਿਲਾਂ , ਸੜਕੋਂ ਪਾਰ ਸਾਹਮਣੇ ਵਾਲਾ ਪੁਰਾਣਾ ਘਰ ਮਾਲਕਾਂ ਨੇ ਢਾਹ ਦਿੱਤਾ ਸੀ , ਉਹ ਕਿਤੇ ਹੋਰ ਰਹਿਣ ਲੱਗ ਪਏ , ਪਰ ਉਹਨਾਂ ਦੇ ਘਰ ਵਿਚਲੇ ਸਾਰੇ ਚੂਹਿਆਂ ਨੇ ਸਾਡੇ ਘਰਾਂ ਚ' ਸ਼ਰਨ ਲੈ ਲਈ - ਮੈਕਸੀਕੋ ਦੇ ਬਾਰਡਰ ਵਰਗੀ ਸੜਕ ਪਾਰ ਕਰਕੇ ...!

ਮੈਨੂੰ ਲੱਗਦੈ , ਬਹੁਤੇ ਚੂਹੇ ਸਾਡੇ ਘਰ ਜਾਂ ਗੁਆਂਢ ਗੋਰਿਆਂ ਦੇ ਘਰ ਆਣ ਵੜੇ ਸਨ ! ਇਹ ਸਬੱਬ ਹੀ ਸਮਝੋ ਕਿ ਚੂਹਿਆਂ ਦੀ ਬਦੌਲਤ ਮੇਰੀ ਹੈਲੋ-ਹਾਏ ! ਗੁਆਂਢਣ ਗੋਰੀ ਨਾਲ ਹੋਣੀ ਸ਼ੁਰੂ ਹੋਈ ਸੀ ...!

ਬੱਸ , ਊਂ-ਈ ਇਕ ਦਿਨ ਮੈਂ ਸ਼ੁੱਕਰਵਾਰ ਕੰਮ ਤੋਂ ਆ ਕੇ ਬਾਹਰ ਘਰ ਦੇ ਪਿਛਲੇ ਪਾਸੇ ਸਨ-ਡਿੱਕ ਤੇ' ਬੀਅਰ-ਸ਼ੀਅਰ ਲਾਕੇ ਬਾਰ-ਬਿਊਕ ' ਕਰਨ ਹੀ ਲੱਗਾ ਸੀ , ਕਿ ' ਚਾਣ-ਚੱਕ ਨਸ਼ੀਲੀ ਨਜ਼ਰ ਸਵਿੰਮਿੰਗ-ਪੂਲ ਚ ' ਨਹਾਉਂਦੀ ਜੈਸਿਕਾ ਤੇ' ਪੈ'ਗੀ..!

ਤੇ ਫਿਰ ਮੈਂ ਬੀਅਰ ਛੱਡ ਕੇ ਕਰਾਊਨ-ਰਾਇਲ ਦਾ ਘੜਾ ਅੰਦਰੋਂ ਕੱਢ ਕੇ ਬਾਹਰਲੀ ਡੈਸਕ ਦੀ ਵਾੜ ਤੇ' ਰੱਖ ਲਿਆ , ਸੌਰੀ , ਰੱਖਿਆ ਨਹੀਂ ਸੀ ....., ਰੱਖਣ ਤੋਂ ਪਹਿਲਾਂ ਸਟੀਲ ਦੇ ਗਲਾਸ ਚ' ਪਾਕੇ ਬੁੱਲੀਂ ਵੀ ਛੁਹਾਅ ਲਿਆ ਸੀ...।

ਉਹਨੇ ਪਰਦਾ ਕੱਜਣਾ ਚਾਹਿਆ , " ਜਿਵੇਂ ਉਹ ਕਹਿ ਰਹੀ ਹੋਵੇ ਜਾਂ ਗੁਣਗੁਣਾਅ ਰਹੀ ਹੋਵੇ......." ਪੱਕੇ ਖਾਲ ਵਿੱਚ ਨਹਾਉਂਦੀ 'ਤੇ ਕੋਈ ਨਜ਼ਰ ਫੇਰ ਗਿਆ ਵੇ....!!?!"

ਖ਼ੈਰ , ਏਸ ਸਮਾਜ ਵਿੱਚ ਇਹ ਆਮ ਵਰਤਾਰਾ ਹੈ , ਪਰ ਸਾਡੀ ਖੋਪੜੀ ,ਕਿਸੇ ਪ੍ਰਤੀ ਰੋਟੀ ਚੋਪੜੀ ਵਾਂਗ ਸੋਚਦੀ ਹੈ ,

ਪਰ ਜੈਸਿਕਾ .. !

ਉਸਦੀ ਤੁਲਨਾ ਕਿਸੇ ਨਾਲ ਕਰਨੀ ਮੇਰੀ ਵੀ ਗਲਤ ਫ਼ਹਿਮੀ ਹੈ ., ਉਹ ਫਰਾਖ-ਦਿਲ ਗੁਆਂਢਣ ਮੁਟਿਆਰ ਹੈ ..!!

ਗੱਲ ਪਾਰੋਂ ਆਏ ਚੂਹਿਆਂ ਦੀ ਕਰ ਰਹੇ ਸੀ ਕਿ ਉਹ ਨਿੱਤ ਆਖਦੀ ,"ਹੇ ਗੈਰੀ ..! ਮੈਂ ਅੱਜ ਆਪਣੀ ਕੜ੍ਹਿੱਕੀ ਚ' ਅੱਜ ਇੱਕ ਅੜਾਅ ਲਿਆ , ਅੱਜ ਦੋ...!!

ਮੇਰੀ ਕੜ੍ਹਿੱਕੀ ਚ' ਕਿਹੜਾ ਚੂਹਾ ਜਾਂ ਚੂਹੀ ਅੜਣੀ ਸੀ — -'ਮੈਂ ਤਾਂ ਕੜ੍ਹਿੱਕੀ ਚ' ਬੇਹੀ ਰੋਟੀ ਦਾ ਟੁਕੜਾ ਫਸਾਉਂਦਾ ਸੀ , ਤੇ ਉਹ ਤਾਜਾ 'ਪੀ-ਨੱਟ ਬਟਰ'...!!

ਉਨਾਂ ਦਿਨਾਂ ਚ' ਮੈਨੂੰ ਪੰਜਾਬ ਜਾਣਾ ਪੈ ਗਿਆ ,ਵਾਪਿਸ ਆਉਣ ਲੱਗਿਆਂ ਤੇ ਮੈਂ ਉੱਥੋਂ ਦੋ ਤਿੰਨ ਮਾਡਰਨ ਚੂਹਿਆਂ ਵਾਲੇ ਪਿੰਜਰੇ ਲੈ ਆਇਆ ., ਇੱਕ ਗੁਆਂਢਣ ਗੋਰੀ ਜੈਸਿਕਾ ਨੂੰ ਦੇ ਦਿੱਤਾ ।

ਕੱਲ ਪਰਸੋਂ ਰਾਤ ਦੀ ਗੱਲ ਹੈ , ਮੈਂ ਉਸ ਪੁਰਾਣੀ ਕੜ੍ਹਿੱਕੀ ਚ' ਰੋਟੀ ਨਹੀਂ ,ਰਾਤ ਨੂੰ 'ਪੀ-ਨੱਟ ਬਟਰ ਲਾ ਕੇ ਚੂਹਿਆਂ ਦੇ ਮੇਨ ਦੁਆਰ ਮੂਹਰੇ ਰੱਖ ਦਿੱਤਾ , ਸਵੇਰੇ ਦੇਖਿਆ ਕਿ ਉਹਦੇ ਚ' ਚੂਹੇ ਦੀ ਕੱਟੀ ਪੂਛ ਪਈ ਸੀ , ਸ਼ਾਇਦ ਚੂਹਾ ਲਾ-ਇੱਜਤ ਕਿਤੇ ਫ਼ਰਾਰ ਹੋ ਗਿਆ ਹੋਵੇ...!!

ਪਰ ਅੱਜ ਗੁਆਂਢਣ ਗੋਰੀ ਦਾ ਉਲਾਹਮਾ ਸੁਣ ਕੇ ਮੈਂ ਤਾਂ ਹੈਰਾਨ ਹੀ ਹੋ ਗਿਆ , "ਕਹਿੰਦੀ , ਹੇ ਗੈਰੀ ..! ਹੌ ਯੂ ਡੂਇੰਗ ...?"

ਮੈਂ ਕਿਹਾ , ਆ'ਈਮ ਫ਼ਾਈਨ ..! ਐਂਡ , ਹੌਅ ਆਬਊਟ ਯੂ...!?!"

" ਵੈੱਲ..! ਮੈਂ ਠੀਕ ਹਾਂ , ਪਰ ਜਿਹੜਾ ਤੂੰ ਇੰਡੀਆ ਤੋਂ ਉਹ ਪਿੰਜਰਾ ਲਿਆਕੇ ਮੈਨੂੰ ਦਿੱਤਾ ਸੀ ਨਾ !?!!!!,,ਉਹਦੇ ਨਾਲ ਮੈਂ ਇੱਕ ਚੂਹੀ ਫੜ ਲਈ..।

ਫੇਰ?

" ਫੇਰ ਮੈਂ ਪਿੰਜਰੇ ਸਣੇ ਆਪਣੀ ਸਾਂਝੀ ਸਨ-ਡਿੱਕ ਤੇ' ਰੱਖ'ਤੀ..!

ਤੇ' ਫੇਰ .?

ਫੇਰ ਕੀ ..?????? ਤੇਰਾ ਲੰਡਾ ਚੂਹਾ ਮੇਰੀ ਚੂਹੀ ਨੂੰ "ਫਲਾਇੰਗ ਕਿੱਸਾਂ ਕਰੀ ਜਾ ਰਿਹਾ ਸੀ ...!!

ਮੈਂ ਕਿਹਾ ,"ਤੇਰੀ ਚੂਹੀ , 'ਚੂਈ-ਮੂਈ....!!'

ਮੇਰਾ ਚੂਹਾ ...!,.....ਲੰਡਾ - ਚੂਹਾ.......!!!!"

ਖ਼ੈਰ , ਗੁਆਂਢੀਆਂ ਨਾਲ ਮਨ- ਮੁਟਾਪ ਹੀ ਹੈ , ਪਰ , ਤੋੜ-ਵਿਛੋੜਾ ਨਹੀਂ ,, ਰੁੱਤਾਂ ਬਦਲ ਲੈਣ ਦਿਓ ਕਦੇ ਅਸੀਂ ਵੀ "ਸੀਤਾ-ਫਲ " ਗੁਆਂਢਣ ਨੂੰ ਖੁਆਵਾਂਗੇ....!!

ਕੈਪਟਨ ਖ਼ੈਰ ਕਰੇ ...!

ਆਮੀਨ..!!

**(ਗੁਰਮੇਲ ਬਦੇਸਾ ਦੀ (ਫੇਸ ਬੁੱਕ) ਕੱਚੀ ਕੰਧ ਉਪਰੋਂ ਆਪਣੇ ਆਪ ਡਿਗਦੇ ਲਿਓੜ ਵਾਂਗ ਮਿਲਿਆ ਮੈਟਰ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ )**

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।

ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)

ਰੇਟ ਤੁਹਾਡੀ ਜੇਬ ਦੇ
ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price
73407 84137
ਆਨ ਲਾਈਨ ਆਰਡਰ ਅਤੇ ਹਵਾ ਦੇ
ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਵਿਨੀਪੈਗ ਨੂੰ ਪਹਿਲ ।ਸੰਪਰਕ: 431 556 4986 ***178***

### ਲੜਕੀ ਦੀ ਲੋੜ

Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

### ਲੜਕੀ ਦੀ ਲੋੜ

ਪਰਮਾਨੈਂਟ ਰੈਜੀਡੈਂਸੀ ਹੋਲਡਰ ਨਿਊਜੀਲੈਂਡ, ਨਿਊਜੀਲੈਂਡ ਤੋਂ ਹੀ ਵਿਦਿਆ ਪ੍ਰਾਪਤ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 27 ਸਾਲ , ਕੱਦ 5 ਫੁੱਟ 11 ਇੰਚ, ਲਈ ਕਨੇਡਾ ਤੋਂ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 403 437 9061 ***177***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਖੰਗੂੜਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ , ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਇਨਫਾਰਮੇਸਨ ਟੈਕਨੋਲਜੀ ਤਿੰਨ ਸਾਲ ਡਿਪਲੋਮਾ ਹੋਲਡਰ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਸਾਰੀ ਫੈਮਿਲੀ ਕਨੇਡਾ ਵਿੱਚ ਹੀ ਸੈਟਲ ਹੈ ।ਸੰਪਰਕ: 403 680 8300 ਜਾਂ 403 589 4209 ***177***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ।ਸੰਪਰਕ: 587 438 4041 ***177***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਪਰਿਵਾਰ ਦੀ ਚੰਗੀ ਪੜੀ ਲਿਖੀ ਗੁਰਸਿੱਖ,ਤਲਾਕਸੁਦਾ ਲੜਕੀ ਉਮਰ 35 ਸਾਲ ਕੱਦ 5 ਫੁੱਟ 3 ਇੰਚ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 700 8715 ***173***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੁਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ।ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ ।ਸੰਪਰਕ: 403 604 2861***176***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ।ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ,1994, 5 ਫੁੱਟ,10 ਇੰਚ, ਲਈ ਕਨੇਡੀਅਨ ਪੀਆਰ ,ਵਰਕ ਪਰਮਿਟ ਜਾਂ ਘੱਟੋ ਘੱਟ 6.5 ਬੈਂਡ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਵੱਡੀ ਭੈਣ ਕਨੇਡੀਅਨ ਸਿਟੀਜਨ ਹੈ।ਵਟਸਐਪ: 001 204 998 5221 ***175***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸੰਧੂ ਪਰਿਵਾਰ ਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਗਰੇਡ 12 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਅਸੀਂ ਸਧਾਰਣ ਰਹਿਣੀ ਬਹਿਣੀ ਵਾਲੀ ਲੜਕੀ ਦੇਖ ਰਹੇ ਹਾਂ ।ਹਲਕੀ ਅਪਾਹਜਤਾ ਵੀ ਵਿਚਾਰਨਯੋਗ ਹੈ। ਲੜਕਾ ਸਰਾਬ ਜਾਂ ਸਿਗਰਟਨੋਸੀ ਤੋਂ ਬਿਲਕੁੱਲ ਮੁਕਤ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਬਿਨਾ ਬੱਚੇ ਤੋਂ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਕਾਲ: 587 889 1585 ਜਾਂ 403 285 5195 ***175***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਰਹਿੰਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ : ਆਟੋ ਮੋਬਾਇਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੇ ਭੈਣ ਭਰਾ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਵਰਕ ਪਰਮਿਟ, ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 780 600 3600 ***175***

### ਲੜਕੀ ਦੀ ਲੋੜ

Gill Jat Sikh parents seeking a well-educated girl for their 27 years old son, 6 feet, teetotaler, graduated from a Canadian University and working as a Civil Engineer in Calgary, AB. Well settled family in Calgary, and Punjab (Malwa), possess urban-rural properties. Please share photos and particulars at first instance. +91-94177-58985 (IND), +1(306)850-5505 (CA) or email at gillwed2020@gmail.com.***175***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ, ਗੁਰਸਿੱਖ ਪਰਿਵਾਰ ਦੀ ਅੰਮ੍ਰਿਤਧਾਰੀ ਤਲਾਕ ਸੁਦਾ ਲੜਕੀ ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ। ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਦੇ ਨਾਲ ਰਹਿੰਦੀ ਉਸਦੀ 9 ਸਾਲ ਦੀ ਬੇਟੀ ਨੂੰ ਅਡੌਪਟ ਕਰ ਸਕਦਾ ਹੋਵੇ ।ਤਲਾਕ ਸੁਦਾ ਲੜਕੇ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ ।: 587 917 0234***175***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਰਾਮਗੜੀਆਂ ਮਠਾੜੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਯੂਨੀਵਰਿਸਟੀ ਆਫ ਕੈਲਗਰੀ ਤੋਂ ਆਰ ਐਨ, ਬੀਐਸ ਐਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 403 402 9508 ***175***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 32 ਸਾਲ ,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ BA, PGDCA, MSC ਲਈ ਹਾਣ ਪ੍ਰਵਾਣ ਦੇ ਕਨੇਡੀਅਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 891 3187 *** 174***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਵੈੱਲ ਸੈਟਲਡ ਉਮਰ 30 ਸਾਲ , ਕੱਦ 5 ਫੁੱਟ 10 ਇੰਚ , ਕੈਲਗਰੀ ਵਿੱਚ ਆਪਣੇ ਘਰ ਦੇ ਮਾਲਕ ਅਤੇ ਚੰਗਾ ਬਿਜਨਿਸ ਚਲਾ ਰਹੇ ਸੋਹਣੇ ਸੁਨੱਖੇ ਲੜਕੇ ਲਈ ਪੜੀ ਲਿਖੀ,ਲੰਬੀ,ਸੁੰਦਰ ਸਸੀਲ , ਛੋਟੀ ਉਮਰ ਵਾਲੀ ਖਾਨਦਾਨੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੀ ਕਨੇਡੀਅਨ ਪੀ ਆਰ ਲੜਕੀ ਨੂੰ ਪਹਿਲ। ਕਿਰਪਾ ਕਰਕੇ ਪਹਿਲਾਂ ਲੜਕੀ ਦੀਆਂ ਫੋਟੋਆਂ , ਪਰਿਵਾਰਕ ਜਾਣਕਾਰੀ, ਵਟਸਐਪ ਕਰੋ । ਇੰਡੀਆ ਰਹਿੰਦੀ ਸੁੰਦਰ ਲੜਕੀ ਵੀ ਵਿਚਾਰਨਯੋਗ ਹੋ ਸਕਦੀ ਹੈ । (Prenapture Must) ਸੰਪਰਕ ਫੋਨ ਕਾਲ ਜਾਂ ਵਟਸਐਪ ਕਰ ਸਕਦੇ ਹੋ : : 587 429 7878 , ਇੰਡੀਆ : 9815093010 *** 174***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਕਨੇਡੀਅਨ ਸਿਟੀਜਨ ਲੜਕੇ ,ਉਮਰ 27 ਸਾਲ ਲਈ ਪੜੀ ਲਿਖੀ ਸੁੰਦਰ ਲੜਕੀ ਦੇ ਰਿਸਤੇ ਦੀ ਜਰੂਰਤ ਹੈ। ਲੜਕੀ ਦਾ ਕੱਦ 5 ਫੁੱਟ 4 ਇੰਚ ਤੋਂ ਘੱਟ ਨਾ ਹੋਵੇ। ਸਿਰਫ ਉਹੀ ਸੰਪਰਕ ਕਰਨ ਜੋ ਇਸ ਵੇਲੇ ਕਨੇਡਾ ਵਿੱਚ ਹੀ ਹੋਣ ਉਹ ਚਾਹੇ ਵਰਕ ਪਰਮਿਟ ਜਾਂ ਸਟੂਡੈਂਟ ਵੀ ਹੋ ਸਕਦੇ ਹਨ।ਮਾਲਵਾ ਇਲਾਕੇ ਨੂੰ ਪਹਿਲ। ਕਾਲ: 587 966 4139 ਜਾਂ 403 918 2416 ***174***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is a Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com*** 174***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਦੇ ਜੰਮਪਲ, ਕਨੇਡੀਅਨ ਸਿਟੀਜਨ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ,ਲਈ ਸੋਹਣੀ ਸੁਨੱਖੀ,ਪੜੀ ਲਿਖੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 204 999 9481 ਜਾਂ 204 998 7241 *** 174***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਪਰਿਵਾਰ ਦੇ ਵੈਸਨੂੰ ਤਲਾਕਸੁਦਾ ਲੜਕੇ , ਉਮਰ 35 ਸਾਲ ,ਕੱਦ 5 ਫੁੱਟ 9 ਇੰਚ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਪਹਿਲਾ ਵਾਲੇ ਵਿਆਹ ਵਿੱਚੋਂ ਇੱਕ ਲੜਕੀ ਉਮਰ 7 ਸਾਲ ,ਉਹ ਬਾਪ ਦੇ ਨਾਲ ਹੀ ਰਹਿੰਦੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 1 780 340 2434 ***173***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਕੈਲੇ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ 3 ਸਾਲਾ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ ਜੋ ਲੜਕੇ ਨੂੰ ਵਿਆਹ ਉਪਰੰਤ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੇ ਹਨ ।ਸਟੂਡੈਂਟਸ ਜਾਂ ਵਰਕ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ : 587 968 0064 raman13088@yahoo.com ***173***

### ਲੜਕੇ ਦੀ ਲੋੜ

ਪੰਜਾਬ ਦੇ ਮੋਗਾ ਜਿਲੇ ਨਾਲ ਸਬੰਧਿਤ ਬਰਾੜ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਇੰਡੀਆ ਤੋਂ ਬੀ ਟੈਕ ਦੀ ਡਿਗਰੀ ਉਪਰੰਤ ਕਨੇਡਾ ਵਿੱਚ 2 ਸਾਲ ਦੀ ਸਟੱਡੀ ਅਤੇ ਹੁਣ 3 ਸਾਲ ਦਾ ਕਨੇਡੀਅਨ ਵਰਕ ਪਰਮਿਟ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੇ ਰਿਸਤੇ ਦੀ ਲੋੜ ਹੈ ।ਵਿਨੀਪੈਗ ਰਹਿੰਦੇ ਮੋਗਾ ਅਤੇ ਬਠਿੰਡਾ ਜਿਲਾ ਦੇ ਪਰਿਵਾਰਾਂ ਨੂੰ ਪਹਿਲ ।ਸੰਪਰਕ: 431 335 3127 ***173***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਨਸਾ ਰਹਿਤ, ਹਿਊਮਨ ਰਿਸੋਰਸ ਡਿਪਲੋਮਾਂ ਹੋਲਡਰ, ਵਿਨੀਪੈਗ ਟਰਾਂਜਿਟ ਵਿੱਚ ਸੁਪਰਵਾਈਜਰ ਦੀ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸਤੇ ਦੀ ਲੋੜ ਹੈ।ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 204 908 0011 ਜਾਂ 204 955 9199 **173**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਸੇਟ ਕਾਲਿਜ ਕੈਲਗਰੀ ਤੋਂ ਇਲੈਟਰੀਕਲ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਬਿਜਨਿਸ ਦੇ ਤੌਰ ਤੇ ਆਪਣੀ ਹੀ ਇਲੈਕਟਰੀਕਲ ਕੰਪਨੀ ਚਲਾ ਰਿਹਾ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ : 403 926 3620 **172**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 20 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ, ਲਈ ਕਨੇਡਾ ਤੋਂ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲ ਹੈ ,ਉਹ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਉਸਦੀ ਮੱਦਦ ਵੀ ਕਰ ਸਕਦੇ ਹਨ। ਸੰਪਰਕ: 587 707 3542 ਜਾਂ 403 918 6462 ***172***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ , ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਪੱਕੇ ਤੌਰ 'ਤੇ ਸੈਟਲ ਹੈ। ਸਟੂਡੈਂਟ ਜਾਂ ਵਿਜਟਿਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 825 712 3370 ਜਾਂ 587 349 0901 ***172***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

### ਲੜਕੇ ਦੀ ਲੋੜ

ਜੱਟ ਸਿੱਖ ਤਤਲਾ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਤਧਾਰੀ ਲੜਕੀ ਉਮਰ 24 ਸਾਲ ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ BSC Nursing ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਅੰਮ੍ਰਿਤਧਾਰੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਭਰਾ ਭਰਜਾਈ ਕੈਲਗਰੀ ਵਿੱਚ ਪੱਕੇ ਤੌਰ 'ਤੇ ਸੈਟਲ ਹਨ। ਲੜਕੀ ਅਤੇ ਲੜਕੀ ਦੇ ਮਾਤਾ ਪਿਤਾ ਕੋਲ ਕਨੇਡਾ ਦਾ ਵਿਜਟਰ ਵੀਜਾ ਹੈ। ਵਿਆਹ ਇੰਡੀਆ ਜਾਂ ਕੈਲਗਰੀ ਵੀ ਕੀਤਾ ਜਾ ਸਕਦਾ ਹੈ। ਸੰਪਰਕ: 587 968 5620 **172**

### ਜੀਵਨ ਸਾਥੀ ਦੀ ਲੋੜ

"ਕੈਲਗਰੀ ਵਾਸੀ 37 ਸਾਲਾ ਵਿਧਵਾ ਹੋਈ ਸੁਨਿਆਰਾ ਖਾਨਦਾਨ ਦੇ ਪਰਿਵਾਰ ਨਾਲ ਸਬੰਧਿਤ ਲੜਕੀ ਕੱਦ 5 ਫੁੱਟ 6 ਇੰਚ ਲਈ ਹਾਣ ਪਰਵਾਣ ਦੀ ਉਮਰ ਦੇ ਜੀਵਨ ਸਾਥੀ ਦੀ ਲੋੜ ਹੈ। ਦੋ ਬੇਟੇ ਜਿਹਨਾ ਦੀ ਉਮਰ 12 ਅਤੇ 14 ਸਾਲ ਹੈ ਉਹ ਵੀ ਮਾਂ ਦੇ ਨਾਲ ਹੀ ਰਹਿੰਦੇ ਹਨ। ਡਿਵੋਰਸ ਕੇਸ ਵਾਲੇ ਜਾਂ ਜੱਟ ਪਰਿਵਾਰ ਨਾਲ ਸਬੰਧਿਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 403 397 6413 **172**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**

**ਐਡਮਿੰਟਨ-780 599 2000 ਸੈਸਕਾਟੂਨ 639 999 1000**

**ਰੀਜਾਇਨਾ- 639 999 1000, ਵਿਨੀਪੈੱਗ- 431 733 3000**

## FIRST FOR DERBYSHIRE AND FOR HIGHWAYS ACROSS THE COUNTRY

**UK** (PAB)

At a meeting of Derbyshire County Council yesterday, 26 May 2021, Councillor **Kewal Singh Athwal** was appointed as the Cabinet Member for Highways Assets and Transport. Councillor Athwal is the first person from the Sikh faith to be appointed by the Council as a Cabinet Member, and is also thought to be the first Sikh to have responsibility for highways assets and transport in the country.

Elected to Derbyshire County Council in May 2017 to represent the residents of the Sawley Division, Councillor Athwal was the Chairman of the Audit Committee and was also a member of the Scrutiny Places Committee.

Councillor Athwal said: "I am hugely honoured to be given such a high profile role within the Council, and am looking forward to working with the team to make a positive difference to those we serve in the county of Derbyshire."My first priority will be to make sure that we deliver the ambitious programme of improvements across the county. We'll be spending £120m over the next three years to improve roads, pavements, bridges and drains across Derbyshire.

"My faith has always been important to me and I am delighted to be the first Sikh to have the responsibility for highways assets and transport.

"I hope that my appointment will encourage more people from my faith, and from any other faith group to realise that they too could take part in civic life, and help to improve life for all those who live in our wonderful county."

Councillor Athwal was born in India, in a village named Phoolpur, near Lambra, in the District of Jalandhar in Punjab.

He is married to Lakhbir, and they have 2 children who were both educated at local schools in Long Eaton, Dovedale and Wilsthorpe, before both going into University education. Both his children are married and Kewal has 5 grandchildren.

### Hiring !

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

### ਟਰੱਕ ਡਰਾਈਵਰਾਂ ਦੀ ਲੋੜ

0-2 years of experience,

Please contact us

VADDA BHAI

Contact: Gagan Bains
VADDA BHAI
ACE OF SPADES INC

T: 1-825-733-0030
Email Resume to: gagan@vbaspades.com

ACE OF SPADES INC

### ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**

### ਨੈਨੀ ਦੀ ਲੋੜ

ਕੈਲਗਰੀ ਵੱਸਦੇ ਪੰਜਾਬੀ ਪਰਿਵਾਰ ਨੂੰ ਨੈਨੀ ਦੀ ਜਰੂਰਤ ਹੈ। ਪੰਜਾਬੀ ਜੁਬਾਨ ਬੋਲਣੀ ਆਉਂਦੀ ਜਰੂਰੀ ਹੈ। ਰੋਟੀ ਪਾਣੀ ਸਮੇਤ ਘਰ ਦਾ ਸਾਰਾ ਕੰਮ ਕਰਨਾ ਆਉਣਾ ਚਾਹੀਦਾ ਹੈ । ਵਿਜਟਿਰ ਵੀਜੇ ਉੱਪਰ ਆਏ ਯੋਗ ਉਮੀਂਦਵਾਰ ਨੂੰ elderly care catagory ਪ੍ਰੋਗਰਾਮ ਤਹਿਤ ਸਪਾਂਸਰ ਵੀ ਕੀਤਾ ਜਾ ਸਕਦਾ ਹੈ । ਯੋਗ ਤਨਖਾਹ ਦਿੱਤੀ ਜਾਵੇਗੀ ।ਸੰਪਰਕ: 403 200 6735 ***174***

### Name Change

I, Gurmeet Kaur, Daughter of Sukhdev Singh, holder of Indian passport No. J9377567, issued at Chandigarh, on 24/10/2011, permanent resident of Kapure, Moga-142054, Punjab, India and presently residing at 125 Savanna Gardens, Northeast, Calgary, Alberta. T3J2E5, do hereby change my name from Gurmeet Kaur to Gurmeet Kaur Sandhu, with immediate effect.

## Tractor Trucks for Lease

**Two Trucks for Lease**
**Volvo Trucks with Sleeper**
**Maintenance Free Lease**
**Minimum Six Months to Twelve Months Lease**
**Good for Local, Regional/Short-Haul**
**$5000.00 Down**
**$4000.00 Per Month**
Some Restrictions Apply
**Please Contact:**

FRESH FREIGHT



**KulbirShergill Fresh Freight Ltd**
**Phone or Text- 403-510-0070**
**Email: info@freshfreight.ca**

## A-CHOICE DRIVING SCHOOL

Bay# 324, 4774 Westwinds Dr NE
Calgary Alberta T3J 0L9
Tel: 403-473-1682



# ਵੈਕਸੀਨ ਦੀ ਕਹਾਣੀ - ਵਿਗਿਆਨ ਦੀ ਜ਼ੁਬਾਨੀ-2



ਜਗਦੇਵ ਸਿੱਧੂ ਕੈਲਗਰੀ
403 351 1136



ਮੌਡਰਨਾ - ਕੈਨੇਡਾ ਦਾ ਜੰਮ ਪਲ ਡੈਰਿਕ ਰੋਸੀ ਸੁਧਰੇ ਹੋਏ ਐਮ.ਆਰ.ਐਨ.ਏ. ਨੂੰ ਇਕ ਚੂਹੇ ਅੰਦਰ ਇੰਜੈਕਟ ਕਰ ਕੇ ਅਸਰ ਵੇਖਣ ਵਿਚ ਕਾਮਯਾਬ ਹੋ ਗਿਆ।2010 ਵਿਚ ਉਸ ਨੇ ਮੌਡਰਨਾ ਨਾਂ ਦੀ ਕੰਪਨੀ ਦੀ ਸਥਾਪਨਾ ਕੀਤੀ।ਅਸਲ ਵਿਚ ਹਰੇਕ ਆਦਮੀ ਅੰਦਰ ਲੱਖਾਂ ਕਰੋੜਾਂ ਦੀਗਿਣਤੀ ਵਿਚ ਐਮ.ਆਰ.ਐਨ.ਏ. ਮੌਜੂਦ ਰਹਿੰਦੇ ਹਨ ਜਿਹੜੇ ਜ਼ਰੂਰੀ ਕਾਰਵਾਈਆਂ ਲਈ ਸਾਡੇ ਸੈੱਲਾਂ ਨੂੰ ਹਦਾਇਤਾਂ ਦਿੰਦੇ ਰਹਿੰਦੇ ਹਨ। ਵੈਕਸੀਨ ਦਾ ਐਮ.ਆਰ.ਐਨ.ਏ. ਦੋ ਪੱਖਾਂ ਤੋਂ ਵੱਖਰਾ ਹੈ- ਇਕ ਤਾਂ ਇਹ ਸਾਡੇ ਸੈੱਲਾਂ ਦੇ ਨੂਕਲੀਅਸ ਅੰਦਰ ਬਨਣ



ਦੀ ਬਜਾਏ ਮਸ਼ੀਨਾਂ ਦੁਆਰਾਬਣਾਇਆ ਜਾਂਦਾ ਹੈ, ਦੂਜਾ ਇਹ ਬਾਹਰੋਂ ਅੰਦਰ ਧੱਕਿਆ ( ਇੰਜੈਕਟ ਕੀਤਾ ) ਜਾਂਦਾ ਹੈ।ਅੰਦਰ ਜਾ ਕੇ ਇਸ ਦਾ ਉਹੀ ਕੰਮ ਹੁੰਦਾ ਹੈ - ਰਿਬੋਜ਼ੋਮਇਸ ਨੂੰ ਪੜ੍ਹ ਕੇ ਲੋੜੀਂਦੀ ਪ੍ਰੋਟੀਨ ਬਨਾਉਣ ਦੇ ਕੰਮ ਲੱਗ ਜਾਂਦੇ ਹਨ। ਜਦੋਂ ਕੋਵਿਡ-19 ਦੀ ਵੈਕਸੀਨ ਬਨਾਉਣ ਦੀ ਲੋੜ ਪਈ ਤਾਂ ਪਿਛਲੇ ਕਿੰਨੇ ਸਾਲਾਂ ਦੀ ਭਰਪੂਰ ਖੋਜ ਇਸ ਨੂੰ ਮਹੀਨਿਆਂ ਵਿਚ ਹੀ ਤਿਆਰ ਕਰਨ ਦਾ ਸਬੱਬ ਬਣ ਗਈ।

**ਵਾਇਰਸ ਦੀ ਪਛਾਣ** -- ਜਦੋਂ ਚੀਨ ਦੇ ਵੂਹਾਂ ਇਲਾਕੇ ਵਿਚ ਰਹੱਸਮਈ ਸੰਕ੍ਰਾਮਕ ਬੀਮਾਰੀ ਨੇ ਘੌਰੂ ਪਾਇਆ ਤਾਂ ਭੰਬਲਭੂਸੇ ਪਏ ਵਿਗਿਆਨੀਆਂ ਨੂੰਇਹ ਜਾਨਣ ਲਈ ਇਸ ਦੇ ਨਮੂਨੇ ਪਰਖਣ ਦੀ ਲੋੜ ਪਈ ਕਿ ਕੀ ਇਹ ਮੁਜਰਮ ਕੋਈ ਜਾਣਿਆ ਪਛਾਣਿਆ ਵਿਸ਼ਾਣੂ ਹੈ ਜਾਂ ਅਸਲੋਂ ਨਵਾਂ। ਪਰਖਲਈ ਰੋਗੀਆਂ ਤੋਂ ਨਮੂਨੇ ( ਸੈਂਪਲ ) ਸ਼ੰਘਾਈ ਦੀ ਫੂਦਾਨ ਯੂਨੀਵਰਸਿਟੀ ਦੀ ਪ੍ਰਯੋਗਸ਼ਾਲਾ ਨੂੰ ਭੇਜੇ ਗਏ ਜਿੱਥੇ ਜ਼ਹਾਂਗ ਨਾਂ ਦੇ ਤਜਰਬੇ ਕਾਰ ਵਿਗਿਆਨੀ ਨੇ ਨੋਵਾਸੇਕ ਮਸ਼ੀਨ ਰਾਹੀਂ ਪ੍ਰੀਖਣ ਕਰ ਕੇ ਬਹੁਤ ਜਲਦੀ ਅਤੇ ਪੂਰੀ ਦਰੁਸਤੀ ਨਾਲ ਵਾਇਰਸ ਦਾ ਪਤਾ ਲਾ ਲਿਆ ਇਸ ਦੇ ਜੀਨੋਮਨੂੰ ਡੀ-ਕੋਡ ਕਰ ਕੇ ਇਸ ਨੂੰ ਸਾਰਸ ਸੀਓ ਵੀ 2 ਦਾ ਨਾਮ ਦਿੱਤਾ। ਇਹ ਜਾਣਕਾਰੀ 10 ਜਨਵਰੀ 2020 ਨੂੰ ਜਨਤਕ ਜੈਨੇਟਿਕ ਡਾਟਾਬੇਸ ਉਪਰਪਾ ਦਿੱਤੀ।ਜੀਨੋਮ ਨੂੰ ਡੀ-ਕੋਡ ਕਰਨ ਵਾਲੀ ਮਸ਼ੀਨ ਕੈਲੀਫੋਰਨੀਆ ਸਥਿਤ ਇਲੂਮਿਨਾ ਕੰਪਨੀ ਵੱਲੋਂ ਤਿਆਰ ਕੀਤੀ ਜਾਂਦੀ ਹੈ ਜਿਹੜੀ ਕਿਸੇ ਵੀਜੀਵ ਦੇ ਜੈਨੇਟਿਕ ਕੋਡ ਨੂੰ ਕੁਛ ਘੰਟਿਆਂ ਵਿਚ ਹੀ ਸਪਸ਼ਟ ਕਰ ਕੇ ਰੱਖ ਦਿੰਦੀ ਹੈ।ਬੱਸ ਇਹ ਪਤਾ ਲੱਗਣ ਦੀ ਦੇਰ ਸੀ ਕਿ ਵੈਕਸੀਨ ਬਨਾਉਣਦਾ ਰਾਹ ਖੁੱਲ੍ਹ ਗਿਆ।ਇਹ ਜੀਨੋਮ ਕੋਡ ਇਸ ਵਾਇਰਸ ਦੇ ਫੈਲਣ, ਰੂਪ ਬਦਲਣ ਅਤੇ ਭਿਆਨਕ ਸ਼ਕਲ ਅਖਤਿਆਰ ਕਰਨ ਦਾ ਪਰਦਾਫ਼ਾਸ਼ ਕਰਨ ਲਈ ਬੁਨਿਆਦ ਬਣ ਗਿਆ ਹੈ। ਮੈਸਾਚੂਸਟ ਸਥਿਤ ਬਾਇਓਟੈੱਕ ਕੰਪਨੀ ਮੌਡਰਨਾ ਦੇ ਵਿਗਿਆਨੀਆਂ ਨੇ ਐਮ.ਆਰ.ਐਨ.ਏ. ਤਕਨੀਕਰਾਹੀਂ 25 ਦਿਨਾਂ ਅੰਦਰ ਕੋਵਿਡ-19 ਦੀ ਵੈਕਸੀਨ ਲੱਭ ਲਈ ਅਤੇ 63 ਦਿਨਾਂ ਅੰਦਰ ਇਸ ਨੂੰ ਲੋਕਾਂ ਤੇ ਪਰਖਣਾ ਸ਼ੁਰੂ ਕਰ ਦਿੱਤਾ।

**ਬਾਇਓ ਨ ਟੈੱਕ ਫ਼ਾਈਜ਼ਰ** -- ਜਰਮਨੀ ਦੀ ਕੰਪਨੀ ਦੁਆਰਾ ਬਣਾਈ ਕੋਵਿਡ-19 ਦੀ ਵੈਕਸੀਨ ਦੁਨੀਆਂ ਵਿਚ ਸਭ ਤੋਂ ਪਹਿਲਾਂ ਮਨਜ਼ੂਰ ਹੋਣ ਵਾਲੀ ਅਤੇ ਐਮ.ਆਰ.ਐਨ.ਏ. ਤਕਨੀਕ ਤੇ ਬਣੀ ਪਹਿਲੀ ਵੈਕਸੀਨ ਹੈ।ਇਸ ਦੇ ਬਾਨੀ ਉਗਰ ਸਾਹੀਨ ਅਤੇ ਓਜਲਮ ਤੁਰੇਸੀ (ਦੰਪਤੀ) ਨੇ ਅਮਰੀਕਨ ਫ਼ਾਈਜ਼ਰ ਕੰਪਨੀ ਨਾਲ ਪਰਖਣ ( ਟੈਸਟਿੰਗ ) ਅਤੇ ਉਤਪਾਦਨ ਕਰਨ ਲਈ ਭਿਆਲੀ ਪਾਈ। ਜਨਵਰੀ 2020 ਵਿਚ ਕੋਵਿਡ-19 ਦੀਆਂ ਖ਼ਬਰਾਂ ਆਉਣ ਸਮੇਂ ਮੇਨਜ਼ ਵਿਖੇ ਸਥਾਪਿਤ ਇਹ ਕੰਪਨੀ ਦਸ ਸਾਲ ਤੋਂ ਵੱਧ ਸਮੇਂ ਦੀ ਖੋਜ ਮਗਰੋਂਕੋਈ 400 ਲੋਕਾਂ ਤੇ ਐਮ.ਆਰ.ਐਨ.ਏ. ਆਧਾਰਿਤ ਕੈਂਸਰ ਵੈਕਸੀਨ ਦੀ ਪਰਖ ਕਰੀ ਬੈਠੀ ਸੀ।ਉਨ੍ਹਾਂ ਨੇ ਆਪਣੀ ਸਾਰੀ ਟੀਮ ਨੂੰ ਕੋਰੋਨਾਵਾਇਰਸ ਦੀ ਵੈਕਸੀਨ ਵਾਲੇ ਪਾਸੇ ਰੌਸ਼ਨੀ ਦੀ ਸਪੀਡ ਨਾਲ ਕੰਮ ਕਰਨ ਲਾ ਦਿੱਤਾ। 9 ਨਵੰਬਰ, 2020 ਤੱਕ ਫ਼ਾਈਜ਼ਰ ਅਤੇ ਮੌਡਰ ਨਾਨੇ ਤੀਜੇ ਪੜਾਅ ਦੇ ਪਰਖ-ਨਤੀਜੇ ਸਾਹਮਣੇ ਲਿਆ ਕੇ ਸਾਬਤ ਕਰ ਦਿੱਤਾ ਕਿ ਇਹ ਵੈਕਸੀਨ ਸਾਰਸ ਸੀਓਵੀ-2 ਦੁਆਰਾ ਹੋਣ ਵਾਲੇ ਗੰਭੀਰਸੰਕ੍ਰਮਣ ਤੋਂ 90 ਪ੍ਰਤੀਸ਼ਤ ਰੋਕਥਾਮ ਕਰਨ ਦੇ ਸਮਰੱਥ ਹੈ। ਫ਼ਾਈਜ਼ਰ ਵੈਕਸੀਨ ਸਟੀਲ ਦੇ 50 ਲਿਟਰ ਸਮਰੱਥਾ ਵਾਲੇ ਟੈਂਕਾਂ ਵਿਚ ਤਿਆਰ ਕੀਤੀਜਾਂਦੀ ਹੈ। ਈਥਾਨੋਲ ਲਪੇਟੇ ਐਮ.ਆਰ.ਐਨ.ਏ. ਦੇ ਘਾਣੇ ਨੂੰ ਬਾਰ ਬਾਰ ਪੁਣਿਆ ਜਾਂਦਾ ਹੈ, ਦਸ ਲਿਟਰ ਦੀਆਂ ਥੈਲੀਆਂ ਵਿਚ ਕੱਢ ਕੇ ਅਤੇ ਇਸ ਦੂਧੀਆ ਘੋਲ ਦਾ ਸ਼ੁੱਧੀਕਰਨ ਕਰਨ ਮਗਰੋਂ ਡੱਬਾਬੰਦ ਕੀਤਾ ਜਾਂਦਾ ਹੈ। ਹਰੇਕ ਡੱਬੀ ( ਵਾਇਲ ) ਵਿਚ ਛੇ ਮਾਤਰਾ ( ਡੋਜ਼)



ਹੁੰਦੀਆਂ ਹਨ। ਸਾਹੀਨ ਤੇ ਉਸ ਦੀ ਟੀਮ ਹੁਣ ਕੋਰੋਨਾਵਾਇਰਸ ਦੇ ਨਵੇਂ ਪਸਾਰਾਂ ਨਾਲ ਨਜਿੱਠਣ ਲਈ ਜੁਟ ਗਏ ਹਨ।ਵੈਕਸੀਨ ਦੇ ਕਈ ਫ਼ਾਇਦੇ ਹਨ।ਵਾਇਰਸ ਦੁਆਰਾ ਸੰਕ੍ਰਮਣ ਦਾ ਖ਼ਤਰਾ ਨਹੀਂ ਰਹਿੰਦਾ, ਤੇਜ਼ੀ ਨਾਲ ਸੈੱਲਾਂਦੀ ਪ੍ਰਕਿਰਿਆ ਰਾਹੀਂ ਖਿੰਡ ਪੁੰਡ ਜਾਂਦੀ ਹੈ। ਇਸ ਨੂੰ ਕੰਪਿਊਟਰ ਤੇ ਡੀਜ਼ਾਈਨ ਕਰ ਕੇ ਤੇਜ਼ੀ ਨਾਲ ਉਤਪਾਦਨ ਲਈ ਵਿਉਂਤਿਆ ਜਾਂਦਾ ਹੈ। ਪਿਛਲੇ ਚਾਰ ਸਾਲਾਂ ਤੋਂ ਇਸ ਤਰ੍ਹਾਂ ਦੀ ਵੈਕਸੀਨ ਕੈਂਸਰ, ਫਲੂ, ਈਬੋਲਾ ਅਤੇ ਜ਼ੀਕਾ ਵਰਗੀਆਂ



ਨਾਮੁਰਾਦ ਬੀਮਾਰੀਆਂ ਦੀ ਰੋਕਥਾਮ ਲਈ ਖੋਜਕਰਨ ਵੱਲ ਧਮਾਕੇਦਾਰ ਕਾਰਵਾਈ ਚਲ ਰਹੀ ਹੈ। ਪਰ ਅਜੇ



ਕਈ ਸਵਾਲ ਖੜ੍ਹੇ ਹਨ - ਇਸ ਦਾ ਅਸਰ ਕਿੰਨਾ ਚਿਰ ਰਹਿੰਦਾ ਹੈ, ਕੀ ਇਸ ਨਾਲਬੀਮਾਰੀ ਫੈਲਣ ਦਾ ਖ਼ਤਰਾ ਟਲ ਸਕੇਗਾ, ਇਸ ਦੇ ਜੁੜਵੇਂ ਦੁਸ਼ਪ੍ਰਭਾਵ (ਸਾਈਡ ਇਫੈਕਟਸ ) ਕਿਹੋ ਜਿਹੇ ਹੋਣਗੇ ਅਤੇ ਕੀ ਅਸੀਂ ਸਾਰੇ ਅਜਿਹੇ ਅਸਰਾਂ ਤੋਂ ਜਾਣੂੰ ਹੋ ਗਏ ਹਾਂ ? ਹਾਲੇ ਇਹ ਵੀ ਯਕੀਨੀ ਨਹੀਂ ਕਿ ਵੈਕਸੀਨ ਦਾ ਅਸਰ ਕਿੰਨੀ ਦੇਰ ਤਕ ਰਹੇਗਾ। ਫਿਰ ਵੀ ਇਹ ਤਕਨੀਕ ਭਵਿੱਖ ਵਿਚ ਆਉਣ ਵਾਲੀਆਂ ਮਹਾਂਮਾਰੀਆਂ ਦੇ ਖ਼ਤਰਿਆਂ ਤੋਂ ਰੋਕ ਥਾਮ ਵਾਸਤੇ ਤੇਜ਼ੀ ਨਾਲ ਅਤੇ ਅਸਰਦਾਰ ਤਰੀਕੇ ਨਾਲ ਵਰਤਣ ਲਈ ਲਾਹੇਵੰਦ ਰਹੇਗੀ। ਇਜ਼ਰਾਈਲ ਅਤੇ ਸਕਾਟਲੈਂਡ ਵਿਚ ਵੈਕਸੀਨ ਦੇ ਅਸਰਾਂ ਬਾਰੇ ਅਧਿਅਨ ਕੀਤਾ ਗਿਆ ਜਿਸ ਅਨੁਸਾਰ ਵੈਕਸੀਨ ਲੈਣ ਵਾਲੇ ਕੋਰੋਨਾਵਾਇਰਸ ਦਾ ਘੱਟ ਸ਼ਿਕਾਰ ਹੁੰਦੇ ਹਨ ਅਤੇ ਜੇ ਹੋ ਵੀ ਜਾਣ ਤਾਂ ਹਸਪਤਾਲ ਜਾਣ ਦੀ ਨੌਬਤ ਘੱਟ ਆਉਂਦੀ ਹੈ। ਵੈਕਸੀਨ ਵਾਇਰਸ ਲੱਗਣ ਤੋਂ ਵੀ ਬਚਾਅ ਕਰਦਾ ਹੈ ਅਤੇ ਇਸ ਨੂੰ ਵਧਣ ਤੋਂ ਰੋਕਣ ਵਿਚ ਵੀ ਸਹਾਈ ਹੁੰਦਾ ਹੈ।ਨਾਲੇ ਇਹ 2 ਦੇ ਨਵੇਂ ਵੇਰੀਐਂਟਸ ਨੂੰ ਕਾਫ਼ੀਹੱਦ ਤਕ ਕਾਬੂ ਕਰਨ ਵਿਚ ਕਾਮਯਾਬ ਹੈ ਜਿਹਾ ਕਿ ਅਜਿਹੇ ਕੇਸਾਂ ਦੀ ਗਿਣਤੀ ਹਸਪਤਾਲਾਂ ਵਿਚ ਘਟਣ ਤੋਂ ਪਤਾ ਲਗਦਾ ਹੈ।ਅਫ਼ਰੀਕਾਅੰਦਰਲੇ ਨਵੀਂ ਕਿਸਮ ਦੇ ਕੇਸਾਂ ਵਿਚ ਵੀ ਵੈਕਸੀਨ ਦਾ ਅਸਰ 57 ਪ੍ਰਤੀਸ਼ਤ ਰਿਹਾ ਹੈ। ਭਾਵੇਂ ਵੈਕਸੀਨ ਅਸਰਦਾਰ ਸਾਬਤ ਹੋ ਰਹੇ ਹਨ ਪਰਸਿਹਤ ਮਾਹੀਰਾਂ ਅਤੇ ਵਿਗਿਆਨੀਆਂ ਨੂੰ ਖ਼ਬਰਦਾਰ ਤੇ ਚੌਕਸ ਰਹਿਣਾ ਪਵੇਗਾ ਕਿਉਂ ਕਿ ਇਸ ਵਾਇਰਸ ਦੇ ਨਵੇਂ ਪਸਾਰੇ ()ਬਹੁਰੂਪੀਏ ਬਣ ਕੇ ਸਾਹਮਣੇ ਆਉਂਦੇ ਰਹਿਣਗੇ।ਵਾਇਰਸ ਦਾ ਇਹ ਚਤੁਰ ਸੁਭਾਅ ਹੈ ਕਿ ਇਹ ਆਪਣੇ ਮੇਜ਼ਬਾਨਾ ਨੂੰ ਸੰਕ੍ਰਮਿਤ ਕਰਨ ਲਈ ਨਵੇਂ ਤੋਂ ਨਵੇਂ ਅਸਰਦਾਰ ਢੰਗ ਲੱਭਣ ਵਿਚ ਸ਼ਾਤਰ ਹੈ।ਜਿਵੇਂ ਫਲੂ ਦੇ ਟੀਕੇ ਹਰ ਸਾਲ ਸੁਧਾਰੇ ਜਾਂਦੇ ਹਨ ਉਸੇ ਤਰਜ਼ ਤੇ ਸਬੰਧਤ ਵਿਗਿਆਨੀ ਇਸਵਾਇਰਸ ਦੇ ਨਵੇਂ ਹਮਲਾਵਰਾਂ ਦਾ ਟਾਕਰਾ ਕਰਨ ਲਈ ਵੈਕਸੀਨ ਅੰਦਰ ਲੋੜੀਂਦੇ ਸੁਧਾਰ ਕਰਦੇ ਰਹਿਣਗੇ। ਫ਼ਾਈਜ਼ਰ ਦੇ ਮੁੱਖ ਵਿਗਿਆਨੀ ਮਾਈਕਲ ਡੌਲਸਟਨ ਦਾ ਕਹਿਣਾ ਹੈ ਕਿ ਅਸੀਂ ਹਮੇਸ਼ਾ ਵਾਇਰਸ ਤੋਂ ਇਕ ਕਦਮ ਅੱਗੇ ਰਹਿਣਾ ਚਾਹਾਂਗੇ। ਜੇ ਵੈਕਸੀਨ ਪੂਰੇ ਅਸਰਦਾਰ ਰਹੇ ਅਤੇਵਾਇਰਸ ਨੂੰ ਕੋਈ ਨਵੇਂ ਸ਼ਿਕਾਰ ਨਾ ਲੱਭੇ ਤਾਂ ਇਸ ਕੋਹੜ ਦਾ ਖਾਤਮਾ ਹੋ ਸਕੇਗਾ। ਸਭ ਤੋਂ ਵੱਡੀ ਲੋੜ ਹੈ ਕੁੱਲ ਆਬਾਦੀ ਨੂੰ ਵੈਕਸੀਨ ਦੀ ਲਪੇਟਵਿਚ ਲੈ ਕੇ ਰੋਗ-ਨਿਰੋਧਤਾ ਦੀ ਅਜਿਹੀ ਕੰਧ ਖੜ੍ਹੀ ਕਰਨੀ ਜਿਸ ਵਿਚ ਟੱਕਰਾਂ ਮਾਰ ਕੇ ਵਾਇਰਸ ਆਪਣਾ ਵਜੂਦ ਗੁਆ ਬੈਠੇ। ਇਸ ਵੇਲੇ ਮੰਗਉਠ ਰਹੀ ਹੈ ਕਿ ਵੈਕਸੀਨ ਨੂੰ ਪੇਟੈਂਟ ਤੋਂ ਬਰੀ ਕੀਤਾ ਜਾਵੇ ਤਾਂਕਿ ਵੱਧ ਤੋਂ ਵੱਧ ਅਦਾਰੇ ਉਤਪਾਦਨ ਕਰ ਕੇ ਮੰਗ ਪੂਰੀ ਕਰ ਸਕਣ। ਕੀਮਤ ਤੇਕੰਟਰੋਲ ਕੀਤਾ ਜਾਵੇ। ਬਿਨਾ ਨਸਲ-ਭੇਦ ਜਾਂ ਰਾਜਨੀਤਕ ਲਾਹੇ ਦੇ ਸਾਵੀਂ ਵੰਡ ਕੀਤੀ ਜਾਵੇ। ਗ਼ਰੀਬ ਮੁਲਕਾਂ ਅਤੇ ਆਬਾਦੀਆਂ ਨੂੰ ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਸਹਾਇਤਾ ਸਮੇਤ ਵੈਕਸੀਨ ਪੁਚਾਉਣ ਦਾ ਉਪਰਾਲਾ ਕੀਤਾ ਜਾਵੇ। ਸਾਰੇ ਲੋਕਾਂ ਨੂੰ ਵੈਕਸੀਨ ਲੈਣ ਲਈ ਪ੍ਰੇਰਤ ਕੀਤਾ ਜਾਵੇ। ਵੈਕਸੀਨ ਮਹਾਂਮਾਰੀਆਂ ਨੂੰ ਰੋਕਣ ਦਾ ਅਹਿਮ ਤੇ ਕਾਰਗਰ ਉਪਾਅ ਤਾਂ ਹੈ ਪਰ ਸਿਰਫ਼ ਇਸੇ ਤੇ ਨਿਰਭਰ ਰਹਿਣਾ ਕਾਫ਼ੀ ਨਹੀਂ ਹੋਵੇਗਾ।

ਆਉਣ ਵਾਲੀਆਂ ਸੰਭਾਵੀ ਮਹਾਂਮਾਰੀਆਂ ਤੋਂ ਬਚਣ ਲਈ ਖੁੱਲ੍ਹੀ ਤਾਜ਼ਾ ਹਵਾ ਜ਼ਰੂਰੀ ਹੈ। ਇਸ ਮੰਤਵ ਲਈ ਬੰਦ ਘਰਾਂ, ਬੰਦ ਕਮਰਿਆਂ ਜਾਂ ਹੋਰ ਬੰਦਇਮਾਰਤਾਂ ਨੂੰ ਹਵਾਦਾਰ ਰੱਖਣ ਅਤੇ ਉਨ੍ਹਾਂ ਅੰਦਰ ਹਵਾ ਪੁਣ ਕੇ \ ਫਿਲਟਰ ਕਰ ਕੇ ਮੁਹਈਆ ਕਰਨ ਦੇ ਪੁਖਤਾ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ।ਰਹੀਏ ਯਤਨਸ਼ੀਲ, ਮੰਗੀਏ ਸਰਬੱਤ ਦਾ ਭਲਾ।








## ਕਰੋਨਾ ਸੰਕਟ ਦਾ ਸਭ ਤੋਂ ਵੱਧ ਅਸਰ ਅਲਬਰਟਾ ਸੂਬੇ ਵਿਚ ਰਿਹਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਮਹਾਮਾਰੀ ਦੇ ਚੱਲਦਿਆਂ ਦੇਸ਼ ਭਰ ਵਿੱਚ ਸਭ ਤੋਂ ਵੱਧ ਚੁਣੌਤੀਆਂ ਦਾ ਸਾਹਮਣਾ ਐਲਬਰਟਾ ਨੂੰ ਕਰਨਾ ਪਿਆ ਹੈ ਤੇ ਇਸ ਤੋਂ ਬਾਦ ਕਿਉਬੈਕ ਅਤੇ ?ਟੈਰੀ? ਦੇ ਨਾਮ ਦਰਜ ਕੀਤੇ ਗਏ ਹਨ। ਮੈਕਡੋਨੈਲਡ-ਲੌਰੀਏ ਇੰਸਟੀਟਿਊਟ ਵੱਲੋਂ ਤਿਆਰ ਕੀਤੇ ਗਏ 'ਮਿਜ਼ਰੀ ਇੰਡੈਕਸ' ਵਿੱਚ ਦੱਸਿਆ ਗਿਆ ਹੈ ਕਿ ਐਲਬਰਟਾ ਵਿੱਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਇਸ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਪ੍ਰਤੀ 1 ਲੱਖ ਵਿਅਕਤੀ ਮੌਤਾਂ ਦਾ ਅੰਕੜਾ, ਵਾਧੂ ਮੌਤ ਦਰ, ਵੈਕਸਿਨੇਸ਼ਨ ਦਰ, ਲੌਕਡਾਉਨ ਦਾ ਪੱਧਰ, ਆਮਦਨੀ ਜਾਂ ਮਾਲੀਏ ਦਾ ਨੁਕਸਾਨ, ਸਰਕਾਰੀ ਕਰਜ਼ ਦਾ ਵਾਧਾ ਆਦਿ ਨੂੰ ਪੈਮਾਨਾ ਬਣਾਇਆ ਗਿਆ ਸੀ। ਇਹਨਾਂ ਸਾਰੇ ਹੀ ਮਦਾਂ ਹੇਠ ਐਲਬਰਟਾ ਬਾਕੀ ਸਾਰੇ ਸੂਬਿਆਂ ਤੋਂ ਅੱਗੇ ਰਿਹਾ ਹੈ ਜਿਸ ਕਰਕੇ ਇਸ ਸੰਕਟ ਦਾ ਸਭ ਤੋਂ ਵੱਧ ਅਸਰ ਵੀ ਇਸੇ ਸੂਬੇ ਵਿੱਚ ਰਿਹਾ ਦਰਜ ਕੀਤਾ ਗਿਆ ਹੈ। ਪ੍ਰਿੰਸ ਐਡਵਰਡ ਆਇਲੈਂਡ, ਨੋਵਾ ਸਕੋਸ਼ੀਆ, ਨਿਊ ਬ੍ਰੰਜ਼ਵਿਕ ਅਤੇ ਨਿਊਫ਼ਿਨਲੈਂਡ ਐਂਡ ਲੈਬ੍ਰੇਡਰ ਵਧੀਆ ਸੂਬਿਆਂ ਵਿੱਚ, ਬ੍ਰਿਟਿਸ਼ ਕੋਲੰਬੀਆ ਮੱਧ ਸੂਬਿਆਂ ਵਿੱਚ ਅਤੇ ਐਲਬਰਟਾ, ?ਟੈਰੀ? ਤੇ ਕਿਉਬੈਕ ਮਾੜੇ ਸੂਬਿਆਂ ਦੀ ਸ਼੍ਰੇਣੀ ਵਿੱਚ ਦਰਜ ਕੀਤੇ ਗਏ ਹਨ।

## ਆਹ ਦੋ ਔਰਤਾਂ ਆਪਣੇ ਹੀ ਢੰਗ ਨਾਲ ਕਰੋਨਾ ਪੀੜਤਾਂ ਦੀ ਮੱਦਦ ਕਰ ਰਹੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਚੈਸਟਰਮੀਅਰ ਵਿੱਚ ਦੋ ਔਰਤਾਂ ਨੇ ਹਿੰਮਤ ਕਰਦਿਆਂ ਫੰਡਰੇਜ਼ਰ ਸ਼ੁਰੂ ਕੀਤਾ ਹੈ ਤਾਂ ਕਿ ਕੋਵਿਡ-19 ਮਹਾਮਾਰੀ ਵਿੱਚੋਂ ਗੁਜ਼ਰ ਰਹੇ ਸਥਾਨਕ ਵਪਾਰਕ ਅਦਾਰਿਆਂ ਨੂੰ ਸੱਮਸਿਆ ਵਿੱਚੋਂ ਬਾਹਰ ਨਿਕਲਣ ਵਿੱਚ ਮਦਦ ਦਿੱਤੀ ਜਾ ਸਕੇ। ਨਵੇਂ ਸਿਰਿ?' ਪਾਬੰਦੀਆਂ ਲੱਗਣ ਮਗਰੋਂ ਕਈ ਬਿਜ਼ਨਿਸਿਜ਼ ਬੰਦ ਹੋਣ ਦੇ ਕਿਨਾਰੇ ਪਹੁੰਚ ਗਏ ਹਨ ਤੇ ਉਹਨਾਂ ਦੇ ਬਿਜਲੀ ਦੇ ਬਿਲਾਂ ਦੀ ਵੀ ਅਦਾਇਗੀ ਨਹੀਂ ਹੋ ਸਕੀ ਹੈ। ਇਹਨਾਂ ਬਿਜ਼ਨਿਸਿਜ਼ ਨੂੰ ਨਿਯਮਾਂ ਸ਼ਰਤਾਂ ਦੇ ਚੱਲਦਿਆਂ ਸੂਬਾਈ ਤੇ ਫੈਡਰਲ ਸਹਾਇਤਾ ਵੀ ਨਹੀਂ ਮਿਲ ਸਕੀ ਹੈ ਜਿਸ ਕਰਕੇ ਇਹਨਾਂ ਨੂੰ ਬਚਾਉ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਈ ਮਾਮਲਿਆਂ ਵਿੱਚ ਸਰਕਾਰੀ ਸਹਾਇਤਾ ਮਿਲਣ ਦੇ ਬਾਵਜੂਦ ਖ਼ਰਚਿਆਂ ਨੂੰ ਚੁੱਕਣਾ ਮੁਸ਼ਕਿਲ ਹੋ ਗਿਆ ਹੈ। ਚੈਸਟਰਮੀਅਰ ਦੀਆਂ ਰਹਿਣ ਵਾਲੀਆਂ ਦੋ ਔਰਤਾਂ - ਮਿੱਚੈਲ ਐਲਡਿਆਰਨ-ਸਨ ਅਤੇ ਲੌਰੀ ਡੰਨ ਨੇ 50 ਹਜ਼ਾਰ ਡਾਲਰ ਇਕੱਠੇ ਕਰਨ ਦਾ ਟੀਚਾ ਲੈ ਕੇ ਇਹ ਮੁਹਿੰਮ ਸ਼ੁਰੂ ਕੀਤੀ ਹੈ ਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਨਲਾਇਨ ਸ਼ੌਪਿੰਗ ਕਰਨ ਜਾਂ ਵੱਡੇ ਸਟੋਰਾਂ ਤੋਂ ਖ਼ਰੀਦਾਰੀ ਕਰਨ ਦੀ ਥਾਂ ਛੋਟੇ ਵਪਾਰੀਆਂ ਤੋਂ ਸਮਾਨ ਖ਼ਰੀਦਣ ਤੇ ਸਥਾਨਕ ਜਾਂ ਲੋਕਲ ਬਿਜ਼ਨਿਸਿਜ਼ ਨੂੰ ਪਹਿਲ ਦੇਣ।



# ਆਓ ਫੂਡ ਲੇਬਲ ਨੂੰ ਸਮਝੀਏ






ਡਾ. ਪਰਵਿੰਦਰ ਸਿੰਘ
ਐਮ.ਡੀ.
604-802-9532

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਹਰ ਇੱਕ ਕੋਲ ਬਹੁਤ ਹੀ ਸੀਮਤ ਜਿਹਾ ਸਮਾਂ ਹੀ ਹੈ ਅਸੀਂ ਇਤਨੇ ਜ਼ਿਆਦਾ ਵਿਅਸਤ ਹੋ ਗਏ ਹਾਂ ਕਿ ਸਾਡੇ ਕੋਲ ਇਹ ਸੋਚਣ ਦਾ ਸਮਾਂ ਹੀ ਨਹੀਂ ਕਿ ਜਿਹੜਾ ਭੋਜਨ ਅਸੀਂ ਖਾ ਰਹੇ ਹਾਂ ਕੀ ਉਹ ਸਾਡੀ ਸਿਹਤ ਵਾਸਤੇ ਠੀਕ ਹੈ ਕਿ ਨਹੀਂ ? ਸਾਡਾ ਇੱਕੋ ਇੱਕ ਮੰਤਵ ਹੁੰਦਾ ਹੈ ਕਿ ਸਵਾਦ ਲੈਣਾ ਅਤੇ ਪੇਟ ਭਰਨਾ ਸਾਡੀ ਇਹੀ ਆਦਤ ਬਾਅਦ ਵਿੱਚ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ ਜਿਸ ਵਿੱਚ ਮੋਟਾਪਾ, ਆਂਤੜੀਆਂ ਦੇ ਰੋਗ, ਦਿਲ ਦੇ ਰੋਗ, ਸ਼ੂਗਰ ਆਦਿ ਪ੍ਰਮੁੱਖ ਹਨ ਹਾਂ, ਇਹ ਬਿਲਕੁੱਲ ਜਾਇਜ਼ ਹੈ ਕਿ ਸਾਨੂੰ ਸੁਆਦਲਾ ਭੋਜਨ ਅਤੇ ਪੇਟ ਭਰ ਕੇ ਖਾਣ ਦਾ ਪੂਰਾ ਹੱਕ ਹੈ, ਪਰ ਜੇ ਅਸੀਂ ਆਪਣੇ ਖਾਣੇ ਵਿੱਚ ਥੋੜ੍ਹੀ ਜਿਹੀ ਵੀ ਚੇਤੰਨਤਾ ਲਿਆਉਂਦੇ ਹਾਂ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ, ਮਤਲਬ ਕਿ ਖਾਣੇ ਦਾ ਸੁਆਦ ਵੀ ਰਹੇਗਾ ਅਤੇ ਸਿਹਤ ਵੀ ਠੀਕ ਰਹੇਗੀ ਇਸ ਕਰਕੇ ਖਾਣ ਤੋਂ ਪਹਿਲਾਂ ਇਹ ਦੇਖੋ ਕਿ ਤੁਸੀਂ ਕੀ ਖਾ ਰਹੇ ਹੋ, ਉਸ ਨਾਲ ਤੁਹਾਨੂੰ ਕੀ-ਕੀ ਪੋਸ਼ਣ ਤੱਥ ਮਿਲ ਰਹੇ ਹਨ ਅਤੇ ਕੀ ਇਹ ਭੋਜਨ ਸਰੀਰ ਵਾਸਤੇ ਠੀਕ ਹੈ ?ਸਰਕਾਰੀ ਏਜੰਸੀਆਂ ਵੱਲੋਂ ਜਿਹੜਾ ਭੋਜਨ ਪੈਕਟ ਵਿੱਚ ਬੰਦ ਹੁੰਦਾ ਹੈ, ਉਸ ਤੇ ਲਿਖਣਾ ਜ਼ਰੂਰੀ ਹੈ ਕਿ ਉਸ ਵਿੱਚ ਕੀ ਕੀ ਪੋਸ਼ਣ ਤੱਥ ਹਨ ਤਾਂ ਕਿ ਸਾਨੂੰ ਪਤਾ ਲੱਗ ਸਕੇ ਕਿ ਅਸੀਂ ਕਿਹੋ ਜਿਹਾ ਖਾਣਾ ਖਾ ਰਹੇ ਹਾਂ ਇਸ ਵਾਸਤੇ ਹਰ ਪੈਕਟ-ਬੰਦ ਭੋਜਨ ਤੇ (ਚਾਹੇ ਉਹ ਕੱਚਾ ਹੈ ਜਾਂ ਬਣਿਆ ਹੋਇਆ) ਇੱਕ ਫੂਡ ਲੇਬਲ ਲੱਗਿਆ ਹੁੰਦਾ ਹੈ ਜਿਹੜਾ ਕਿ ਦੱਸਦਾ ਹੈ ਕਿ ਇਸ ਭੋਜਨ ਵਿੱਚ ਕੀ ਕੀ ਪੋਸ਼ਣ ਤੱਥ ਹਨ ਇਹ ਫੂਡ ਲੇਬਲ ਹਰ ਇੱਕ ਭੋਜਨ ਦੇ ਪੈਕਟ ਤੇ ਇੱਕ ਚਿੱਟੇ ਰੰਗ ਜਾਂ ਹਲਕੇ ਰੰਗ ਦਾ ਆਇਤਕਾਰ ਦੇ ਆਕਾਰ ਦਾ ਹੁੰਦਾ ਹੈ ਅਤੇ ਉਸ ਤੇ ਕਾਲੇ ਰੰਗ ਦੇ ਅੱਖਰਾਂ ਨਾਲ ਉਸ ਵਿਚਲੇ ਪੋਸ਼ਣ ਤੱਥ ( ) ਦਿੱਤੇ ਹੁੰਦੇ ਹਨ ਇਹ ਫੂਡ ਲੇਬਲ ਕੀ ਹੈ ਅਤੇ ਇਸ ਦਾ ਕੀ ਮਹੱਤਵ ਹੈ ?ਸਾਨੂੰ ਕਿਵੇਂ ਪਤਾ ਲੱਗਦਾ ਹੈ ਕਿ ਕਿਹੜਾ ਭੋਜਨ ਸਿਹਤ ਵਾਸਤੇ ਅੱਛਾ ਹੈ ਕਿ ਨਹੀਂ ਇਸ ਵਿਸ਼ੇ ਤੇ ਵਿਸਥਾਰ ਨਾਲ ਅਸੀਂ ਚਰਚਾ ਕਰਾਂਗੇ ਪਹਿਲਾਂ ਇੱਕ ਫੂਡ ਲੇਬਲ ਤੇ ਝਾਤੀ ਮਾਰਦੇ ਹਾਂ

**ਫੂਡ ਲੇਬਲ ਦਾ ਆਕਾਰ**

ਇਸ ਦਾ ਆਕਾਰ ਆਇਤਕਾਰ ਹੁੰਦਾ ਹੈ ਅਤੇ ਇਸ ਦੀ ਪਿੱਠ ਭੂਮੀ ਚਿੱਟੇ ਜਾਂ ਹਲਕੇ ਰੰਗ ਦੀ ਹੁੰਦੀ ਹੈ ਅਤੇ ਉਸ ਉੱਤੇ ਜ਼ਿਆਦਾਤਰ ਕਾਲੇ ਰੰਗ ਦੇ ਮੋਟੇ ਅਤੇ ਪਤਲੇ ਅੱਖਰਾਂ ਨਾਲ ਲਿਖਿਆ ਹੁੰਦਾ ਹੈ

**1. ਪੋਸ਼ਣ ਤੱਥ**

ਕਿਸੇ ਵੀ ਫੂਡ ਪੈਕਟ ਤੇ ਇਹ ਸਿਰਲੇਖ ਵੱਡੇ ਅਤੇ ਮੋਟੇ ( ) ਅੱਖਰਾਂ ਵਿੱਚ ਲਿਖਿਆ ਹੁੰਦਾ ਹੈ ਤਾਂ ਕਿ ਸਾਨੂੰ ਦੂਰੋਂ ਹੀ ਪਤਾ ਲੱਗ ਸਕੇ ਕਿ ਇਸ ਫੂਡ ਪੈਕਟ ਦਾ ਫੂਡ ਲੇਬਲ ਕਿੱਥੇ ਹੈ ਅਤੇ ਇਸ ਖਾਣੇ ਵਿੱਚ ਕੀ-ਕੀ ਪੋਸ਼ਣ ਤੱਥ ਹਨ ਇਹ ਜ਼ਿਆਦਾਤਰ ਅੰਗ੍ਰੇਜ਼ੀ ਅਤੇ ਨਾਲ ਕਿਸੇ ਹੋਰ ਖੇਤਰੀ ਭਾਸ਼ਾ ਵਿੱਚ ਲਿਖਿਆ ਹੁੰਦਾ ਹੈ ਤਾਂ ਕਿ ਕਿਸੇ ਨੂੰ ਵੀ ਪੜ੍ਹਨ ਅਤੇ ਸਮਝਣ ਵਿੱਚ ਤਕਲੀਫ ਨਾ ਆਵੇ

**2. ਇੱਕ ਸਟੈਂਡਰਡ ਸਰਵਿੰਗ ਦਾ ਆਕਾਰ**

ਇਸ ਵਿੱਚ ਲਿਖਿਆ ਹੁੰਦਾ ਹੈ ਕਿ ਇਹ ਪੋਸ਼ਣ ਤੱਥ ਉਸ ਪੈਕਟ ਵਿਚਲੇ ਭੋਜਨ ਦੀ ਕਿੰਨੀ ਕੁ ਮਾਤਰਾ ਵਿੱਚ ਹਨ ਇਸ ਦੇ ਵਾਸਤੇ ਸਰਵਿੰਗ ਸਾਈਜ਼ ਜੋ ਕਿ ਰੋਜ਼ਾਨਾ ਵਰਤਣ ਵਾਲੇ ਖਾਣਿਆਂ ਦੀ ਮਿਕਦਾਰ ਦਾ ਸਟੈਂਡਰਡ ਹੈ, ਲਿਖਿਆ ਹੁੰਦਾ ਹੈ ਤਾਂ ਕਿ ਲੋਕਾਂ ਨੂੰ ਦੋ ਕੰਪਨੀਆਂ ਦੀਆਂ ਚੀਜ਼ਾਂ ਮਿਲਾਉਣ ਵਿੱਚ ਕੋਈ ਦਿੱਕਤ ਨਾ ਆਵੇ ਇਹ ਸਰਵਿੰਗ ਸਾਈਜ਼ ( ) ਇੱਕ ਆਮ ਕੈਨੇਡੀਅਨ ਦੇ ਸੰਤੁਲਿਤ ਭੋਜਨ ਨੂੰ ਖਿਆਲ ਵਿੱਚ ਰੱਖ ਕੇ, ਕਿ ਉਹ ਇੱਕ ਸਮੇਂ ਕਿੰਨੀ ਚੀਜ਼ ਖਾਉਂਦਾ ਹੈ, ਉਸ ਤੇ ਨਿਰਭਰ ਹੈ ਇਹ ਸਾਈਜ਼ ਇੱਕ ਵਾਰ ਖਤਮ ਹੋਣ ਵਾਲੇ (-) ਅਤੇ ਜ਼ਿਆਦਾ ਵਾਰ ਖਤਮ ਹੋਣ (-) ਵਾਲੇ ਲਈ ਵੱਖ ਵੱਖ ਹੁੰਦੇ ਹਨ ਜੇ ਪੈਕਟ ਇੱਕ ਹੀ ਵਾਰ ਵਿੱਚ ਖਤਮ ਹੋਣ ਵਾਲਾ ਹੈ ਜਿਵੇਂ ਕਿ ਛੋਟਾ ਜੂਸ ਦਾ ਪੈਕਟ ਜਾਂ ਛੋਟਾ ਦੁੱਧ ਦਾ ਪੈਕਟ, ਤਾਂ ਪੂਰੇ ਪੈਕਟ ਦੀ ਮਾਤਰਾ ਹੀ ਉਸ ਦਾ ਸਰਵਿੰਗ ਸਾਈਜ਼ ਹੈ ਜੇ ਉਸ ਪੈਕਟ ਵਿੱਚ ਇੱਕ ਸਟੈਂਡਰਡ ਸਰਵਿੰਗ ਤੋਂ ਵੱਧ ਪਰ ਸਟੈਂਡਰਡ ਸਰਵਿੰਗ ਦੇ 200% ਤੱਕ ਜਾਂ ਉਸ ਤੋਂ ਘੱਟ ਮਾਤਰਾ ਹੈ ਤਾਂ ਵੀ ਸਾਰੇ ਪੈਕਟ ਵਿਚਲੇ ਖਾਣੇ ਦਾ ਪੋਸ਼ਣ ਤੱਤ ਲਿਖਿਆ ਹੋਵੇਗਾ ਇੱਕ ਉਦਾਹਰਨ ਦੇ ਤੌਰ ਤੇ ਦੁੱਧ ਦੀ ਇੱਕ ਸਟੈਂਡਰਡ ਸਰਵਿੰਗ ਸਾਈਜ਼ 250 ਮਿਲੀਲੀਟਰ ਜਾਂ ਇੱਕ ਪਾਈਆ ਹੈ ਜੇ ਕਿਸੇ ਦੁੱਧ ਦੇ ਪੈਕਟ ਵਿੱਚ 500 ਮਿਲੀਲੀਟਰ (250 ਦਾ 200%) ਤੋਂ ਘੱਟ ਦੁੱਧ ਹੈ ਤਾਂ ਪੂਰੇ ਪੈਕਟ ਦਾ ਪੋਸ਼ਣ ਤੱਥ ਲਿਖਿਆ ਹੋਵੇਗਾ, ਪਰ ਜੇ ਉਸ ਪੈਕਟ ਵਿੱਚ 500 ਮਿਲੀਲੀਟਰ (ਅੱਧਾ ਲੀਟਰ) ਤੋਂ ਵੱਧ ਦੁੱਧ ਹੈ ਤਾਂ ਇੱਕ ਸਰਵਿੰਗ ਮਤਲਬ ਕਿ 250 ਮਿਲੀਲੀਟਰ ਦਾ ਹੀ ਪੋਸ਼ਣ ਤੱਥ ਲਿਖਿਆ ਹੋਵੇਗਾ ਇਸ ਤੋਂ ਇਲਾਵਾ ਉਸ ਤੇ ਉਸ ਵਿੱਚ ਕਿੰਨੀਆਂ ਸਟੈਂਡਰਡ ਸਰਵਿੰਗ ਹਨ, ਵੀ ਲਿਖਿਆ ਹੋ ਸਕਦਾ ਹੈ ਜਿਵੇਂ ਕਿ ਇੱਕ ਲੀਟਰ ਦੁੱਧ ਦੇ ਪੈਕਟ ਤੇ ਇਹ ਲਿਖਿਆ ਹੋ ਸਕਦਾ ਹੈ ਕਿ ਇਸ ਵਿੱਚ 4 ਸਟੈਂਡਰਡ ਸਰਵਿੰਗ ਹਨ ਅਤੇ ਇੱਕ ਸਰਵਿੰਗ 250 ਮਿਲੀਲੀਟਰ ਦੀ ਹੈ ਇੱਕ ਯੋਗਹਰਟ ਦੀ ਸਟੈਂਡਰਡ ਸਰਵਿੰਗ 175 ਮਿਲੀਲੀਟਰ ਹੈ ਭਾਰਤੀ ਦਹੀਂ ਦੀ 125 ਮਿਲੀਲੀਟਰ (ਅੱਧ ਪਾਈਆ) ਹੈ ਜਿਹੜੇ ਭੋਜਨ ਪੀਸ ਵਿੱਚ ਆਉਂਦੇ ਹਨ ਜਿਵੇਂ ਕਿ ਬਿਸਕੁਟ ਆਦਿ, ਉਸ ਵਿੱਚ ਉਸ ਦੇ ਸਟੈਂਡਰਡ ਭਾਰ ਵਿੱਚ ਕਿੰਨੇ ਪੀਸ ਆਉਂਦੇ ਹਨ ਜਿਵੇਂ ਕਿ ਬਿਸਕੁੱਟ ਦੇ ਪੈਕਟ ਲਈ 30 ਤੋਂ 35 ਗਰਾਮ ਦੀ ਸਰਵਿੰਗ ਸਟੈਂਡਰਡ ਹੈ ਤਾਂ ਘੱਟੋ ਘੱਟ ਪੀਸ ਜਿਸ ਨਾਲ ਉਨ੍ਹਾਂ ਦਾ ਭਾਰ 30-35 ਗਰਾਮ ਬਣਦਾ ਹੋਵੇ, ਉਹ ਲਿਖਿਆ ਹੁੰਦਾ ਹੈ ਇਸ ਸਟੈਂਡਰਡਾਈਜ਼ ਕਰਨ ਨਾਲ ਸਾਨੂੰ ਦੋ ਕੰਪਨੀਆਂ ਦੀਆਂ ਚੀਜ਼ਾਂ ਮਿਲਾਉਣ ( ) ਵਿੱਚ ਆਸਾਨੀ ਹੁੰਦੀ ਹੈ

**3. ਵੱਖ ਵੱਖ ਭਾਗਾਂ ਦੀ ਮਾਤਰਾ ਅਤੇ ਰੋਜ਼ਾਨਾ ਇਜਾਜ਼ਤਨ ਖਾਣੇ ਦਾ ਪ੍ਰਤੀਸ਼ਤ**

ਇਸ ਲਾਈਨ ਵਿੱਚ ਸਾਡੇ ਵੱਲੋਂ ਖਾਧੇ ਜਾਂਦੇ ਰੋਜ਼ਾਨਾ ਭੋਜਨ ਵਿੱਚ ਕਿੰਨਾ ਫੈਟ ਜਾਂ ਚਰਬੀ, ਕਾਰਬੋਹਾਈਡਰੇਟਸ ਅਤੇ ਪ੍ਰੋਟੀਨ ਹੋਣਾ ਚਾਹੀਦਾ ਹੈ ਅਤੇ ਇਸ ਫੂਡ ਪੈਕਟ ਵਿੱਚ ਉਸ ਦੀ ਕਿੰਨੀ ਪ੍ਰਤੀਸ਼ਤ ਮਾਤਰਾ ਹੈ, ਉਹ ਲਿਖਿਆ ਹੁੰਦਾ ਹੈ ਇਸ ਦੇ ਨਾਲ ਇੱਕ ਛੋਟਾ ਜਿਹਾ ਸਟਾਰ (*)ਵੀ ਲੱਗਿਆ ਹੁੰਦਾ ਹੈ ਅਤੇ ਇਸ ਸਟਾਰ ਦਾ ਮਤਲਬ ਸਭ ਤੋਂ ਨੀਚੇ ਸਮਝਾਇਆ ਗਿਆ ਹੁੰਦਾ ਹੈ, ਕਿ 5% ਤੋਂ ਘੱਟ ਕਾਫੀ ਘੱਟ ਹੈ ਅਤੇ 15 %ਤੋਂ ਵੱਧ ਕਾਫੀ ਵੱਧ ਹੈ ਇਸ ਕਰਕੇ ਸਭ ਕੁੱਝ ਇਸ ਦੇ ਵਿਚਕਾਰ ਹੀ ਹੋਣਾ ਜ਼ਿਆਦਾ ਵਧੀਆ ਰਹਿੰਦਾ ਹੈ ਇਹ ਪ੍ਰਤੀਸ਼ਤ ਹਰ ਪੋਸ਼ਕ ਤੱਤ ਦਾ ਲਿਖਿਆ ਹੋਣਾ ਲਾਜ਼ਮੀ ਨਹੀਂ ਹੈ ਪਰ ਇਹ ਹੇਠ ਲਿਖੇ ਪੋਸ਼ਣ ਤੱਤਾਂ ਦਾ ਲਾਜ਼ਮੀ ਹੈ:

**ਕੁੱਲ ਚਰਬੀ (ਟੋਟਲ ਫੈਟ)**,

ਸੈਚੂਰੇਟਡ ਅਤੇ ਟਰਾਂਸ ਫੈਟ (ਅਨਸੈਚੂਰੇਟਡ ਫੈਟ ਦਾ ਲਾਜ਼ਮੀ ਨਹੀਂ ਹੈ, ਇਹ ਟੋਟਲ ਫੈਟ ਵਿਚੋਂ ਸੈਚੂਰੇਟਡ ਅਤੇ ਟਰਾਂਸ ਫੈਟ ਘਟਾ ਕੇ ਕੀਤਾ ਜਾ ਸਕਦਾ ਹੈ, ਕਲੈਸਟਰੋਲ ਦਾ ਆਪਸ਼ਨਲ ਹੈ),

ਸੋਡੀਅਮ,

ਕਾਰਬੋਹਾਈਡਰੇਟ,

ਫਾਈਬਰ,

ਵਿਟਾਮਨ ਏ, ਸੀ, ਕੈਲਸ਼ੀਅਮ ਅਤੇ ਆਇਰਨ

**4. ਊਰਜਾ**

ਜਿਹੜਾ ਭੋਜਨ ਅਸੀਂ ਖਾਂਦੇ ਹਾਂ ਉਹ ਸਰੀਰ ਵਿੱਚ ਜਾ ਕੇ ਊਰਜਾ ਵਿੱਚ ਬਦਲ ਜਾਂਦਾ ਹੈ ਅਤੇ ਇੱਕ ਸਟੈਂਡਰਡ ਸਰਵਿੰਗ ਨਾਲ ਸਾਨੂੰ ਕਿੰਨੀ ਕੁ ਊਰਜਾ ਮਿਲ ਸਕਦੀ ਹੈ, ਉਹ ਲਿਖਿਆ ਹੁੰਦਾ ਹੈ ਪਹਿਲਾਂ ਇਹ ਪਤਲੇ ਫੌਂਟ ਵਿੱਚ ਹੁੰਦਾ ਸੀ, ਪਰ ਹੁਣ ਇਸ ਨੂੰ ਬੋਲਡ ਜਾਂ ਮੋਟੇ ਅੱਖਰ ਵਿੱਚ ਲਿਖ ਕੇ ਇਸ ਦੇ ਨੀਚੇ ਮੋਟੀ ਲਾਈਨ ਖਿਚੀ ਹੁੰਦੀ ਹੈ ਤਾਂ ਕਿ ਦੂਰੋਂ ਹੀ ਪਤਾ ਲੱਗ ਸਕੇ ਕਿ ਇਸ ਪੈਕਟ ਦੇ ਸੇਵਨ ਨਾਲ ਸਾਨੂੰ ਕਿੰਨੀ ਕੁ ਊਰਜਾ ਮਿਲ ਸਕਦੀ ਹੈ ਇੱਕ ਆਮ ਬੰਦੇ ਨੂੰ ਜਿਹੜਾ ਜ਼ਿਆਦਾ ਸਰੀਰਕ ਤਾਕਤ ਵਾਲਾ ਕੰਮ ਨਹੀਂ ਕਰਦਾ, ਉਸ ਨੂੰ ਔਸਤਨ 1500 ਤੋਂ 2000 ਕੈਲਰੀ ਊਰਜਾ ਦੀ ਲੋੜ ਹੁੰਦੀ ਹੈ ਇਸ ਨੂੰ ਦੇਖ ਕੇ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਤਨੀ ਕੁ ਚੀਜ਼ ਖਾਣੀ ਹੈ .

**5, 6 - ਚਰਬੀ (ਵਸਾ)**

ਇਸ ਤੋਂ ਬਾਅਦ ਫੈਟਸ ਜਾਂ ਉਸ ਸਰਵਿੰਗ ਵਿੱਚ ਕਿੰਨੀ ਕੁ ਚਰਬੀ ਹੈ, ਉਸ ਬਾਰੇ ਲਿਖਿਆ ਹੁੰਦਾ ਹੈ ਇਹ ਸਾਰੇ ਪੋਸ਼ਣ ਤੱਥਾਂ ਤੋਂ ਪਹਿਲਾਂ ਤਾਂ ਲਿਖਿਆ ਹੁੰਦਾ ਹੈ ਕਿਓਂਕਿ ਚਰਬੀ ਵਿੱਚ ਕਾਰਬੋਹਾਈਡਰੇਟਸ ਅਤੇ ਪ੍ਰੋਟੀਨ ਦੇ ਮੁਕਾਬਲਤਨ ਸਭ ਤੋਂ ਜ਼ਿਆਦਾ ਮਾਤਰਾ ਵਿੱਚ ਊਰਜਾ ਹੁੰਦੀ ਹੈ ਸਹੀ ਮਾਤਰਾ ਵਿੱਚ ਲਈ ਗਈ ਚਰਬੀ ਕਈ ਸਰੀਰਕ ਕਿਰਿਆਵਾਂ ਵਾਸਤੇ ਬਹੁਤ ਹੀ ਜ਼ਰੂਰੀ ਹੈ ਅਤੇ ਸਾਡੇ ਸਰੀਰ ਨੂੰ ਵੱਧਣ ਫੁੱਲਣ ਵਿੱਚ ਮਦਦ ਕਰਦੀ ਹੈ ਇਸ ਤੋਂ ਇਲਾਵਾ ਇਹ ਕਈ ਵਿਟਾਮਿਨਾਂ ਜਿਵੇਂ ਕਿ ਵਿਟਾਮਿਨ ਏ, ਡੀ, ਕੇ ਆਦਿ ਨੂੰ ਸਰੀਰ ਵਿੱਚ ਜ਼ਜ਼ਬ ਕਰਨ ਵਿੱਚ ਸਹਾਇਤਾ ਕਰਦੀ ਹੈ ਲੇਕਿਨ ਜੇ ਅਸੀਂ ਇਸ ਦਾ ਜ਼ਿਆਦਾ ਮਾਤਰਾ ਵਿੱਚ ਸੇਵਨ ਕਰਦੇ ਹਾਂ ਤਾਂ ਫਾਲਤੂ ਚਰਬੀ ਸਰੀਰ ਦੇ ਕਈ ਅੰਗਾਂ ਵਿੱਚ ਜਮ੍ਹਾਂ ਹੋ ਕੇ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ ਇਸ ਨਾਲ ਸਾਨੂੰ ਦਿਲ ਅਤੇ ਹੋਰ ਕਈ ਬਿਮਾਰੀਆਂ ਦੀ ਸੰਭਾਵਨਾ ਵੱਧ ਜਾਂਦੀ ਹੈ ਅਸੀਂ ਜਿਹੜਾ ਭੋਜਨ ਖਾਂਦੇ ਹਾਂ ਉਸ ਵਿਚੋਂ ਫੈਟਸ ਤੋਂ 25-30% ਤਕ ਵੱਧ ਤੋਂ ਵੱਧ ਊਰਜਾ ਲੈਣੀ ਠੀਕ ਰਹਿੰਦੀ ਹੈ ਜੋ ਕਿ ਅੰਦਾਜ਼ਾ ਰੋਜ਼ ਦੀ 60 ਕੁ ਗਰਾਮ ਬਣਦੀ ਹੈ ਇਹ ਫੈਟਸ ਜਾਂ ਚਰਬੀ ਤਿੰਨ ਤਰ੍ਹਾਂ ਦੀ ਹੁੰਦੀ ਹੈ :

ਸੈਚੂਰੇਟਡ ਫੈਟ

ਟਰਾਂਸ ਫੈਟ

ਅਨਸੈਚੂਰੇਟਡ ਫੈਟ

ਪਹਿਲੀ ਦੋ ਕਿਸਮ ਦੇ ਫੈਟ ਸਿਹਤ ਵਾਸਤੇ ਹਾਨੀਕਾਰਕ ਹਨ ਅਤੇ ਇਨ੍ਹਾਂ ਦਾ ਇਸਤੇਮਾਲ ਜਿੰਨਾ ਘੱਟ ਹੋਵੇ ਓਨਾ ਹੀ ਚੰਗਾ ਹੈ ਸੈਚੂਰੇਟਡ ਫੈਟ ਜ਼ਿਆਦਾ ਕਰੀਮ ਜਾਂ ਮਲਾਈ ਵਾਲਾ ਦੁੱਧ, ਪਨੀਰ, ਮੱਖਣ, ਕਰੀਮ, ਦੇਸੀ ਘਿਓ ਅਤੇ ਜ਼ਿਆਦਾ ਚਰਬੀ ਵਾਲਾ ਮੀਟ ਆਦਿ ਵਿੱਚ ਹੁੰਦੀ ਹੈ ਇਸ ਤੋਂ ਇਲਾਵਾ ਪਾਮ ਦੇ ਤੇਲ ਅਤੇ ਨਾਰੀਅਲ ਤੇਲ ਵਿੱਚ ਇਸ ਦੀ ਮਾਤਰਾ ਬਹੁਤ ਹੀ ਜ਼ਿਆਦਾ ਹੁੰਦੀ ਹੈ ਇੱਕ ਸਵੱਸਥ ਭੋਜਨ ਵਿੱਚ ਇਹ ਰੋਜ਼ਾਨਾ 20 ਗਰਾਮ ਤੋਂ ਵੱਧ ਨਹੀਂ ਹੋਣਾ ਚਾਹੀਦੀ

ਟਰਾਂਸ ਫੈਟ ਬਨਸਪਤੀ (ਵੈਜੀਟੇਬਲ) ਤੇਲ ਦੀ ਇੱਕ ਕੈਮੀਕਲ ਕਿਰਿਆ (ਹਾਈਡਰੋਜੀਨੇਸ਼ਨ) ਤੋਂ ਬਾਅਦ ਮਿਲਦਾ ਹੈ ਇਹ ਬਾਕੀ ਫੈਟਸ ਦੇ ਮੁਕਾਬਲਤਨ ਸਸਤੀ ਹੁੰਦੀ ਹੈ ਇਸ ਲਈ ਇਹ ਬੇਕਰੀ ਦੇ ਸਮਾਨ, ਸਨੈਕਸ, ਬਜ਼ਾਰੀ ਤਲਿਆ ਭੋਜਨ, ਪੀ ਨੱਟ ਬਟਰ ਆਦਿ ਵਿੱਚ ਮਿਲਦਾ ਹੈ ਇਹ ਰੋਜ਼ਾਨਾ 2 ਗਰਾਮ ਤੋਂ ਵੱਧ ਨਹੀਂ ਹੋਣਾ ਚਾਹੀਦਾ

ਅਨਸੈਚੂਰੇਟਡ ਫੈਟਸ ਉਪਰ ਲਿਖੀਆਂ ਫੈਟਸ ਦੇ ਮੁਕਾਬਲੇ ਜ਼ਿਆਦਾ ਠੀਕ ਰਹਿੰਦੀ ਹੈ ਇਹ ਸਾਨੂੰ ਕੈਨੋਲਾ ਤੇਲ, ਜੈਤੂਨ ਜਾਂ ਓਲੀਵ ਦੇ ਤੇਲ, ਸੋਇਆਬੀਨ ਦੇ ਤੇਲ, ਅਲਸੀ ਦੇ ਤੇਲ, ਅਖਰੋਟ ਦੇ ਤੇਲ, ਮੱਛੀ ਜਿਵੇਂ ਕਿ ਸਾਲਮਨ, ਟੂਨਾ, ਸੂਰਜਮੁੱਖੀ ਦਾ ਤੇਲ, ਸਫੋਲਾ ਤੇਲ ਆਦਿਕ ਤੇਲਾਂ ਤੋਂ ਮਿਲਦੀ ਹੈ ਸਾਡੇ ਰੋਜ਼ਾਨਾ ਦੇ ਖਾਣੇ ਵਿੱਚ ਇਸ ਫੈਟ ਦੀ ਮਾਤਰਾ 40-45 ਗਰਾਮ ਤੱਕ ਹੋ ਸਕਦੀ ਹੈ

**7. ਕਲੈਸਟਰੋਲ**

ਇਹ ਵੀ ਫੈਟਸ ਵਰਗਾ ਹੀ ਹੁੰਦਾ ਹੈ ਅਤੇ ਸਿਰਫ ਤੇ ਸਿਰਫ ਜਾਨਵਰਾਂ ਤੋਂ ਮਿਲਦਾ ਹੈ ਅਤੇ ਪੇੜ ਪੌਦਿਆਂ ਤੋਂ ਮਿਲਣ ਵਾਲੇ ਭੋਜਨ ਵਿੱਚ ਨਹੀਂ ਹੁੰਦਾ ਜ਼ਿਆਦਾ ਕਲੈਸਟਰੋਲ ਵਾਲਾ ਖਾਣ ਤੇ ਦਿਲ ਦੀਆਂ ਬਿਮਾਰੀਆਂ ਦਾ ਰਿਸਕ ਕਾਫੀ ਵੱਧ ਜਾਂਦਾ ਹੈ ਜ਼ਿਆਦਾ ਕਲੈਸਟਰੋਲ ਵਾਲੇ ਖਾਧ ਪਦਾਰਥ ਹਨ ਮੀਟ, ਅੰਡੇ ਦੀ ਜ਼ਰਦੀ, ਦੁੱਧ ਜਾਂ ਇਸ ਤੋਂ ਬਣਨ ਵਾਲੇ ਖਾਧ ਪਦਾਰਥ, ਕਲੇਜੀ ਆਦਿ ਸਾਰੇ ਦਿਨ ਵਿੱਚ ਇਸ ਦੀ ਮਾਤਰਾ 300 ਮਿਲੀਗਰਾਮ ਤੋਂ ਵੱਧ ਨਹੀਂ ਹੋਣੀ ਚਾਹੀਦੀ

**8. ਸੋਡੀਅਮ**

ਸੋਡੀਅਮ ਸਾਡੇ ਸਰੀਰ ਵਿੱਚ ਇੱਕ ਬਹੁਤ ਹੀ ਅਹਿਮ ਖਣਿਜ ਪਦਾਰਥ ਹੈ ਜਿਹੜਾ ਕਿ ਸਾਡੇ ਸਰੀਰ ਦੇ ਪਾਣੀ ਨੂੰ ਠੀਕ ਰੱਖਦਾ ਹੈ ਇਸ ਦੀ ਬਹੁਤਾਤ ਨਾਲ ਸਾਡੇ ਸਰੀਰ ਵਿੱਚ ਪਾਣੀ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਇਸ ਦੀ ਘਾਟ ਨਾਲ ਇਹ ਘੱਟ ਜਾਂਦੀ ਹੈ ਜੇ ਇੱਕ ਅਨੁਪਾਤ ਤੋਂ ਵੱਧ ਹੋ ਜਾਵੇ ਤਾਂ ਸਾਡਾ ਬਲੱਡ ਪਰੈਸ਼ਰ ਕਾਫੀ ਵੱਧ ਜਾਂਦਾ ਹੈ ਅਤੇ ਇਸ ਦੀ ਘਾਟ ਨਾਲ ਇਹ ਘੱਟ ਵੀ ਸਕਦਾ ਹੈ ਇਸ ਦਾ ਸਭ ਤੋਂ ਪ੍ਰਮੁੱਖ ਸਰੋਤ ਖਾਣ ਵਾਲਾ ਨਮਕ ਹੈ ਜ਼ਿਆਦਾ ਸੋਡੀਅਮ ਖਾਣ ਨਾਲ ਦਿਲ ਅਤੇ ਸਰੀਰ ਦੇ ਹੋਰ ਅੰਗਾਂ ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ ਇਸ ਦੀ ਰੋਜ਼ਾਨਾ ਮਾਤਰਾ 2400 ਮਿਲੀਗਰਾਮ ਜਾਂ ਢਾਈ ਗਰਾਮ ਹੈ ਇਹ ਇਸ ਮਾਤਰਾ ਤੋਂ ਘੱਟ ਹੋਣਾ ਚਾਹੀਦਾ ਹੈ ਕਈ ਖਾਣ ਵਾਲੇ ਪਦਾਰਥਾਂ ਵਿੱਚ ਇਹ ਬਹੁਤ ਹੀ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ ਜਿਵੇਂ ਕਿ ਆਲੂ ਦੇ ਚਿਪਸ, ਭੁਜੀਆ, ਮੋਜ਼ਰੇਲਾ ਪਨੀਰ, ਬਰੈੱਡ, ਆਚਾਰ ਅਤੇ ਚੱਟਣੀਆਂ ਆਦਿ ਵਿੱਚ ਇਸ ਲਈ ਇਨ੍ਹਾਂ ਚੀਜ਼ਾਂ ਨੂੰ ਖਾਣ ਤੋਂ ਪਹਿਲਾਂ ਇਹ ਦੇਖੋ ਕਿ ਇਸ ਵਿੱਚ ਕਿਤਨਾ ਸੋਡੀਅਮ ਹੈ ਅਤੇ ਖਾਸ ਕਰ ਕੇ ਜਿਨ੍ਹਾਂ ਨੂੰ ਬਲੱਡ ਪ੍ਰੈਸ਼ਰ ਦੀ ਅਤੇ ਜਿਗਰ ਦੀ ਬਿਮਾਰੀ ਹੈ ਉਹ ਇਸ ਨੂੰ ਘੱਟ ਮਾਤਰਾ ਵਿੱਚ ਹੀ ਇਸਤੇਮਾਲ ਕਰਨ ਜੇ ਇਹ ਪ੍ਰਤੀਸ਼ਤ 5% ਜਾਂ ਇਸ ਦੇ ਨੇੜੇ ਹੈ ਤਾਂ ਹੀ ਇਹ ਖਾਣਾ ਸਾਡੇ ਵਾਸਤੇ ਠੀਕ ਹੈ

**9, 10, 11. ਕਾਰਬੋਹਾਈਡਰੇਟਸ**

ਸਾਡੇ ਸਰੀਰ ਵਿੱਚ ਊਰਜਾ ਦਾ ਪ੍ਰਮੁੱਖ ਸਰੋਤ ਕਾਰਬੋਹਾਈਡਰੇਟਸ ਹਨ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਸਭ ਤੋਂ ਜ਼ਿਆਦਾ ਅਸੀਂ ਊਰਜਾ ਲਈ ਇਸ ਤੇ ਹੀ ਨਿਰਭਰ ਕਰਦੇ ਹਾਂ ਇੱਕ ਸਿਹਤਮੰਦ ਖਾਣੇ ਵਿੱਚ ਕਾਰਬੋਹਾਈਡਰੇਟਸ 300 ਗਰਾਮ ਜਾਂ ਇੱਕ ਪਾਈਆ ਤੱਕ ਹੋ ਸਕਦੇ ਹਨ ਇਹ ਵੀ ਕਈ ਤਰ੍ਹਾਂ ਦਾ ਹੁੰਦਾ ਹੈ ਜਿਸ ਵਿੱਚ ਸ਼ਾਮਲ ਹਨ

ਸਟਾਰਚ

ਫਾਈਬਰ ਅਤੇ

ਖੰਡ

ਸਟਾਰਚ ਸਾਨੂੰ ਬਰੈੱਡ, ਪਾਸਤਾ, ਚਾਵਲ ਅਤੇ ਕਈ ਸਬਜੀਆਂ ਜਿਵੇਂ ਕਿ ਆਲੂ ਆਦਿਕ ਤੋਂ ਮਿਲਦੀ ਹੈ ਸਾਬਤ ਅਨਾਜ (ਗਰੇਨ) ਜਿਵੇਂ ਕਿ ਬਾਜਰਾ, ਕਣਕ, ਓਟਸ ਆਦਿ, ਫਲ, ਸਬਜੀਆਂ ਜਿਵੇ ਕਿ ਸੁੱਕੇ ਮਟਰ, ਲੋਬੀਆ, ਰਾਜਮਾਹ ਆਦਿ ਸਰੀਰ ਵਾਸਤੇ ਅੱਛੇ ਹੁੰਦੇ ਹਨ ਕਨੇਡਾ ਫੂਡ ਗਾਈਡ ਦੇ ਅਨੁਸਾਰ ਸਾਡੀ ਖਾਣੇ ਦੀ ਪਲੇਟ ਦਾ 25% ਹਿੱਸਾ ਸਾਬਤ ਅਨਾਜ ਜਾਂ ਸਟਰਾਚ ਵਾਲੀਆਂ ਸਬਜੀਆਂ ਤੋਂ ਬਣਿਆ ਹੋਣਾ ਚਾਹੀਦਾ ਹੈ

ਫਾਈਬਰ ਇਹ ਵੀ ਇੱਕ ਕਿਸਮ ਦਾ ਸਿਹਤਮੰਦ ਖਾਣਾ ਹੈ ਜੋ ਕਿ ਫਲ, ਸਬਜੀਆਂ, ਸਾਬਤ ਅਨਾਜ (ਗਰੇਨ) ਆਦਿ ਵਿੱਚ ਹੁੰਦਾ ਹੈ ਇਸ ਤੋਂ ਸਾਨੂੰ ਜ਼ਿਆਦਾ ਊਰਜਾ ਨਹੀਂ ਮਿਲਦੀ ਪਰ ਇਹ ਇੱਕ ਸਿਹਤਮੰਦ ਖਾਣਾ ਹੈ ਅਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਬਚਾ ਕੇ ਰੱਖਦਾ ਹੈ ਇਹ ਸਾਡੀ ਆਂਤੜੀਆਂ ਦੀ ਸਿਹਤ ਵਾਸਤੇ ਬਹੁਤ ਹੀ ਜ਼ਰੂਰੀ ਹੈ ਜੇ ਖਾਣੇ ਵਿੱਚ ਫਾਈਬਰ ਦੀ ਮਾਤਰਾ ਅੱਛੀ ਹੋਵੇਗੀ ਤਾਂ ਸਾਡਾ ਪੇਟ ਬਿਲਕੁਲ ਠੀਕ ਰਹੇਗਾ ਰੋਜ਼ਾਨਾ ਸਾਨੂੰ ਘੱਟੋ ਘੱਟ 25 ਗਰਾਮ ਫਾਈਬਰ ਖਾਣਾ ਚਾਹੀਦਾ ਹੈ

ਖੰਡ ਇਹ ਵੀ ਕਈ ਪ੍ਰਕਾਰ ਦੀ ਹੁੰਦੀ ਹੈ ਜਿਵੇਂ ਕਿ ਫਲਾਂ ਵਿੱਚ ਮਿਲਣ ਵਾਲੀ ਫਰੱਕਟੋਸ ਜਾਂ ਦੁੱਧ ਵਿੱਚ ਮਿਲਣ ਵਾਲੀ ਲੈਕਟੋਸ ਪਰ ਜਿਹੜੀ ਖੰਡ ਅਸੀਂ ਜ਼ਿਆਦਾ ਮਾਤਰਾ ਵਿੱਚ ਵਰਤਦੇ ਹਾਂ ਉਹ ਘਰ ਵਿੱਚ ਮਿਲਣ ਵਾਲੀ ਆਮ ਚੀਨੀ ਜਿਸ ਨੂੰ ਸੁਕਰੋਸ ਵੀ ਆਖਦੇ ਹਨ, ਊਰਜਾ ਤਾਂ ਬਹੁਤ ਦਿੰਦੀ ਹੈ ਪਰ ਇਸ ਵਿੱਚ ਪੋਸ਼ਕ ਤੱਤ ਨਾ ਬਰਾਬਰ ਹੀ ਹਨ ਇਸ ਕਰਕੇ ਇਸ ਨੂੰ ਸਿਹਤਮੰਦ ਖਾਣਾ ਨਹੀਂ ਕਿਹਾ ਜਾ ਸਕਦਾ ਇਹ ਸਾਨੂੰ ਆਪਣੇ ਖਾਣੇ ਵਿਚੋਂ ਜਿਤਨੀ ਹੋ ਸਕੇ ਘਟਾਉਣੀ ਚਾਹੀਦੀ ਹੈ

**12. ਪ੍ਰੋਟੀਨ**

ਸਾਡਾ ਸਰੀਰ ਪ੍ਰੋਟੀਨ ਤੋਂ ਬਣਿਆ ਹੁੰਦਾ ਹੈ ਸਾਡੀਆਂ ਮਾਸ-ਪੇਸ਼ੀਆਂ, ਚਮੜੀ, ਖੂਨ, ਹਾਰਮੋਨ ਆਦਿਕ ਸਭ ਕੁੱਝ ਪ੍ਰੋਟੀਨ ਜਾਂ ਇਸ ਦੇ ਕੈਮੀਕਲਾਂ ਤੋਂ ਬਣਿਆ ਹੁੰਦਾ ਹੈ ਇਸ ਨਾਲ ਹੀ ਸਾਡਾ ਸਰੀਰ ਰੋਗਾਂ ਨਾਲ ਲੜ੍ਹਨ ਦੀ ਸਮਰੱਥਾ ਰੱਖਦਾ ਹੈ ਇਹ ਜਾਨਵਰ ਅਤੇ ਪੇੜ-ਪੌਦਿਆਂ ਦੋਹਾਂ ਦੇ ਖਾਧ ਪਦਾਰਥਾਂ ਤੋਂ ਮਿਲਦਾ ਹੈ ਸਵੱਸਥ ਰਹਿਣ ਵਾਤੇ ਘੱਟੋ ਘੱਟ 50 ਗਰਾਮ ਪ੍ਰੋਟੀਨ ਸਾਡੀ ਖੁਰਾਕ ਵਿੱਚ ਹੋਣਾ ਬਹੁਤ ਹੀ ਜ਼ਰੂਰੀ ਹੈ ਜੇ ਕੋਈ ਬਿਮਾਰ ਹੋ ਕੇ ਹੱਟਿਆ ਹੈ ਜਾਂ ਕੋਈ ਆਪਰੇਸ਼ਨ ਹੋਇਆ ਹੈ ਉਸ ਨੂੰ 80 ਤੋਂ 100 ਗਰਾਮ ਪ੍ਰੋਟੀਨ ਰੋਜ਼ਾਨਾ ਦੀ ਲੋੜ ਵੀ ਪੈ ਸਕਦੀ ਹੈ

**13-17. ਹੋਰ ਖਣਿਜ ਪਦਾਰਥ ਅਤੇ ਵਿਟਾਮਿਨ**

ਸਭ ਤੋਂ ਹੇਠਾਂ ਪ੍ਰਮੁੱਖ ਖਣਿਜ ਪਦਾਰਥ ਅਤੇ ਵਿਟਾਮਿਨਾਂ ਦੇ ਬਾਰੇ ਲਿਖਿਆ ਹੁੰਦਾ ਹੈ ਕਿ ਇਸ ਖਾਣੇ ਵਿੱਚ ਰੋਜ਼ਾਨਾ ਜ਼ਰੂਰੀ ਮਾਤਰਾ ਦੇ ਕਿੰਨੇ ਪ੍ਰਤੀਸ਼ਤ ਹੈ ਇਸ ਤੋਂ ਇਲਾਵਾ ਇਸ ਦੇ ਨਾਲ ਗਰਾਮਾਂ ਜਾਂ ਮਿਲੀਗਰਾਮਾਂ ਵਿੱਚ ਵੀ ਲਿਖਿਆ ਹੁੰਦਾ ਹੈ ਜਿਵੇਂ ਕਿ ਸਾਡੇ ਸਰੀਰ ਨੂੰ ਚਲਦਾ ਫਿਰਦਾ ਰੱਖਣ ਵਾਸਤੇ ਉਪਰ ਲਿਖੇ ਪ੍ਰਮੁੱਖ ਪੋਸ਼ਣ ਤੱਤਾਂ ਤੋਂ ਇਲਾਵਾ ਇਨ੍ਹਾਂ ਦੀ ਬਹੁਤ ਹੀ ਵੱਡੀ ਭੂਮਿਕਾ ਹੁੰਦੀ ਹੈ ਜਿਵੇਂ ਕਿ ਕੈਲਸੀਅਮ ਹੱਡੀਆਂ ਵਾਸਤੇ ਅਤੇ ਸਰੀਰ ਦੀ ਰੋਗਾਂ ਨਾਲ ਲੜ੍ਹਨ ਦੀ ਸ਼ਕਤੀ ਵਾਸਤੇ, ਵਿਟਾਮਿਨ ਸੀ ਸਰੀਰ ਨੂੰ ਰੋਗਾਂ ਤੋਂ ਬਚਾਅ ਕੇ ਰੱਖਦਾ ਹੈ ਲੋਹਾ ਜਾਂ ਆਇਰਨ ਸਰੀਰ ਵਿੱਚ ਖੂਨ ਨੂੰ ਬਣਾਉਣ ਵਿੱਚ ਮਦਦ ਕਰਦਾ ਹੈ ਇਸ ਦੀ ਘਾਟ ਨਾਲ ਅਨੀਮੀਆ ਨਾਮਕ ਰੋਗ ਹੋ ਜਾਂਦਾ ਹੈ ਇਸ ਤਰ੍ਹਾਂ ਇੱਥੇ ਸਰੀਰ ਨੂੰ ਜ਼ਰੂਰਤ ਕੁੱਝ ਕੁ ਵਿਟਾਮਿਨ ਅਤੇ ਹੋਰ ਖਣਿਜ ਪਦਾਰਥ ਲਿਖੇ ਹੁੰਦੇ ਹਨ ਇਸ ਤੋਂ ਇਲਾਵਾ ਫੂਡ ਲੇਬਲ ਦੇ ਨੀਚੇ ਉਸ ਖਾਣੇ ਵਿੱਚ ਕੀ ਸਮਾਨ ਹਨ, ਉਹ ਵੀ ਪੜ੍ਹਨਾ ਬਹੁਤ ਹੀ ਜ਼ਰੂਰੀ ਹੈ ਜਿਸ ਬਾਰੇ ਚਰਚਾ ਅਸੀਂ ਅਗਲੇ ਲੇਖ ਵਿੱਚ ਕਰਾਂਗੇ

ਇਸ ਤਰ੍ਹਾਂ ਫੂਡ ਲੇਬਲ ਬਾਰੇ ਚੇਤੰਨਤਾ ਰੱਖ ਕੇ ਅਸੀਂ ਆਪਣਾ ਖਾਣਾ ਅੱਛੇ ਤੇ ਸਿਹਤਮੰਦ ਤਰੀਕੇ ਨਾਲ ਚੁਣ ਸਕਦੇ ਹਾਂ ਅਤੇ ਸਿਹਤਮੰਦ ਜੀਵਨ ਬਤੀਤ ਕਰ ਸਕਦੇ ਹਾਂ ਬੱਸ ਲੋੜ ਹੈ ਕਿ ਜਦੋਂ ਵੀ ਗਰੋਸਰੀ ਸਟੋਰ ਤੋਂ ਕੋਈ ਖਾਧ ਪਦਾਰਥ ਖਰੀਦਣ ਜਾਈਏ ਤਾਂ ਥੋੜ੍ਹੇ ਜਿਹੇ ਸਾਵਧਾਨ ਅਤੇ ਚੇਤੰਨ ਰਹੀਏ ਕਿ ਅਸੀਂ ਕੀ ਚੀਜ਼ ਖਰੀਦ ਰਹੇ ਹਾਂ ਅਤੇ ਕੀ ਇਹ ਸਵਾਦ ਦੇ ਨਾਲ ਨਾਲ ਸਰੀਰ ਵਾਸਤੇ ਵੀ ਠੀਕ ਹੈ ਕਿ ਨਹੀਂ ?

## ਸਾਡਾ ਵਿਰਸਾ

# ਚੁਬੱਚੇ 'ਚ ਨਹਾਉਣ ਦਾ ਨਜ਼ਾਰਾ ਕੁੱਝ ਹੋਰ ਸੀ




95691-49556
ਸ੍ਰੀ ਮੁਕਤਸਰ ਸਾਹਿਬ



ਪਹਿਲੀ ਗੱਲ ਤਾਂ ਦੋਸਤੋ ਇਹੀ ਹੈ ਕਿ ਸਾਡੀ ਅਜੋਕੀ ਮਾਣਮੱਤੀ ਨੌਜਵਾਨ ਪੀੜ੍ਹੀ ਨੂੰ ਚੁਬੱਚੇ ਸਬਦ ਦਾ ਹੀ ਪਤਾ ਨਹੀਂ ।ਕਿਉਂਕਿ ਆਪਾਂ ਸਾਰੇ ਹੀ ਜਦ ਛੋਟੇ ਹੁੰਦਿਆਂ ਪੜਦੇ ਸਾਂ ਤਾਂ ਊਠ ਦੀ ਕਾਇਦੇ ਤੇ ਫੋਟੋ ਵੇਖ ਕੇ ਹੀ ਬੋਤਾ ਕਹਿੰਦੇ ਰਹੇ ਹਾਂ ।ਇਸਲਈ ਇਹ ਕੋਈ ਦੋ ਰਾਇ ਵਾਲੀ ਗੱਲ ਨਹੀਂ ਕਿ ਜੇ ਆਪਾਂ ਹੁਣ ਵਾਲੀ ਅਜੋਕੀ ਪੀੜ੍ਹੀ ਨੂੰ ਚੁਬੱਚੇ ਬਾਰੇ ਪੁਛਾਂਗੇ ਤਾਂ ਨਿਰਸੰਦੇਹਇਹੀ ਜਵਾਬ ਮਿਲੇਗਾ ਕਿ ਠਹਿਰੋ ਜਰਾ ਕੁ ਨੈਟ ਤੋਂ ਵੇਖ ਕੇ ਦੱਸਦੇ ਹਾਂ।ਕਿਉਂਕਿ ਸਮੇਂ ਹੀ ਇਹੋ ਜਿਹੇ ਆ ਗਏ ਹਨ,ਜੋਸਾਡੇ ਵੱਸ ਦੀ ਗੱਲ ਹੀ ਨਹੀਂ ਰਹੀ ਕਿਉਂਕਿ ਜਮਾਨੇ ਨੇ ਬਹੁਤ ਤਰੱਕੀ ਕੀਤੀ ਹੈ ਤੇ ਸਾਨੂੰ ਵੀ ਜਮਾਨੇ ਦੇ ਮੁਤਾਬਿਕ ਢਲਣਾਹੀ ਪੈਂਦਾ ਹੈ। ਖੈਰ ਇਹ ਓਨਾਂ ਸਮਿਆਂ ਦੀਆਂ ਗੱਲਾਂ ਨੇ ਜਦ ਬੱਚਿਆਂ ਦੇ ਹੱਥਾਂ ਚ ਹਾਲੇ ਮੋਬਾਇਲ ਨਹੀਂ ਸਨ ਆਏ ।ਦਿਲ ਪਰਚਾਵੇ ਦੇਸਾਧਨ ਸੀਮਤ ਸਨ ।ਮੀਡੀਏ ਨੇ ਜਿਆਦਾ ਖੰਭ ਓਦੋਂ ਹਾਲੇ ਨਹੀਂ ਸੀ ਖਿਲਾਰੇ, ਕਿਸੇ ਵਿਰਲੇ ਘਰੀਂ ਸਟਰਾਂ ਵਾਲੇ ਟੈਲੀਵਿਜਨਹੋਇਆ ਕਰਦੇ ਸਨ, ਤੇ ਵੀ ਸੀ ਆਰ ਕਿਰਾਏ ਤੇ ਲਿਆਉਣ ਦਾ ਰਿਵਾਜ ਓਨਾਂ ਸਮਿਆਂ ਵਿੱਚ ਸਿਖਰਾਂ ਤੇ ਸੀ। ਜਦੋਂ ਵੀ ਸੀਆਰ ਲਿਆਉਣਾ ਤਾਂ ਓਹਦੇ ਨਾਲ ਤਿੰਨ ਤਿੰਨ ਜਾਂ ਚਾਰ ਚਾਰ ਸੀ ਡੀਆਂ ਲਿਆਉਣੀਆਂ ਤੇ ਨਾਲ ਹੀ ਜੇ ਟੈਲੀਵਿਜਨ ਨਾਹੋਣਾ ਤਾਂ ਓਹ ਵੀ ਚੱਕ ਲਿਓਣਾ ।ਕਿਉਂਕਿ ਕਿਰਾਇਆ ਤਾਂ ਦੇਣਾ ਹੀ ਹੁੰਦਾ ਸੀ, ਜਾਗਦੇ ਵੀ ਸਾਰੀ ਸਾਰੀ ਰਾਤ ਰਹਿੰਦੇਸਾਂ,ਕਹਿਣ ਦਾ ਮਤਲਬ ਕਿ ਕਿਰਾਏ ਦਾ ਪੂਰਾ ਪੂਰਾ ਲਾਹਾ ਵੀ ਲਈਦਾ ਸੀ ਕਿ ਚਲੋ ਦਿਨੇਂ ਸੌਂ ਲਵਾਂਗੇ। ਘਰਾਂ ਵਿੱਚ ਪਸ਼ੂ ਰੱਖਣ ਦੇ ਰਿਵਾਜ ਵੀ ਸਨ ਤੇ ਓਨਾਂ ਨੂੰ ਨੇੜੇ ਦੇ ਕਿਸੇ ਛੱਪੜ ਵਿੱਚ,ਖਾਲੇ ਚ ਜਾਂ ਨੇੜੇ ਚਲਦੀ ਕੱਸੀ ਜਾਂਨਹਿਰ ਵਿੱਚ ਪਾਣੀ ਪਿਲਾਉਣ ਜਾ ਨਹਾਉਣ ਲੈ ਕੇ ਜਾਂਦੇ ਸਾਂ ਤੇ ਆਪ ਵੀ ਖੂਬ ਨਹਾਇਆ ਕਰਦੇ ਸਾਂ।ਕਦੇ ਕਦਾਈਂ ਕਿਸੇਦੋਸਤ ਮਿੱਤਰ ਦੇ ਕਿਸੇ ਟਿਊਬਵੈੱਲ ਜਾਂ ਮੋਟਰ ਤੇ ਕਈ ਕਈ ਦੋਸਤਾਂ ਮਿੱਤਰਾਂ ਨੇ ਇਕੱਠੇ ਹੋ ਕੇ ਜਾਣਾ ਤੇ,ਜਿਸ ਕਮਰੇ ਵਿੱਚ ਪੀਟਰ ਇੰਜਣ ਜਾਂ ਮੋਟਰ ਲੱਗੀ ਹੋਣੀ ਉਸ ਤੋਂ ਬਾਹਰ ਚਾਰ ਇੰਚੀ ਬੋਰ ਦੀ ਪਾਈਪ ਦੀ ਜਿਥੇ ਪਾਣੀ ਦੀ ਧਾਰ ਪੈਂਦੀਸੀ ਓਥੇ ਚੁਬੱਚਾ ਬਣਾਇਆ ਹੁੰਦਾ ਸੀ, ਪਹਿਲਾਂ ਓਹਦੇ ਵਿੱਚ ਪਾਣੀ ਡਿੱਗਣਾ ਤੇ ਫਿਰ ਅੱਗੇ ਥੋੜੀ ਦੂਰ ਤੱਕ ਪੱਕੀ ਇਟਾਂ ਤੇਸੀਮੈਂਟ ਦੀ ਆੜ ਬਣਾਈ ਹੁੰਦੀ ਸੀ ਤੇ ਅੱਗੇ ਖੇਤ ਤੱਕ ਕੱਚੀ ਆੜ ਹੁੰਦੀ ਸੀ ਓਹਦੇ ਵਿੱਚ ਦੀ ਖੇਤਾਂ ਤੱਕ ਪਾਣੀ ਪਹੁੰਚਦਾਸੀ ।ਪਰ ਚੁਬੱਚਾ ਹਮੇਸਾਂ ਪਾਣੀ ਦਾ ਭਰਿਆ ਰਹਿੰਦਾ ਸੀ, ਕਿਉਂਕਿ ਕਈ ਵਾਰ ਫਰਿਕਸਵਾਲ ਜਾਂ ਕਹਿ ਲਈਏ ਪੱਖਾ ਪਾਣੀਛੱਡ ਜਾਂਦਾ ਸੀ ਇਸ ਕਰਕੇ ਪਾਣੀ ਪਾ ਕੇ ਬੋਰ ਚੋਂ ਪਾਣੀ ਚਕਾਉਣਾ ਪੈਂਦਾ ਸੀ ।ਇਸ ਲਈ ਚੁਬੱਚੇ ਨੂੰ ਪਾਣੀ ਦਾ ਭਰ ਕੇ ਰੱਖਣਦੀ ਕਈਆਂ ਘਰਾਂ ਦੀ ਮਜਬੂਰੀ ਹੁੰਦੀ ਸੀ। ਜਦੋਂ ਫਿਰ ਪਾਣੀ ਚੱਲਦਾ ਸੀ ਤਾਂ ਠੰਡੇ ਠੰਡੇ ਪਾਣੀ ਵਿੱਚ ਪੁੱਠੀਆਂ ਛਾਲਾਂ ਲਾ ਲਾ ਕੇ ਸਾਮਾਂ ਤੱਕ ਨਹਾਉਂਦੇ ਰਹਿੰਦੇਸਾਂ(ਫੋਟੋ ਦੀ ਤਰ੍ਹਾਂ)ਬਹੁਤ ਸਾਰੇ ਦੋਸਤਾਂ ਨੇ ਇਕੱਠਿਆਂ ਨਹਾਈ ਜਾਣਾ ਕੋਈ ਨਿੰਦ ਵਿਚਾਰ ਨਹੀਂ ਸੀ ਹੁੰਦੀ। ਜੇਕਰ ਓਹਨਾਂ ਸਮਿਆਂ ਦੀ ਤੁਲਨਾ ਅਜੋਕੇ ਸਮਿਆਂ ਨਾਲ ਕਰੀਏ ਤਾਂ ਜਮੀਨ ਅਸਮਾਨ ਦਾ ਅੰਤਰ ਆ ਚੁੱਕਾ ਹੈਕਿਉਂਕਿ ਹੁਣ ਬੱਚਿਆਂ ਦਾ ਧਿਆਨ ਮੋਬਾਇਲ ਵਿਚੋਂ ਹਟੇਗਾ ਤਾਂ ਹੀ ਨਹਾਇਆ ਜਾਵੇਗਾ, ਹੁਣ ਤਾਂ ਕਈ ਕਈ ਘਰਾਂ ਦੇਬੱਚੇ ਮਾਪਿਆਂ ਵੱਲੋਂ ਬੇ ਵਾਹਰੇ ਹੋਏ ਦੋ ਦੋ ਤਿੰਨ ਤਿੰਨ ਦਿਨ ਨਹਾਉਂਦੇ ਹੀ ਨਹੀਂ ਬੇਸੱਕ ਸਾਰੇ ਇਸ ਤਰ੍ਹਾਂ ਨਹੀਂ ਕਰਦੇ ਪਰਕਿਤੇ-ਕਿਤੇ ਇਹ ਗੱਲ ਜਰੂਰ ਹੁੰਦੀ ਹੈ ।ਇਸ ਲੇਖ ਦੇ ਵਿੱਚ ਵੀ ਬਹੁਤ ਸਾਰੇ ਐਸੇ ਸਬਦ ਆਏ ਹਨ ਜਿਨ੍ਹਾਂ ਦਾ ਅਜੋਕੀ ਪੀੜ੍ਹੀਨੂੰ ਕੋਈ ਵੀ ਪਤਾ ਨਹੀਂ ਹੈ, ਜਿਵੇਂ ਖਾਲ,ਕੱਸੀ, ਚੁਬੱਚਾ,ਆੜ ਇਹ ਸਾਡੇ ਪੁਰਖਿਆਂ ਦੇ ਪੁਰਾਤਨ ਸਮਿਆਂ ਦੇ ਸਬਦ ਹਨਜਿਨ੍ਹਾਂ ਦੀ ਅਜੋਕੀ ਪੀੜ੍ਹੀ ਨੈਟ ਤੇ ਸਰਚ ਕਰਦੀ ਆਮ ਵੇਖੀ ਜਾ ਸਕਦੀ ਹੈ। ਜੇਕਰ ਸਾਡੇ ਪੁਰਾਣੇ ਬਜੁਰਗ ਅੱਜ ਦੇ ਬੱਚਿਆਂਨੂੰ ਇਹ ਸੱਭ ਦੱਸਣ ਦੀ ਕੋਸਿਸ ਕਰਦੇ ਵੀ ਹਨ ਤਾਂ ਉਹ ਸੁਣ ਕੇ ਹੀ ਰਾਜੀ ਨਹੀਂ ਕਿਉਂਕਿ ਓਨਾਂ ਕੋਲ ਮੋਬਾਇਲ ਵਿਚੋਂ ਸਮਾਂਨਿਕਲੇਗਾ ਤਾਂ ਹੀ ਕੋਈ ਗੱਲ ਸੁਣਣਗੇ ਜਾਂ ਸਮਝਣਗੇ? ਸੋ ਦੋਸਤੋ ਤੁਹਾਡੇ ਸਾਰੇ ਪਾਠਕਾਂ/ਨਾਲ ਕਦੇ ਕਦਾਈਂ ਇਹ ਗੱਲਾਂ ਸਾਂਝੀਆਂ ਕਰ ਲਈਦੀਆਂ ਨੇ ਤੇ ਪੁਰਾਣੇ ਸਮਿਆਂ ਤੇ ਬਚਪਨ ਵਿੱਚ ਗੇੜਾ ਮਾਰ ਆਈਦਾ ਹੈ ਤੇ ਏਨੇ ਨਾਲ ਤੁਸੀਂ ਵੀ ਆਪਣੇ ਪੁਰਾਣੇ ਦਿਨਾਂ ਦੀ ਯਾਦ ਤਾਜਾ ਕਰ ਲੈਣੇਂ ਹੋਂ।






# ਜਦੋਂ ਸ੍ਰੀ ਦਰਬਾਰ ਸਾਹਿਬ ਤੇ ਫੌਜਾਂ ਚੜ੍ਹ ਕੇ ਆਈਆਂ

ਬਘੇਲ ਸਿੰਘ ਧਾਲੀਵਾਲ
99142-58142

ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਲੜਦੇ ਸਿੱਖ ਸੂਰ-ਬੀਰਾਂ ਨੇ ਦੁਨੀਆਂ ਨੂੰ ਅਪਨੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ

ਮਈ ਮਹੀਨੇ ਦੇ ਅਖੀਰਲੇ ਦਿਨਾਂ ਨੇ ਇਹ ਸਾਰਾ ਕੁੱਝ ਸਪੱਸਟ ਕਰ ਦਿੱਤਾ ਸੀ ਕਿ ਆਉਣ ਵਾਲੇ ਦਿਨਾਂ ਵਿੱਚ ਕੀ ਭਾਣਾ ਵਾਪਰਨ ਵਾਲਾ ਹੈ।ਲੋਕ ਘਰਾਂ ਦੇ ਅੰਦਰ ਬੈਠੇ ਗੁਰੂ ਅੱਗੇ ਅਰਦਾਸਾਂ ਕਰ ਰਹੇ ਸਨ ਕਿ ਹੇ ਅਕਾਲ ਪੁਰਖ ਅਪਣੇ ਸਿੱਖਾਂ ਨੂੰ ਇਸ ਅਣਹੋਣੀ ਦਾ ਟਾਕਰਾ ਕਰਨ ਦੀ ਸਮਰੱਥਾ ਬਖਸਸਿ ਕਰੋ। ਸਿੱਖਾਂ ਨੇ ਹਰ ਔਖੀ ਘੜੀ ਵੇਲੇ ਸਿਰਫ ਤੇ ਸਿਰਫ ਅਪਣੇ ਗੁਰੂ ਤੇ ਹੀ ਟੇਕ ਰੱਖੀ ਹੈ ਤੇ ਹਰ ਔਖੇ ਸਮੇ ਦਾ ਗੁਰੂ ਦੀ ਓਟ ਲੈ ਕੇ ਡਟ ਕੇ ਮੁਕਾਬਲਾ ਵੀ ਕੀਤਾ ਹੈ।ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਲਈ ਜੂਨ ਮਹੀਨਾ ਕਦੇ ਵੀ ਸੁਖਾਵਾਂ ਨਹੀ ਰਿਹਾ ਹੈ।ਭਾਂਵੇ ਕਿ ਸਿੱਖਾਂ ਲਈ ਸਾਲ ਦੇ ਸਾਰੇ ਹੀ ਮਹੀਨੇ ਅਤੇ ਸਾਰੀਆਂ ਹੀ ਰੁਤਾਂ ਕਦੇ ਵੀ ਸਾਜਗਰ ਨਹੀ ਰਹੀਆਂ,ਹਰ ਦਿਨ ਸਿੱਖ ਕੌਂਮ ਤੇ ਹੋਏ ਕਿਸੇ ਨਾ ਕਿਸੇ ਜਬਰ ਜੁਲਮ ਦੀ ਯਾਦ ਦਿਵਾ ਕੇ ਚੜਦਾ ਤੇ ਛਿਪ ਜਾਂਦਾ ਹੈ,ਪਰੰਤੂ ਜਿੰਨਾ ਦਰਦ ਜੂਨ ਦੇ ਮਹੀਨੇ ਦੀ ਆਮਦ ਤੇ ਹੁੰਦਾ ਹੈ,ਉਹ ਸਾਇਦ ਇਸ ਕਰਕੇ ਜਿਆਦਾ ਹੈ ਕਿਉਕਿ ਜੂਨ ਮਹੀਨਾ ਸਿੱਖ ਕੌਂਮ ਦੇ ਪੁਰਖਿਆਂ ਨੂੰ ਵੀ ਕਦੇ ਰਾਸ ਨਹੀ ਸੀ ਆਇਆ। ਪੰਜਵੇਂ ਪਾਤਸਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਹਾਦਤ ਹੋਵੇ,ਭਾਂਵੇ ਮੁੱਠੀ ਭਰ ਸਿੱਖ ਸੂਰਮਿਆਂ ਨਾਲ ਸਰਹੰਦ ਦੇ ਸੂਬੇਦਾਰ ਦੀਆਂ ਫੌਜਾਂ ਦੀ ਲਹੂ ਡੋਲਵੀਂ ਲੜਾਈ ਦੀ ਯਾਦ ਦਿਵਾਉਂਦੀ ਖਿਦਰਾਣੇ ਦੀ ਢਾਬ ਹੋਵੇ ਜਾਂ ਅਹਿਮਦ ਸਾਹ ਅਵਦਾਲੀ ਦੇ ਹਮਲਿਆਂ ਦਾ ਸਮਾ,ਹਮੇਸਾਂ ਇਹ ਅੱਤ ਦੀ ਗਰਮੀ ਨੇ ਸਿੱਖਾਂ ਤੇ ਹੋਏ ਜਬਰ ਜੁਲਮ ਦੀ ਕਹਾਣੀ ਨੂੰ ਹੋਰ ਗਰਮਾਇਸ ਦਿੱਤੀ ਹੈ।ਪਰੰਤੂ ਇਹਨਾਂ ਜੁਲਮਾਂ ਦੀ ਹੱਦ ਨੇ ਸਾਰੇ ਹੱਦਾਂ ਬੰਨੇ ਉਦੋ ਪਾਰ ਕਰ ਦਿੱਤੇ ਜਦੋਂ ਅਪਣੇ ਆਪਦੇ ਆਖੇ ਜਾਣ ਵਾਲੇ ਮੁਲਕ ਭਾਰਤ ਦੀਆਂ ਫੌਜਾਂ ਨੇ ਸਿੱਖ ਕੌਮ ਦੇ ਸਭ ਤੋ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੇ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਨਾ ਸਿਰਫ ਪਵਿੱਤਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ,ਸਗੋਂ ਉਥੇ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਹੀਦੀ ਦਿਹਾੜਾ ਮਨਾਉਣ ਲਈ ਇਕੱਤਰ ਹੋਈਆਂ ਲੱਖਾਂ ਸਿੱਖ ਸੰਗਤਾਂ,ਜਿੰਨਾਂ ਵਿੱਚ ਮਰਦ ਔਰਤਾਂ ਬੱਚੇ,ਬੁੱਢੇ,ਨੌਜੁਆਨ,ਸਿੱਖ ਬੱਚੇ ਬੱਚੀਆਂ ਵੀ ਸਾਮਿਲ ਸਨ,ਨੂੰ ਕੋਹ ਕੋਹ ਕੇ ਸਹੀਦ ਕਰਨ ਤੋ ਪਹਿਲਾਂ ਅਪਣੀ ਹਬਸ ਦਾ ਸਕਿਾਰ ਬਣਾਏ ਸਨ।ਇਹ ਉਹ ਸਮਾ ਸੀ ਜਦੋ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਿੱਖ ਕੌਂਮ ਦੀ ਆਨ ਸਾਨ ਦੇ ਰਾਖੇ ਅਤੇ ਵੀਹਵੀ ਸਦੀ ਦੇ ਮਹਾਂਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲੇ ਅਪਣੇ ਸਾਥੀਆਂ ਸਮੇਤ ਅਕਾਲੀ ਦਲ ਦੀ ਅਗਵਾਈ ਵਿੱਚ ਚੱਲਦੇ ਧਰਮ ਯੁੱਧ ਮੋਰਚੇ ਨੂੰ ਕਾਮਯਾਬ ਕਰਕੇ ਸਿੱਖ ਮੰਗਾਂ ਮਨਵਾਉਣ ਲਈ ਡਟੇ ਹੋਏ ਸਨ,ਪਰੰਤੂ ਸਿੱਖ ਕੌਂਮ ਦੀ ਤਰਾਸਦੀ ਇਹ ਹੈ ਕਿ ਇਹਨਾਂ ਨੇ 1849 ਵਿੱਚ ਅਪਣਾ ਰਾਜਭਾਗ ਖੋ ਦੇਣ ਤੋ ਬਾਅਦ ਕਦੇ ਵੀ ਅਪਣੇ ਤਖਤਾਂ ਤਾਜਾਂ ਨੂੰ ਵਾਪਸ ਲੈਣ ਲਈ ਚਾਰਾਜੋਈ ਨਹੀ ਕੀਤੀ,ਬਲਕਿ ਅਪਣੇ ਪਿਛੋਕੜ ਨੂੰ ਅਸਲੋਂ ਹੀ ਭੁੱਲ ਕੇ ਅਤੇ ਅਪਣੇ ਖੁੱਸੇ ਰਾਜ ਭਾਗ ਦਾ ਚੇਤਾ ਭੁੱਲ ਕੇ ਭਾਰਤ ਦੇਸ ਨੂੰ ਅਜਾਦ ਕਰਵਾਉਣ ਲਈ 90 ਫੀਸਦੀ ਤੋ ਵੱਧ ਕੁਰਬਾਨੀਆਂ ਦੇ ਕੇ ਭਾਰਤ ਨੂੰ ਅੰਗਰੇਜ ਹਕੂਮਤ ਦੀ ਗੁਲਾਮੀ ਤੋ ਅਜਾਦ ਕਰਵਾ ਕੇ ਦਿੱਤਾ। 1982 ਵਿੱਚ ਲਾਏ ਗਏ ਇਸ ਧਰਮ ਯੁੱਧ ਮੋਰਚੇ ਤੋ ਵੀ ਤਤਕਾਲੀ ਅਕਾਲੀ ਆਗੂਆਂ ਨੇ ਇਮਾਨਦਾਰੀ ਨਾਲ ਭਾਰਤ ਸਰਕਾਰ ਤੋ ਕੁੱਝ ਪਰਾਪਤ ਕਰਨ ਦੀ ਬਜਾਏ ਅਪਣੇ ਹੀ ਸਿੱਖ ਭਰਾਵਾਂ ਨੂੰ ਰਾਸਤੇ ਦੇ ਕੰਡੇ ਸਮਝ ਕੇ ਰਸਤੇ ਤੋ ਹਟਾਉਣ ਨੂੰ ਜਿਆਦਾ ਤਰਜੀਹ ਦਿੱਤੀ ਅਤੇ ਸਿੱਖ ਕੌਂਮ ਦੀ ਮੁੱਢੋਂ ਹੀ ਦੁਸਮਣ ਰਹੀ ਦਿੱਲੀ ਦਾ ਸਾਥ ਦੇ ਕੇ ਮਹਾਰਾਜਾ ਰਣਜੀਤ ਸਿੰਘ ਦਾ ਵਿਸਾਲ ਖਾਲਸਾ ਰਾਜ ਮਿੱਟੀ ਵਿੱਚ ਮਿਲਾਉਣ ਵਾਲੇ ਡੋਗਰਿਆਂ ਦੀ ਗਦਾਰੀ ਨੂੰ ਛੋਟਾ ਕਰ ਦਿੱਤਾ,ਜਿਸ ਦਾ ਖਮਿਆਜਾ ਸਿੱਖ ਕੌਂਮ ਨੂੰ ਇੱਕ ਪੂਰੀ ਨਸਲ ਦੀ ਤਬਾਹੀ ਕਰਵਾ ਕੇ ਝੱਲਣਾ ਪਿਆ। ਜੂਨ ਮਹੀਨੇ ਦੀ ਆਮਦ ਨਾਲ ਇਹ ਨਸੂਰ ਬਣੇ ਜਖਮ ਜਿਆਦਾ ਇਸ ਕਰਕੇ ਰਿਸਦੇ ਤੇ ਦਰਦ ਦਿੰਦੇ ਹਨ,ਕਿਉਕਿ ਇਹ ਜਖਮ ਉਹਨਾਂ ਅਕ੍ਰਿਤਘਣ ਲੋਕਾਂ ਦੀ ਹਕੂਮਤ ਨੇ ਦਿੱਤੇ ਸਨ,ਜਿੰਨਾਂ ਨੂੰ ਸੈਕੜੇ ਸਾਲਾਂ ਦੀ ਗੁਲਾਮੀ ਤੋ ਨਿਜਾਤ ਦਿਵਾਉਣ ਲਈ ਦੁਨੀਆਂ ਤੇ ਰਾਜ ਕਰਨ ਵਾਲੀ ਸਿੱਖ ਕੌਂਮ ਦੇ ਬਹਾਦਰ ਪੁੱਤਰਾਂ ਨੇ ਕੁਰਬਾਨੀਆਂ ਦੇ ਕੇ ਰਾਜਭਾਗ ਦੇ ਮਾਲਕ ਬਣਾਇਆ ਸੀ।ਭਾਰਤੀ ਹਕੂਮਤ ਦਾ ਇਹ ਅਕਿਰਤਘਣ ਚਿਹਰਾ ਤਾਂ ਦੇਸ ਅਜਾਦ ਹੁੰਦਿਆਂ ਉਸ ਮੌਕੇ ਹੀ ਨੰਗਾ ਹੋ ਗਿਆ ਸੀ,ਜਦੋ ਅਜਾਦ ਮੁਲਕ ਦੀ ਨਵੀ ਬਣੀ ਦੇਸੀ ਮੁਤੱਸਬੀ ਹਕੂਮਤ ਨੇ ਸਿੱਖਾਂ ਨੂ ਜਰਾਇਮ ਪੇਸਾ ਕੌਂਮ ਐਲਾਨ ਕੇ ਉਹਨਾਂ ਵੱਲੋਂ ਦੇਸ ਅਜਾਦ ਕਰਵਾਉਣ ਲਈ ਕੀਤੀਆਂ ਕੁਰਬਾਨੀਆਂ ਦਾ ਮੁੱਲ ਮੋੜ ਕੇ ਇਹ ਅਹਿਸਾਸ ਕਰਵਾਉਣ ਦਾ ਪਹਿਲਾ ਯਤਨ ਕੀਤਾ ਸੀ ਕਿ ਹੁਣ ਸਿੱਖ ਭਾਰਤ ਦੀ ਹਿੰਦ ਹਕੂਮਤ ਦੇ ਹਮੇਸਾਂ ਲਈ ਗੁਲਾਮ ਹੋ ਚੁੱਕੇ ਹਨ,ਇਸ ਲਈ ਹੁਣ ਉਹਨਾਂ ਨੂੰ ਅਜਾਦੀ ਨਾਲ ਜਿਉਣ ਦਾ ਕੋਈ ਅਧਿਕਾਰ ਨਹੀ ਰਹਿ ਗਿਆ।1955 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਫੌਜਾਂ ਚਾੜ ਕੇ ਅਜਿਹਾ ਹੀ ਸੁਨੇਹਾ ਜਵਾਹਰ ਲਾਲ ਨਹਿਰੂ ਦੀ ਹਕੂਮਤ ਨੇ ਦਿੱਤਾ ਸੀ ਕਿ ਅਜਾਦ ਭਾਰਤ ਦੀ ਹਿੰਦ ਹਕੂਮਤ ਨੂੰ ਸਿੱਖ ਅਬਦਾਲੀਆਂ ਦੁਰਾਨੀਆਂ ਤੋ ਵੱਖ ਕਰਕੇ ਦੇਖਣ ਦੀ ਗੁਸਤਾਖੀ ਨਾ ਕਰਨ,ਨਹੀ ਤਾਂ ਅਜਿਹਾ ਹਸਰ ਕੀਤਾ ਜਾਵੇਗਾ ਕਿ ਅਤੀਤ ਦੇ ਇਤਿਹਾਸ ਵਿੱਚ ਸਿੱਖਾਂ ਤੇ ਹੋਏ ਜੁਲਮ ਬਹੁਤ ਬੌਨੇ ਪਰਤੀਤ ਹੋਣਗੇ।ਸੋ ਅਪਣੇ ਪਿਤਾ ਦੇ ਉਸ ਸੰਦੇਸ ਨੂੰ ਹੀ ਕੇਂਦਰ ਦੀ ਇੰਦਰਾ ਕਾਂਗਰਸ ਸਰਕਾਰ ਨੇ ਆਰ ਐਸ ਐਸ ਦੇ ਕੱਟੜ ਰੰਗ ਵਿੱਚ ਰੰਗੇ ਭਾਜਪਾ ਆਗੂਆਂ ਦੀ ਮਦਦ ਨਾਲ ਸੱਚ ਕਰਕੇ ਦਿਖਾ ਦਿੱਤਾ। ਜਿਉਂ ਜਿਉਂ ਸਮਾ ਬੀਤਦਾ ਜਾਂਦਾ ਹੈ,ਸਾਲਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਤਾਂ ਇਹਨਾਂ ਜੁਲਮਾਂ ਦੀ ਟੀਸ ਹੋਰ ਜਿਆਦਾ ਇਸ ਕਰਕੇ ਉੱਠਣ ਲੱਗਦੀ ਹੈ ਕਿ 37 ਸਾਲਾਂ ਦੇ ਲੰਮੇ ਅਰਸੇ ਦੇ ਬੀਤ ਜਾਣ ਦੇ ਬਾਵਜੂਦ ਵੀ ਸਿੱਖ ਅਪਣੇ ਅੰਦਰਲੇ ਉਹਨਾਂ ਕੌਂਮ ਧਰੋਹੀਆਂ ਦਾ ਨਿਖੇੜਾ ਕਰਨ ਵਿੱਚ ਸਫਲ ਨਹੀ ਹੋ ਸਕੇ।






# ਸਾਡਾ ਪ੍ਰਦੇਸੀਆਂ ਦਾ ਦੇਸ਼ ਕੋਈ ਨਾ

## ਪੰਜਾਬੀ ਸਾਹਿਤ ਸਭਾ ਦੇ ਲਿਖਾਰੀ ਮੀਟਿੰਗਾਂ ਵਿੱਚ ਇਹੋ ਜਿਹੀਆਂ ਵਿਚਾਰਾਂ ਕਰਦੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 9 ਮਈ ਦਿਨ ਐਤਵਾਰ ਬਾਦ ਦੁਪਹਿਰ ਤਿੰਨ ਵਜੇ ਜ਼ੂਮ ਰਾਹੀਂ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ । ਆਰੰਭ ਵਿੱਚ ਸਭਾ ਦੇ ਸੀਨੀਅਰ ਵਾਈਸ ਪ੍ਰਧਾਨ ਸ. ਜਰਨੈਲ ਤੱਗੜ ਦੇ ਜਵਾਈ, ਸਤਨਾਮ ਸਿੰਘ ਪਰਮਾਰ ਅਤੇ ਪਰੋਗਰੈਸਿਵ ਕਲਚਰਲ ਐਸੀਸੀਏਸ਼ਨ ਦੇ ਪ੍ਰਧਾਨ ਸ. ਭਜਨ ਸਿੰਘ ਗਿਲ ਹੋਰਾਂ ਦੇ ਹੋਣਹਾਰ ਨੌਜਵਾਨ ਦੋਹਤਰੇ ਵਿਸ਼ਵਜੀਤ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਵਾਹਿਗੁਰੂ ਅੱਗੇ ਬੇਨਤੀ ਹੈ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ । ਇਸ ਦਿਨ ਮਾਂ ਦਿਵਸ ਹੋਣ ਦਾ ਕਰਕੇ




ਬਹੁਤੀਆਂ ਰਚਨਾਵਾਂ 'ਮਾਂ' ਨਾਲ ਹੀ ਸੰਬੰਧਤ ਰਹੀਆਂ ਅਤੇ ਆਮ ਵਿਚਾਰ ਵਟਾਂਦਰੇ ਦਾ ਵਿਸ਼ਾ ਬਣੀਆਂ ਸ. ਜਗਦੇਵ ਸਿੰਘ ਸਿੱਧੂ ਨੇ ਮਾਂ ਨਾਲ ਸੰਬੰਧਤ ਇਕ ਬਹੁਤ ਹੀ ਭਾਵੁਕ ਕਵਿਤਾ ਤਰੰਨਮ ਵਿੱਚ ਪੇਸ਼ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਮੌਜੂਦਾ ਕਿਸਾਨ ਸੰਘਰਸ਼ , ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਬਾਰੇ ਜਾਣਕਾਰੀ ਦਿੱਤੀ ।

ਸ. ਨਰਿੰਦਰ ਸਿੰਘ ਢਿੱਲੋਂ ਹੋਰਾਂ ਕਿਸਾਨੀ ਸੰਘਰਸ਼ ਅਤੇ ਮਹਾਂਮਾਰੀ ਕਰੋਨਾ ਦੀ ਦੂਸਰੀ ਲਹਿਰ ਬਾਰੇ ਸਰਕਾਰ ਵਲੋਂ ਵਰਤੀ ਗਈ ਲਾਪ੍ਰਵਾਹੀ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਪੰਜ ਸੂਬਿਆਂ ਤੇ ਖਾਸ ਕਰਕੇ ਬੰਗਾਲ ਦੀਆਂ ਚੋਣਾਂ ਵਿੱਚ ਰੁੱਝੀ ਰਹੀ ਤੇ ਦੇਸ਼ ਦੇ ਲੋਕਾਂ ਵੱਲ ਧਿਆਨ ਨਹੀਂ ਦਿੱਤਾ । ਦਿਨੋ ਦਿਨ ਵੱਧ ਰਹੀ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਤੇ ਹੋ ਰਹੀਆਂ ਮੌਤਾਂ ਅਤੇ ਸਰਕਾਰ ਵਲੋਂ ਵਰਤੀ ਗਈ ਲਾਪ੍ਰਵਾਹੀ ਨੇ ਦੁਨੀਆਂ ਭਰ ਵਿੱਚ ਭਾਰਤ ਦੇ ਅਕਸ਼ ਨੂੰ ਬਹੁਤ ਢਾਅ ਲਾਈ ਹੈ ।

ਗੁਰਵਿੰਦਰ ਨੀਟਾ ਨੇ ਸਤਵੰਤ ਦੀਪਕ ਹੋਰਾਂ ਦੀ ਰਚਨਾ

' ਦੇਸ਼ ਪੈਣ ਧੱਕੇ ਪਰਦੇਸ਼ ਢੋਈ ਨਾ
ਸਾਡਾ ਪ੍ਰਦੇਸ਼ੀਆਂ ਦਾ ਦੇਸ਼ ਕੋਈ ਨਾ'

ਬਹੁਤ ਹੀ ਸੁਰੀਲੀ ਅਤੇ ਖ਼ੂਬਸੂਰਤ ਅੰਦਾਜ਼ ਵਿੱਚ ਸੁਣਾਈ ।

ਸੁਖਵਿੰਦਰ ਤੂਰ ਨੇ ਬਾਪੂ ਕਰਨੈਲ ਸਿੰਘ ਪਾਰਸ ਦੀ ਕਵੀਸ਼ਰੀ ਨਾਲ ਵਧੀਆ ਰੰਗ ਬੰਨ੍ਹਿਆ ।

ਮਨਮੋਹਣ ਬਾਠ ਹੋਰਾਂ ਆਪਣੀ ਸੁਰੀਲੀ ਆਵਾਜ਼ ਵਿੱਚ ਗੀਤ ਸੁਣਾਇਆ ।

'ਉਸ ਪੰਛੀ ਨਾਲ ਕੀ ਨੇਹੁ ਲਾਉਣਾ
ਜਿਸ ਉੱਡ ਜਾਣਾ ਹੱਥ ਨੀ ਆਉਣਾ'।

ਇਸ ਤੋਂ ਇਲਾਵਾ ਜਸਵੀਰ ਸਿੰਘ ਸਹੋਤਾ , ਅਜਾਇਬ ਸਿੰਘ ਸੇਖੋਂ , ਡਾ. ਰਾਜਵੰਤ ਕੌਰ ਮਾਨ , ਸੁਰਿੰਦਰ ਗੀਤ, ਸਰਬਜੀਤ ਕੌਰ ਉੱਪਲ, ਗੁਰਦਿਆਲ ਸਿੰਘ ਖਹਿਰਾ, ਸ੍ਰੀ ਪਰਸ਼ੋਤਮ ਭਰਦਵਾਜ਼ , ਦਿਲਾਵਰ ਸਿੰਘ ਸਮਰਾ, ਰਾਜ ਕੈਲਗਰੀ , ਰਾਮ ਸਰੂਪ ਸੈਣੀ ਤੇ ਹੋਰਾਂ ਨੇ ਰਚਨਾਵਾਂ ਸੁਣਾਈਆਂ ਅਤੇ ਵਿਚਾਰ ਵਟਾਂਦਰੇ ਵਿੱਚ ਹਿੱਸਾਂ ਲਇਆ । ਮੰਚ ਸੰਚਾਲਨ ਦਾ ਕੰਮ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਬਾਖ਼ੂਬੀ ਨਿਭਾਇਆ ।

# ਸਿਰਫ ਦਸ ਦਿਨਾਂ ਵਿੱਚ ਹੀ ਕਾਲਕਟ ਪਰਿਵਾਰ ਦੇ ਦੋਵੇਂ ਚਿਰਾਗ ਗੈਂਗ ਹਿੰਸਾ ਦੀ ਹਨੇਰੀ ਕਾਰਣ ਬੁਝ ਗਏ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 22 ਮਈ ਦੀ ਸ਼ਾਮ ਸਾਢੇ 5 ਵਜੇ ਦੇ ਕਰੀਬ ਸਾਊਥ ਵੈਸਟ ਕੈਲਗਰੀ ਦੀ 26 ਐਵੇਨਿਊ ਦੇ 1800 ਬਲੌਕ ਵਿੱਚ ਗੋਲੀ ਮਾਰ ਕੇ ਇੱਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ ਚੱਲ ਰਹੀ ਗੈਂਗ ਹਿੰਸਾ ਦੇ ਸਿਲਸਿਲੇ ਵਜੋਂ ਇਸ ਮਾਰੂ ਵਾਰਦਾਤ ਨੂੰ ਵੇਖਿਆ ਜਾ ਰਿਹਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਮਾਰਿਆ ਗਿਆ ਨੌਜਵਾਨ ਬ੍ਰਿਟਿਸ਼ ਕੋਲੰਬੀਆ ਦਾ ਰਹਿਣ ਵਾਲਾ ਸੀ ਤੇ ਉਸ ਦਾ ਨਾਮ ਗੁਰਕੀਰਤ ਕਾਲਕਟ ਸੀ। ਇਸ ਵਾਰਦਾਤ ਤੋਂ ਛੇਤੀ ਮਗਰੋਂ ਸਾਊਥ ਵੈਸਟ ਦੀ 31 ਐਵੇਨਿਊ ਦੇ 220 ਬਲੌਕ ਵਿੱਚ ਇੱਕ ਗੱਡੀ ਨੂੰ ਅੱਗ ਲੱਗੀ ਹੋਣ ਦੀ ਹਾਲਤ ਵਿੱਚ ਬਰਾਮਦ ਕੀਤਾ ਗਿਆ। ਇਹ ਗੱਡੀ ਇਸੇ ਵਾਰਦਾਤ ਵਿੱਚ ਵਰਤੀ ਗਈ ਦੱਸੀ ਜਾਂਦੀ ਹੈ। ਅੱਖੀਂ ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਕਈ ਵਿਅਕਤੀ ਇੱਕ ਹੋਰ ਗੱਡੀ ਵਿੱਚ ਬੈਠ ਕੇ ਫ਼ਰਾਰ ਹੋ ਗਏ। ਜਿਸ ਗੱਡੀ ਵਿੱਚ ਉਹ ਫ਼ਰਾਰ ਹੋਏ, ਉਹ ਸੁਬਾਰੂ ਇੰਪਰੈਜ਼ਾ ਜਾਂ ਲੈਗੇਸੀ ਕਾਰ ਹੋ ਸਕਦੀ ਹੈ। ਬੀਤੀ 13 ਮਈ ਵਾਲੇ ਦਿਨ ਬੀ.ਸੀ. ਬਰਨੇਬੀ ਵਿੱਚ ਹੋਈ ਗੋਲੀਬਾਰੀ ਦੀ ਵਾਰਦਤ ਵਿੱਚ ਗੁਰਕੀਰਤ ਕਾਲਕਟ ਦਾ ਸਕਾ ਭਰਾ ਜਸਕੀਰਤ ਕਾਲਕਟ ਵੀ ਮਾਰਿਆ ਗਿਆ ਸੀ। 10 ਦਿਨਾਂ ਵਿੱਚ ਦੋਵੇਂ ਸਕੇ ਭਰਾਵਾਂ ਦਾ ਕਤਲ ਹੋ ਗਿਆ ਹੈ। ਇਹ ਦੋਵੇਂ, 'ਬ੍ਰਦਰਜ਼ ਕੀਪਰਜ਼ ਗੈਂਗ' ਨਾਲ ਸੰਬੰਧਿਤ ਸਨ। ਇਸ ਤੋਂ ਪਹਿਲਾਂ ਵੈਨਕੂਵਰ ਏਰਪੋਰਟ 'ਤੇ ਹੋਈ ਵਾਰਦਾਤ ਵਿੱਚ ਕਰਮਨ ਸਿੰਘ ਗਰੇਵਾਲ ਦੇ ਕਤਲ ਦੇ ਬਦਲੇ ਵਿੱਚ ਜਸਕੀਰਤ ਕਾਲਕਟ ਨੂੰ ਮਾਰਿਆ ਗਿਆ ਸੀ। ਕੈਲਗਰੀ ਪੁਲਿਸ ਦੇ ਸਟਾਫ਼ ਸਾਰਜੰਟ ਮਾਰਟਿਨ ਸ਼ੀਆਵੈਟਾ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਟਾਰਗੈਟਿਡ ਤੇ ਬਹੁਤ ਜ਼ਿਆਦਾ ਸੰਗੀਨ ਵਾਰਦਾਤ ਸ਼ਹਿਰ ਅਤੇ ਸ਼ਹਿਰਵਾਸੀਆਂ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ। ਜਾਂਚ ਚੱਲ ਰਹੀ ਹੈ।

# ਲੋਕਾਂ ਦੇ ਚਹੇਤਿਆਂ ਦੇਂ ਉੱਪਰ ਕੈਲਗਰੀ ਦੇ 6 ਪਾਰਕਾਂ ਦੇ ਨਾਂ ਸਮਰਪਿਤ ਹੋਣਗੇ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਔਫ਼ ਕੈਲਗਰੀ ਨੇ ਸ਼ਹਿਰ ਦੇ 6 ਪਾਰਕਾਂ ਦੇ ਨਾਮ ਇਸ ਸ਼ਹਿਰ ਦੀਆਂ ਕੁੱਝ ਪ੍ਰਮੁਖ ਹਸਤੀਆਂ ਦੇ ਨਾਮ ਸਮਰਪਿਤ ਕਰਨ ਦਾ ਐਲਾਨ ਕੀਤਾ ਹੈ। ਜਿਹਨਾਂ ਵਿਅਕਤੀਆਂ ਨੇ ਸਮਾਜ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਇਆ, ਉਹਨਾਂ ਦੇ ਨਾਵਾਂ ਦੀ ਚੋਣ ਵੱਖ ਵੱਖ ਕਮਿਉਨਿਟੀਆਂ ਦੇ ਲੋਕਾਂ ਵੱਲੋਂ ਕੀਤੀ ਗਈ ਹੈ। ਮੇਅਰ ਨਾਹੀਦ ਨੈਂਸ਼ੀ ਨੇ ਇਹਨਾਂ ਨਾਵਾਂ ਦਾ ਖੁਲਾਸਾ ਕੀਤਾ। 1960 ਤੋਂ 1973 ਦਰਮਿਆਨ ਸਿਟੀ ਵਾਸਤੇ ਮੈਡਿਕਲ ਔਫਿਸਰ ਔਫ਼ ਹੈਲਥ ਵੱਜੋਂ ਕੰਮ ਕਰਨ ਵਾਲੇ ਡਾ. ਲੈਜ਼ਲੀ ਐਲਨ ਦੇ ਨਾਮ 'ਤੇ ਪਾਰਕ ਸ਼ੌਨ ਬੁਲੇਵਰਡ 'ਤੇ ਬਣਾਇਆ ਗਿਆ ਹੈ। ਕੈਨੇਡੀਅਨ ਯੂਥ ਹੌਸਟੈਲਜ਼ ਦੀ ਸਥਾਪਨਾ ਕਰਨ ਵਾਲੀਆਂ ਮੇਰੀ ਅਤੇ ਕੈਥਰੀਨ ਬਾਰਕਲੇ ਭੈਣਾਂ ਦੇ ਨਾਮ 'ਤੇ 3 ਸਟ੍ਰੀਟ ਨੌਰਥ ਵੈਸਟ ਅਤੇ ਕ੍ਰੈਸੈਂਟ ਰੋਡ 'ਤੇ ਪਾਰਕ ਬਣਾਇਆ ਗਿਆ ਹੈ। ਮੇਰੀ ਨੂੰ ਔਰਡਰ ਔਫ਼ ਕੈਨੇਡਾ ਵੀ ਮਿਲਿਆ ਸੀ। 1977 ਤੋਂ 1992 ਤੱਕ ਸਿਟੀ ਕੌਂਸਲਰ ਰਹੇ ਕ੍ਰੈਗ ਰੀਡ ਦੇ ਨਾਮ 'ਤੇ 46 ਐਵੇਨਿਊ ਅਤੇ 17 ਸਟ੍ਰੀਟ ਸਾਊਥ ਵੈਸਟ 'ਤੇ ਬਣੇ ਪਾਰਕ ਦਾ ਨਾਮ ਰੱਖਿਆ ਗਿਆ ਹੈ। ਸਦਰਨ ਐਲਬਰਟਾ ਇੰਸਟਿਟਿਊਟ ਔਫ਼ ਟੈਕੌਨੌਲੋਜੀ -ਸਏਟ ਦੀ ਪਹਿਲੀ ਔਰਤ ਇੰਸਟ੍ਰਕਟਰ ਅਤੇ ਆਰਟਸ ਐਂਡ ਐਜੁਕੇਸ਼ਨ ਵਿਚ ਨਾਮਣਾ ਖੱਟਣ ਵਾਲੀ ਡਾ. ਵਰਨਾ ਰੀਡ ਦੇ ਨਾਮ 'ਤੇ ਸਾਊਥ ਵੈਸਟ ਦੇ 1600 ਬਲਾਕ ਵਿੱਚ ਪਾਰਕ ਦਾ ਨਾਮ ਰੱਖਿਆ ਗਿਆ ਹੈ। 1970 ਵਿੱਚ ਬਣੇ ਕੈਲਗਰੀ ਦੇ ਪਹਿਲੇ ਗੇਅ ਕਲੱਬ - ਕਲੱਬ ਕੈਰੂਜ਼ਲ ਦੀ ਸੰਸਥਾਪਕ ਲੋਇਸ ਜ਼ੈਬੋ ਦੇ ਨਾਮ 'ਤੇ 9 ਸਟ੍ਰੀਟ ਅਤੇ 16 ਐਵੇਨਿਉ ਸਾਊਥ ਵੈਸਟ ਵਿੱਚ ਲੋਇਸ ਜ਼ੈਬੋ ਕੌਮਨਜ਼ ਨਾਮ ਦੀ ਕਮਿਉਨਿਟੀ ਹੱਬ ਬਣਾਈ ਗਈ ਹੈ। 2017 ਵਿੱਚ ਡ੍ਰਗ ਵਰਡੋਜ਼ ਕਾਰਨ ਮਾਰੇ ਗਏ ਬੇਘਰੇ ਵਿਅਕਤੀ ਪੌਲ ਸਮੋਕੀ ਵਿਲਕਿੰਸਨ ਦੇ ਨਾਮ 'ਤੇ 14 ਸਟ੍ਰੀਟ ਅਤੇ ਮੈਮੋਰੀਅਲ ਡ੍ਰਾਇਵ ਨੌਰਥ ਵੈਸਟ 'ਤੇ ਪਾਰਕ ਬਣਾਇਆ ਗਿਆ ਹੈ। ਉਹ ਬੇਘਰਾ ਹੁੰਦਾ ਹੋਇਆ ਵੀ ਲੋਕਾਂ ਦੀ ਮੱਦਦ ਲਈ ਤਤਪਰ ਰਹਿੰਦਾ ਸੀ ਤੇ ਹਰ ਸਮੇਂ ਵਲੰਟੀਅਰ ਸੇਵਾਵਾਂ ਦੇਣ ਲਈ ਤਿਆਰ ਹੁੰਦਾ ਸੀ। ਉਸ ਦੇ ਅੰਤਮ ਸਸਕਾਰ ਮੌਕੇ ਸੈਂਕੜੇ ਲੋਕ ਮੌਜੂਦ ਸਨ।

# ਜੰਗਲੀ ਅੱਗਾਂ ਉੱਪਰ ਕਾਬੂ ਪਾਉਣ ਲਈ ਨਵੇਂ ਤਜ਼ਰਬੇ ਹੋਣ ਲੱਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗ਼ਰਮੀਆਂ ਦੇ ਚਾਲੂ ਸੀਜ਼ਨ ਦੌਰਾਨ ਐਲਬਰਟਾ ਦੇ ਜੰਗਲਾਂ ਦੇ ਅੰਦਰੂਨੀ ਹਿੱਸਿਆਂ ਤੋਂ ਸ਼ੁਰੂ ਹੁੰਦੀਆਂ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਅੱਗ ਲੱਗਣ ਦੀ ਸੂਰਤ ਵਿੱਚ ਉਸ ਉੱਪਰ ਕਾਬੂ ਪਾਉਣ ਦੀ ਕੋਸ਼ਿਸ਼ ਵਿੱਚ ਸਫ਼ਲਤਾ ਹਾਸਲ ਕਰਨ ਦੇ ਉਦੇਸ਼ ਨਾਲ ਨਵੀਆਂ ਤਕਨੀਕਾਂ ਦਾ ਟੈਸਟ ਕੀਤਾ ਜਾਣ ਲੱਗਿਆ ਹੈ। ਜੈੱਲ ਵੌਟਰ ਐਨਹਾਂਸਰ ਸਿਸਟਮ, ਹਾਇ ਵੌਲਿਊਮ ਵੌਟਰ ਡਲਿਵਰੀ ਸਿਸਟਮ, ਰਿਮੋਟ ਵਾਇਲਡ-ਫਾਇਰ ਡਿਟੈਕਸ਼ਨ ਕੈਮਰਾਜ਼ ਅਤੇ ਡ੍ਰੋਨਜ਼ ਆਦਿ ਦੇ ਇਸ ਵੱਡੇ ਪ੍ਰੋਜੈਕਟ ਉੱਪਰ 43 ਲੱਖ ਡੌਲਰਜ਼ ਦਾ ਖ਼ਰਚਾ ਆ ਰਿਹਾ ਹੈ। ਯੁਨਿਵਰਸਿਟੀ ਔਫ਼ ਐਲਬਰਟਾ ਦੇ ਵਾਇਲਡ-ਫਾਇਰ ਇਨਫੌਰਮੇਸ਼ਨ ਔਫਿਸਰ ਟ੍ਰੈਵਿਸ ਫੇਅਰਵੈਦਰ ਦਾ ਕਹਿਣਾ ਹੈ ਕਿ ਇਹਨਾਂ ਤਕਨੀਕਾਂ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਤੇ ਇਹਨਾਂ ਦੀ ਵਰਤੋਂ ਨਾਲ ਜੰਗਲੀ ਅੱਗਾਂ ਨੂੰ ਸ਼ੁਰੂ ਵਿੱਚ ਹੀ ਲਭ ਲੈਣ ਤੇ ਉਹਨਾਂ ਉਪਰ ਕਾਬੂ ਪਾਉਣ ਵਿੱਚ ਵੱਡੀ ਸਹਾਇਤਾ ਮਿਲ ਸਕੇਗੀ। ਰਿਮੋਟ ਵਾਇਲਡ-ਫਾਇਰ ਕੈਮਰੇ ਅਤੇ ਡ੍ਰੋਨਾਂ ਅਜੇ ਸ਼ੁਰੂਆਤੀ ਦੌਰ ਵਿੱਚ ਹਨ ਤੇ ਇਹਨਾਂ ਦਾ ਮੁਲਾਂਕਣ ਜ਼ਰੂਰੀ ਹੈ ਤਾਂ ਕਿ ਖ਼ਰਚੇ ਵੀ ਤ਼ੱਧ ਨਾ ਹੋਣ ਤੇ ਨੁਕਸਾਨ ਵੀ ਘੱਟ ਤੋਂ ਘੱਟ ਹੋਵੇ। ਇਹਨਾਂ ਤਕਨੀਕਾਂ ਦੀ ਵਰਤੋਂ 'ਤੇ ਹੋਣ ਵਾਲਾ ਖ਼ਰਚਾ ਤੇ ਅੱਗ ਉੱਪਰ ਕਾਬੂ ਪਾਉਣ ਵਿੱਚ ਮਿਲਣ ਵਾਲੀ ਸਫ਼ਲਤਾ ਦੇ ਪੈਮਾਨੇ 'ਤੇ ਹੀ ਇਹਨਾਂ ਤਕਨੀਕਾਂ ਨੂੰ ਪਰਖਿਆ ਜਾ ਰਿਹਾ ਹੈ।

# ਗਲਤ ਢੰਗ ਨਾਲ ਗੱਡੀ ਚਲਾਉਣ ਵਾਲਾ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਰੈਡ ਡੀਅਰ ਦੇ ਰਿਜਨਲ ਹਸਪਤਾਲ ਸੈਂਟਰ ਬਾਹਰ ਇੱਕ ਵਿਅਕਤੀ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਹੈ। ਗੋਲੀ ਆਰ.ਸੀ.ਐਮ.ਪੀ. ਅਧਿਕਾਰੀ ਵੱਲੋਂ ਚਲਾਈ ਗਈ ਦੱਸੀ ਜਾਂਦੀ ਹੈ ਤੇ ਐਲਬਰਟਾ ਸੀਰੀਅਸ ਇੰਸਿਡੈਂਟ ਰੈਸਪੌਂਸ ਟੀਮ ਵੱਲੋਂ ਇਸ ਮਾਮਲੇ ਦੀ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਹੈ। ਘਟਨਾ ਉਸ ਦਿਨ ਰਾਤ 9 ਵਜੇ ਦੇ ਕਰੀਬ ਹੋਈ ਜਾਂਦੀ ਹੈ। ਪੁਲਿਸ ਨੂੰ ਦੱਸਿਆ ਗਿਆ ਸੀ ਕਿ ਇੱਕ ਗੱਡੀ ਬਹੁਤ ਹੀ ਗ਼ਲਤ ਢੰਗ ਨਾਲ ਡ੍ਰਾਇਵ ਕੀਤੀ ਜਾ ਰਹੀ ਸੀ ਤੇ ਪ।ਲਿਸ ਨੇ ਜਦੋਂ ਇਸ ਗੱਡੀ ਨੂੰ ਟ੍ਰੇਸ ਕਰਕੇ ਇਸ ਦਾ ਪਿੱਛਾ ਕੀਤਾ ਤਾਂ ਇਹ ਹਸਪਤਾਲ ਦੀ ਪਾਰਕੇਡ ਤੱਕ ਪਹੁੰਚ ਗਈ। ਇੱਥੇ ਪਲਿਸ ਅਤੇ ਕਥਿੱਤ ਦੋਸ਼ੀ ਵਿਅਕਤੀ ਦਰਮਿਆਨ ਝੜਪ ਹੋ ਗਈ।

HMP
CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

All Season
Weeping Tile Ltd.
- Weeping Tile
- Foundation Spray
- Delta Wrap
- Window Wells
- Basement Gravel
- Styro Foam
- Rebar
- Concrete
Gravel Services & More
Deep: 403891-2727
Johal: 403-463-0402
www.asweepingtile.com
AllSeasonWeepingTile@gmail.com

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ
ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB



ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
RED STONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
360°
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities




SOUTH POINTE TOYOTA
FOR ONLY $118 A WEEK! WITH $3888 DOWN
0% FINANCING
NO PAYMENTS UNTIL JULY 2020!
ALL NEW REDESIGNED
2020 HIGHLANDER
PRE-ORDER YOURS TODAY!
403-567-8888
WWW.SOUTHPOINTETOYOTA.COM
11500 35 ST SE #7000
CALGARY, AB T2Z 3W4
SALES@SOUTHPOINTETOYOTA.COM
7WWW.SOUTHPOINTETOYOTA.COM
CALGARYS LARGEST AND MOST AWARDED TOYOTA DEALERSHIP
WWW.SOUTHPOINTETOYOTA.COM

# ਕੈਲਗਰੀ ਦੇ ਪੁਰਾਣੇ ਸਵਿੰਮਿਗ ਪੂਲਾਂ ਦੀ ਸਾਂਭ ਸੰਭਾਲ ਲਈ ਚਾਰ ਲੱਖ ਡਾਲਰ ਰਾਖਵੇਂ ਰੱਖੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਕੌਂਸਿਲ ਨੇ ਕੈਲਗਰੀ ਦੇ ਪੂਲਾਂ ਦੇ ਰੱਖ-ਰਖਾਅ ਉੱਪਰ ਇੱਕ ਮੁਸ਼ਤ 4 ਲੱਖ ਡਾਲਰ ਦੀ ਰਕਮ ਖ਼ਰਚ ਕਰਨ ਦਾ ਫੈਸਲਾ ਲਿਆ ਹੈ। ਇੱਕ ਪੂਲ ਬੈਲਟਲਾਇਨ ਇਲਾਕੇ ਵਿੱਚ ਅਤੇ ਦੂਸਰਾ ਇੰਗਲਵੁਡ ਵਿੱਚ ਪੈਂਦਾ ਦੱਸਿਆ ਗਿਆ ਹੈ। ਪਹਿਲਾ ਸਾਲ 2019 ਵਿੱਚ ਇਹ ਦੋਵੇਂ ਪੂਲ ਬੰਦ ਕਰਨ ਵਾਰੇ ਪਲੈਨ ਬਣਾਇਆ ਗਿਆ ਸੀ। ਦੋਵੇਂ ਪੂਲ 50 ਸਾਲ ਤੋਂ ਵੱਧ ਪੁਰਾਣੇ ਹਨ ਤੇ ਇਹਨਾਂ ਦੇ ਰੱਖ ਰਖਾਅ ਉੱਪਰ ਹੋਣ ਵਾਲਾ ਖ਼ਰਚਾ ਇਨਾਂ ਤੋਂ ਹੋਣ ਵਾਲੀ ਆਮਦਨੀ ਤੋਂ ਜ਼ਿਆਦਾ ਹੈ। ਹੁਣ ਇੰਗਲਵੁਡ ਕਮਿਉਨਿਟੀ ਨੂੰ ਇੱਕ ਸਾਲ ਦਾ ਸਮਾਂ ਦਿੱਤਾ ਗਿਆ ਹੈ ਤੇ ਕਮਿਉਨਿਟੀ ਫੈਸਲਾ ਕਰੇਗੀ ਕਿ ਉਹ ਇਸ ਪੂਲ ਦਾ ਕੀ ਕਰਨਾ ਚਾਹੁੰਦੇ ਹਨ। ਬੈਲਟਲਾਇਨ ਦੇ ਪੂਲ ਨੂੰ ਚਾਲੂ ਰੱਖਣ ਬਾਰੇ ਸੋਚਿਆ ਜਾ ਰਿਹਾ ਹੈ ਕਿਉਂਕਿ ਕਾਫੀ ਲੋਕ ਇਸ ਦੀ ਵਰਤੋਂ ਕਰਨਾ ਚਾਹੁੰਦੇ ਹਨ।

# ਐਨਡੀਪੀ ਲੀਡਰ ਰੇਚੈਲ ਨੌਟਲੀ ਨੇ ਕਿਹਾ ਕਿ ਕੋਵਿਡ-19 ਦੀ ਦੂਜੀ ਲਹਿਰ ਵੇਲੇ ਸਰਕਾਰ ਨੇ ਕੌਂਟੈਕਟ ਟ੍ਰੇਸਿੰਗ ਸੰਬੰਧੀ ਅੰਕੜੇ ਜਨਤਾ ਤੋਂ ਲੁਕੋ ਕੇ ਰੱਖੇ ਗਏ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਵਿਧਾਨ-ਸਭਾ ਵਿੱਚ ਚੱਲੇ ਸਵਾਲ-ਜਵਾਬ ਦੇ ਸਿਲਸਿਲੇ ਵਿੱਚ ਐਨਡੀਪੀ ਲੀਡਰ ਰੇਚੈਲ ਨੌਟਲੀ ਨੇ ਸੱਤਾਧਾਰੀ ਯੂਸੀਪੀ ਨੂੰ ਲੰਮੇ ਹੱਥੀਂ ਲੈਂਦਿਆਂ ਕੋਵਿਡ-19 ਦੀ ਦੂਜੀ ਲਹਿਰ ਦੌਰਾਨ ਕੌਂਟੈਕਟ ਟ੍ਰੇਸਿੰਗ ਦੇ ਕੰਮ ਵਿੱਚ ਆਈ ਖੜੋਤ 'ਤੇ ਸਵਾਲ ਪੁੱਛਦਿਆਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬਾ ਵਾਸੀਆਂ ਨੂੰ ਦੱਸੇ ਇਸ ਮਹਾਮਾਰੀ ਨੂੰ ਨਜਿੱਠਦਿਆਂ ਕਿੱਥੇ-ਕਿੱਥੇ ਤੇ ਕੀ-ਕੀ ਗ਼ਲਤੀਆਂ ਹੋਈਆਂ ਹਨ। ਮੀਡੀਆ ਦੇ ਇੱਕ ਹਿੱਸੇ ਵਿੱਚ ਖ਼ਬਰ ਸੀ ਕਿ ਪਿਛਲੇ ਸਾਲ, ਕੋਵਿਡ-19 ਦੀ ਦੂਜੀ ਲਹਿਰ ਵੇਲੇ ਸਰਕਾਰ ਨੇ ਕੌਂਟੈਕਟ ਟ੍ਰੇਸਿੰਗ ਸੰਬੰਧੀ ਅੰਕੜੇ ਜਨਤਾ ਤੋਂ ਲੁਕੋ ਕੇ ਰੱਖੇ ਜਦੋਂ ਕਿ ਮਾਮਲੇ ਬੇਤਹਾਸ਼ਾ ਵਧਦੇ ਜਾ ਰਹੇ ਸਨ। ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਕਿ ਜਿਹੜੇ ਵੀ ਅੰਕੜੇ ਆਉਂਦੇ ਹਨ ਉਹ ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਮੁਹੱਈਆ ਕੀਤੇ ਜਾਂਦੇ ਹਨ ਤੇ ਉਹਨਾਂ ਦੇ ਗ਼ਲਤ ਹੋਣ ਬਾਰੇ ਜਾਂ ਲੁਕਾਉਣ ਬਾਰੇ ਸਵਾਲ ਹੀ ਪੈਦਾ ਨਹੀਂ ਹੁੰਦਾ। ਨਾਲ ਹੀ ਉਹਨਾਂ ਕਿਹਾ ਕਿ ਕੌਨਟੈਕਟ ਟ੍ਰੇਸਿੰਗ ਦਾ ਕੰਮ ਕਰਨ ਦੀ ਵੀ ਕੋਈ ਹੱਦ ਹੁੰਦੀ ਹੈ ਤੇ ਪਿਛਲੇ ਸਾਲ ਨਵੀਂ ਭਰਤੀ ਕਰਕੇ ਵੀ ਕੌਨਟੈਕਟ ਟ੍ਰੇਸਿੰਗ ਕਰਵਾਈ ਗਈ ਸੀ।

# ਘੋੜੇ ਉੱਪਰ ਜਾ ਰਹੀ ਔਰਤ ਨੂੰ ਰਿੱਛ ਪੈ ਨਿਕਲਿਆ

## ਜੰਗਲੀ ਇਲਾਕੇ ਵਿੱਚ ਘੁੰਮਣ ਜਾਂਦੇ ਲੋਕਾਂ ਉੱਪਰ ਰਿੱਛਾਂ ਦੇ ਹਮਲੇ ਵਧਣ ਦੀਆਂ ਘਟਨਾਵਾਂ ਵਿੱਚ ਵਾਧਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਘੀ 22 ਮਈ ਵਾਲੇ ਦਿਨ ਪਿੰਚਰ ਕ੍ਰੀਕ ਤੋਂ 15 ਕਿਲੋਮੀਟਰ ਪੱਛਮ ਵਾਲੇ ਪਾਸੇ ਇਕ ਪ੍ਰਾਇਵੇਟ ਪ੍ਰੌਪਰਟੀ 'ਤੇ ਘੋੜੇ 'ਤੇ ਸੈਰ ਕਰ ਰਹੀ ਇੱਕ ਔਰਤ ਨੂੰ ਇਕ ਰਿੱਛ ਨੇ ਧੂਹ ਕੇ ਖਿੱਚ ਲਿਆ ਦੱਸਿਆ ਜਾਂਦਾ ਹੈ। 4 ਜਣੇ ਘੋੜ-ਸਵਾਰੀ ਕਰ ਰਹੇ ਸਨ। ਝਾੜੀਆਂ ਵਿੱਚੋਂ ਨਿਕਲੇ ਰਿੱਛ ਨੇ ਇਹਨਾਂ ਵਿਚੋਂ ਸਭ ਤੋਂ ਪਿੱਛੇ ਚੱਲ ਰਹੀ ਇੱਕ ਔਰਤ ਨੂੰ ਧੂਹ ਲਿਆ। ਉਸ ਦੇ ਚੀਕ-ਚਿਹਾੜਾ ਪਾਉਣ 'ਤੇ ਬਾਕੀ ਸਾਥੀਆਂ ਨੂੰ ਪਤਾ ਲੱਗਾ ਕਿ ਕੁੱਝ ਵਾਪਰ ਗਿਆ ਹੈ। ਰਿੱਛ ਦੇ ਅਚਾਨਕ ਘੋੜੇ ਦੇ ਸਾਹਮਣੇ ਆਉਣ 'ਤੇ ਘੋੜਾ ਦੌੜ ਪਿਆ ਤੇ ਇਹ ਔਰਤ ਡਿੱਗ ਪਈ ਤੇ ਰਿੱਛ ਨੇ ਔਰਤ ਨੂੰ ਘੜੀਸ ਲਿਆ। 42 ਸਾਲਾ ਇਹ ਔਰਤ ਸਰੀਰਕ ਤੌਰ 'ਤੇ ਭਾਵੇਂ ਘੱਟ ਜ਼ਖ਼ਮੀ ਹੋਈ ਹੈ ਪਰ ਉਹ ਇਸ ਸਦਮੇ ਵਿਚੋਂ ਬਾਹਰ ਨਹੀਂ ਨਿੱਕਲ ਸਕੀ ਹੈ। ਐਲਬਰਟਾ ਫਿਸ਼ ਐਂਡ ਵਾਇਲਡ ਲਾਇਫ਼ ਅਧਿਕਾਰੀਆਂ ਨੇ ਲੰਘੀ 25 ਮਈ ਵਾਲੇ ਦਿਨ ਕੈਲਗਰੀ ਤੋਂ ਨੌਰਥ ਵੈਸਟ ਵਾਲੇ ਪਾਸੇ ਵੌਟਰ ਵੈਲੀ ਵਿੱਚ ਇੱਕ ਔਰਤ ਉੱਪਰ ਹਮਲਾ ਕਰਕੇ ਉਸ ਦੀ ਜਾਨ ਲੈ ਲੈਣ ਵਾਲੇ ਦੋ ਵੱਡੇ-ਮੈਚਿਉਰ ਗ੍ਰਿਜ਼ਲੀ ਰਿੱਛਾਂ ਨੂੰ ਕਾਬੂ ਕੀਤਾ ਹੈ ਜਿਹੜੇ ਹਮਲੇ ਵਾਲੀ ਥਾਂ ਦੇ ਨੇੜੇ ਘੁੰਮ ਰਹੇ ਸਨ। ਇਹਨਾਂ ਵਿੱਚੋਂ ਇਕ ਮਾਦਾ ਰਿੱਛ ਜਿਸ ਦੀ ਉਮਰ ਜ਼ਿਆਦਾ ਹੈ, ਇਸ ਹਮਲੇ ਲਈ ਜ਼ਿੰਮੇਦਾਰ ਸੀ। ਡੀ.ਐਨ.ਏ. ਸੈਂਪਲ ਤੋਂ ਇਸ ਦਾ ਪਤਾ ਲਗਾ ਲਿਆ ਗਿਆ ਹੈ। ਗ੍ਰਿਜ਼ਲੀ ਬਿਅਰ ਰੈਸਪੌਂਸ ਗਾਇਡ ਮੁਤਾਬਕ ਹੁਣ ਇਸ ਮਾਦਾ ਰਿੱਛ ਨੂੰ ਮੌਤ ਦਾ ਇੰਜੈਕਸ਼ਨ ਦੇ ਦਿੱਤਾ ਗਿਆ ਹੈ। ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਇਹ ਮਾਦਾ ਰਿੱਛ ਬੁੱਢੀ ਹੋ ਚੁੱਕੀ ਸੀ ਤੇ ਮਨੁੱਖੀ ਸ਼ਿਕਾਰ ਕਰਨ ਮਗਰੋਂ ਉਸ ਦਾ ਇਹ ਰੁਝਾਣ ਵਧਣਾ ਸੀ ਜਿਸ ਕਰਕੇ ਉਸ ਨੂੰ ਮਾਰਨ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ ਬਚਿਆ ਸੀ।

# ਭਾਰਤ ਦਾ ਅਰਥਚਾਰਾ ਹੇਠਾ ਵੱਲ ਨੂੰ ਖਿਸਕ ਰਿਹਾ ਹੈ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਇਸ ਸਮੇਂ ਦੇਸ਼ ਦੀ ਅਜ਼ਾਦੀ ਮਗਰੋਂ ਸਭ ਤੋਂ ਭਿਆਨਕ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਦੱਸਿਆ ਜਾ ਰਿਹਾ ਹੈ। ਇਸ ਸਾਲ ਦੇਸ਼ ਦੀ ਇਕੌਨੋਮੀ 7.3% ਸੁੰਗੜ ਗਈ ਹੈ । ਚਾਲੂ ਸਾਲ ਦੌਰਾਨ ਜਨਵਰੀ ਤੋਂ ਮਾਰਚ ਤੱਕ ਸਿਰਫ਼ 1.6% ਦੀ ਦਰ ਨਾਲ ਇਕੌਨੋਮੀ ਵਧੀ ਹੈ। 23 ਕਰੋੜ ਲੋਕ ਮਹਾਮਾਰੀ ਦੌਰਾਨ ਗ਼ਰੀਬੀ ਰੇਖਾ ਤੋਂ ਹੇਠਾਂ ਚਲੇ ਗਏ ਹਨ। ਕੋਰੋਨਾ ਵਾਇਰਸ ਦੀ ਦੂਜੀ ਲਹਿਰ ਦੇ ਦੇਸ਼ ਦੇ ਅਰਥਚਾਰੇ ਦਾ ਭੱਠਾ ਬਿਠਾ ਦਿੱਤਾ ਦੱਸਿਆ ਗਿਆ ਹੈ।

# ਕਈ ਸਹਿਰਾਂ ਦੇ ਮੇਅਰ ਪੁੱਛਦੇ ਹਨ ਕਿ ਮੰਤਰੀ ਦੱਸਣ ਕਿ ਪਿਛਲੀ ਥ੍ਰੋਨ ਸਪੀਚ ਵੇਲੇ ਕੀਤਾ ਗਿਆ ਵਾਅਦਾ ਕਦੋਂ ਪੂਰਾ ਹੋਵੇਗਾ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਕਈ ਵੱਡੇ ਸ਼ਹਿਰਾਂ ਦੇ ਮੇਅਰਾਂ ਨੇ ਦੇਸ਼ ਦੀ ਫਾਇਨੈਂਸ ਮਨਿਸਟਰ ਅਤੇ ਡੈਪਿਉਟੀ ਪ੍ਰਾਇਮ ਮਨਿਸਟਰ ਕ੍ਰਿਸਟੀਆ ਫ੍ਰੀਲੈਂਡ 'ਤੇ ਜ਼ੋਰ ਪਾਉਂਦਿਆਂ ਕਿਹਾ ਹੈ ਕਿ ਦੇਸ਼ ਵਿਚੋਂ ਬੇਘਰੀ ਦੀ ਸਮੱਸਿਆ ਦਾ ਹੱਲ ਕਰਨ ਵਾਸਤੇ ਕੋਈ ਸਮਾਂ ਨਿਰਧਾਰਿਤ ਕੀਤਾ ਜਾਵੇ ਤੇ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਦੇ ਹੋਏ ਸ਼ਹਿਰੀ ਮੂਲ ਨਿਵਾਸੀਆਂ ਵਾਸਤੇ ਆਉਣ ਵਾਲੀ ਵਾਧੂ ਮਾਇਕ ਸਹਾਇਤਾ ਬਾਰੇ ਨਿਸ਼ਚਿਤ ਜਾਣਕਾਰੀ ਦਿੱਤੀ ਜਾਵੇ। ਐਡਮੰਟਨ ਮੇਅਰ ਡੌਨ ਆਇਵਿਸਨ ਨੇ ਸਪਸ਼ਟ ਤੇ ਸਿੱਧਾ ਸਵਾਲ ਪੁਛਦਿਆਂ ਕਿਹਾ ਕਿ ਮੰਤਰੀ ਦੱਸਣ ਕਿ ਪਿਛਲੀ ਥ੍ਰੋਨ ਸਪੀਚ ਵੇਲੇ ਕੀਤਾ ਗਿਆ ਉਹ ਵਾਅਦਾ ਕਦੋਂ ਪੂਰਾ ਹੋਵੇਗਾ ਜਿਸ ਵਿੱਚ ਸਰਕਾਰ ਨੇ ਕਿਹਾ ਸੀ ਕਿ ਦੇਸ਼ ਦੀ ਸਭ ਤੋਂ ਵੱਡੀ ਤੇ ਪੁਰਾਣੀ ਬੇਘਰਿਆਂ ਦੀ ਸਮਸਿਆ ਨੂੰ ਦੂਰ ਕੀਤਾ ਜਾਵੇਗਾ। ਆਇਵਿਸਨ ਨੇ ਦੱਸਿਆ ਕਿ ਕ੍ਰਿਸਟੀਆ ਫ੍ਰੀਲੈਂਡ ਨੇ ਸਿਰਫ਼ ਮੀਟਿੰਗ ਕੀਤੀ ਹੈ ਤੇ ਇਸ ਦਾ ਕੋਈ ਨਤੀਜਾ ਨਹੀਂ ਨਿੱਕਲਿਆ ਹੈ।

# 10 ਜੂਨ ਤੋਂ ਬਾਦ ਅਲਬਰਟਾ ਦੇ ਸਿਨੇਮਾ ਘਰ,ਜਿਮ ਆਦਿ ਖੁੱਲ ਜਾਣਗੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਰੀ--ਪਨਿੰਗ ਦਾ ਦੂਸਰਾ ਪੜਾਅ 10 ਜੂਨ ਤੋਂ ਸ਼ੁਰੂ ਕੀਤੇ ਜਾ ਸਕਣ ਦੀ ਸੰਭਾਵਨਾ ਬਣ ਗਈ ਹੈ। ਸਰਕਾਰ ਵੱਲੋਂ ਐਲਾਨੇ ਗਏ ਪ੍ਰੋਗਰੈਮ ਮੁਤਾਬਕ ਜਦੋਂ ਹਸਪਤਾਲਾਂ ਵਿੱਚ ਕੋਵਿਡ-19 ਮਰੀਜ਼ਾਂ ਦੀ ਸੰਖਿਆ 500 ਤੋਂ ਘੱਟ ਅਤੇ ਵੈਕਸਿਨੇਸ਼ਨ ਹਾਸਲ ਕਰਨ ਵਾਲਿਆਂ ਦੀ ਗਿਣਤੀ 60% ਹੋ ਜਾਵੇਗੀ, ਤਾਂ ਰੀ--ਪਨਿੰਗ ਦਾ ਦੂਸਰਾ ਪੜਾਅ ਸ਼ੁਰੂ ਹੋ ਸਕੇਗਾ। ਅਜਿਹਾ ਹੋ ਗਿਆ ਹੈ। ਵੈਕਸਿਨੇਸ਼ਨ 60% ਤੋਂ ਵੱਧ ਲੋਕਾਂ ਦੀ ਹੋ ਗਈ ਹੈ ਤੇ ਹਸਪਤਾਲਾਂ ਵਿੱਚ ਦਾਖ਼ਲ ਵਿਅਕਤੀਆਂ ਦੀ ਗਿਣਤੀ 446 'ਤੇ ਆ ਗਈ ਹੈ। ਇਸ ਪੜਾਅ ਤਹਿਤ ਸਿਨੇਮਾ, ਥੀਏਟਰ, ਜਿਮ, ਮਿਉਜ਼ੀਅਮ ਅਤੇ ਆਰਟ ਗੈਲਰੀਆਂ ਖੁੱਲ ਸਕਣਗੇ ਜਿਹਨਾਂ ਵਿੱਚ ਕੁੱਲ ਸਮਰੱਥਾ ਦੀ ਇੱਕ ਤਿਹਾਈ ਸੰਖਿਆ ਵਿੱਚ ਲੋਕ ਅੰਦਰ ਜਾ ਸਕਣਗੇ। ਆਉਟਡੋਰ ਸੋਸ਼ਲ ਗੈਦਰਿੰਗ ਵਿੱਚ 20 ਅਤੇ ਛੋਟੇ ਸਮਾਜਕ ਅਤੇ ਸਭਿਆਚਰਕ ਇਕੱਠਾਂ ਵਿੱਚ 150 ਲੋਕ ਇਕੱਠੇ ਹੋ ਸਕਣਗੇ। ਦੂਸਰੇ ਪੜਾਅ ਹੇਠ ਇਨਡੋਰ ਫਿਟਨੈਸ ਸੈਸ਼ਨ ਸ਼ੁਰੂ ਹੋ ਸਕਣਗੇ ਪਰ 3 ਮੀਟਰ ਦੀ ਦੂਰੀ ਰੱਖਣੀ ਲਾਜ਼ਿਮ ਹੋਵੇਗੀ। ਪਰਸਨਲ ਵੈੱਲਨੈਸ ਆਦਿ ਸਰਵਿਸਿਜ਼ ਵੌਕ-ਇਨ ਸ਼ੁਰੂ ਹੋ ਜਾਣਗੀਆਂ।


## ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs




StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only



4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent


# ਆਈਸ ਫੀਲਡ ਦੁਰਘਟਨਾ ਬੀਤਣ ਦੇ ਇੱਕ ਸਾਲ ਬਾਦ ਬੱਸ ਸੇਵਾ ਮੁੜ ਚਾਲੂ ਹੋਈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਲੰਬੀਆ ਆਇਸ ਫੀਲਡ ਵਿੱਚ ਹੋਈ ਮਾਰੂ ਬੱਸ ਦੁਰਘਟਨਾ ਦੇ ਇੱਕ ਸਾਲ ਬੀਤ ਜਾਣ ਮਗਰੋਂ ਕੋਲੰਬੀਆ ਆਇਸ ਫੀਲਡ ਬੱਸ ਕੰਪਨੀ ਨੇ ਸੀਟ ਬੈਲਟਾਂ ਇਨਸਟੌਲ ਕਰਨ ਮਗਰੋਂ ਬੱਸ ਔਪਰੇਸ਼ਨ ਮੁੜ ਚਾਲੂ ਕਰਨ ਦਾ ਐਲਾਨ ਕੀਤਾ ਹੈ। 18 ਜੁਲਾਈ, 2020 ਵਾਲੇ ਦਿਨ ਇਹ ਬੱਸ ਦੁਰਘਟਨਾ ਹੋਈ ਸੀ ਜਿਸ ਵਿੱਚ 3 ਲੋਕ ਮਾਰੇ ਗਏ ਸਨ ਤੇ 14 ਹੋਰ ਜ਼ਖ਼ਮੀ ਹੋ ਗਏ ਸਨ। ਇਹ ਬੱਸ ਸੜਕ ਦੇ ਕਿਨਾਰੇ ਤੋਂ ਫਿਸਲ ਕੇ ਕਾਫੀ ਹੇਠਾਂ ਆ ਡਿੱਗੀ ਸੀ। ਬੱਸ ਕੰਪਨੀ 'ਪਰਸਿਊਟ' ਦਾ ਕਹਿਣਾ ਹੈ ਕਿ ਇਸ ਸਰਵਿਸ 21 ਮਈ ਤੋਂ ਚਾਲੂ ਕਰ ਦਿੱਤੀ ਗਈ ਹੈ। ਯਾਤਰੀਆਂ ਦੀ ਸੁਰੱਖਿਆ ਵਧੇਰੇ ਮਜ਼ਬੂਤ ਕਰਨ ਦੇ ਇਰਦੇ ਨਾਲ ਹੁਣ ਸੀਟ ਬੈਲਟ ਲਾਜ਼ਿਮ ਕਰ ਦਿੱਤੀ ਗਈ ਹੈ ਤੇ ਸੇਫ਼ਟੀ ਐਂਡ ਟ੍ਰੇਨਿੰਗ ਪ੍ਰੋਗਰੈਮ ਵਧਾਏ ਗਏ ਹਨ ਜਿਸ ਤਹਿਤ ਬੱਸ ਚਾਲਕਾਂ ਨੂੰ ਏਵਧੇਰੇ ਸਿੱਖਿਅਤ ਕੀਤਾ ਜਾ ਸਕੇਗਾ। ਬੱਸ ਹਾਦਸੇ ਵਿੱਚ ਪ੍ਰਭਾਵਿਤ ਹੋਏ ਯਾਤਰੀਆਂ ਵੱਲੋਂ ਬੱਸ ਕੰਪਨੀ ਵਿਰੁੱਧ ਦੋ ਮੁਕਦਮੇ ਵੀ ਕੀਤੇ ਗਏ ਹਨ।


## ਕੀ ਤੁਹਾਨੂੰ ਪਤਾ ਹੈ?
## ਤੁਹਾਡੇ ਘਰ ਦੀਆਂ ਚਾਬੀਆਂ ਖੁਸ਼ ਸਿੱਧੂ ਕੋਲ ਹਨ।



**Luxuria Homes Luxury Comes Standard**

LUXURIA HOMES
inspired homes for inspired living

Fully loaded Front Garage homes
**starting from low $450,000.00,**
1720 sqft with built in standard kitchen appliance package

- ਤੁਸੀਂ ਨਵਾਂ ਘਰ ਸਾਥੋਂ ਖਰੀਦੋ ਅਸੀਂ ਤੁਹਾਡਾ ਪੁਰਾਣਾ ਘਰ ਫਰੀ ਲਿਸਟ ਕਰਾਂਗੇ
- ਇੱਕ ਮਹੀਨੇ ਵਿੱਚ ਡੀਲ ਸਿਰੇ ਚਾੜਦੇ ਹੋ ਤਾਂ ਫਰੀ ਡੈੱਕ ਬਣਵਾ ਸਕਦੇ ਹੋ
- 36 ਫੁੱਟ ਚੌੜੀਆਂ ਰੈਗੂਲਰ ਰਵਾਇਤੀ ਲਾਟਾਂ
- 33 ਫੁੱਟ ਚੌੜੀਆਂ ਜ਼ੀਰੋ ਲਾਟਾਂ
- ਵਾਕ ਆਉਟ ਪੌਂਡ ਦੇ ਕਿਨਾਰੇ ਵਾਲੀਆਂ ਲਾਟਾਂ
- ਨਾਰਥ ਅਤੇ ਈਸਟ ਫੇਸ ਕਰਦੀਆਂ ਲਾਟਾਂ





ਕਾਰਨਰ ਸਟੋਨ ਵਿੱਚ ਨਵਾਂ ਘਰ ਖਰੀਦਣ ਲਈ ਸੰਪਰਕ ਕਰੋ
ਖੁਸ਼ ਸਿੱਧੂ ਕਮਿਓਨਿਟੀ ਮੈਨੇਜਰ
ਲਗਜ਼ਰੀਆ ਹੋਮਜ਼ ਕਾਰਨਰ ਸਟੋਨ ਕੈਲਗਰੀ

Above the Crowd!®

RE/MAX COMPLETE REALTY
REAL ESTATE PERFECTIONIST
(403) 918-0152

KHUSH SIDHU
B.B.A, S R E S, A B R
REALTOR

# ਬਰਫੀਲੀਆਂ ਢਿੱਗਾਂ ਡਿੱਗਣ ਕਾਨ ਦੋ ਸੈਲਾਨੀ ਮੌਤ ਦੇ ਮੂੰਹ ਜਾ ਪਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੈਸਪਰ ਨੈਸ਼ਨਲ ਪਾਰਕ ਦੀਆਂ ਪਹਾੜੀਆਂ ਤੋਂ ਬਰਫੀਲੀਆਂ ਢਿੱਗਾਂ ਡਿੱਗਣ ਕਾਰਨ 2 ਵਿਅਕਤੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ। ਪਾਰਕ ਦੇ ਕਮਿਊਨਿਕੇਸ਼ਨ ਔਫਿਸਰ ਸਟੀਵ ਯੰਗ ਦਾ ਕਹਿਣਾ ਹੈ ਕਿ ਕੋਲੰਬੀਆ ਆਇਸਫੀਲਡ ਵਿੱਚ ਪੈਂਦੀ ਮਾਊਂਟ ਐਂਡ੍ਰੋਮੀਡਾ ਤੋਂ ਇਹ ਬਰਫੀਲੀਆਂ ਢਿੱਗਾਂ ਬੀਤੇ ਐਤਵਾਰ ਸਵੇਰੇ ਪੌਣੇ 8 ਵਜੇ ਦੇ ਕਰੀਬ ਖਿਸਕਣੀਆਂ ਸ਼ੁਰੂ ਹੋਈਆਂ ਸਨ। ਕੁੱਝ ਲੋਕਾਂ ਨੇ ਐਵਾਲਾਂਚ ਦੇਖ ਕੇ ਪਾਰਕਸ ਕੈਨੇਡਾ ਨੂੰ ਸੂਚਿਤ ਕੀਤਾ। ਜਿਹਨਾਂ ਦੋ ਵਿਅਕਤੀਆਂ ਦੀ ਮੌਤ ਹੋਈ ਹੈ ਉਹ ਲਗਪਗ 3 ਹਜ਼ਾਰ ਮੀਟਰ ਦੀ ਉਚਾਈ 'ਤੇ ਸਨ। ਬੈਂਫ਼ ਅਤੇ ਜੈਸਪਰ ਤੋਂ ਗਈਆਂ ਰੈਸਕਿਉ ਟੀਮਾਂ ਅਤੇ ਡੌਗਜ਼ ਸਕੁਐਰਡ ਨੇ ਇਹਨਾਂ ਨੂੰ ਲੱਭਿਆ ਦੱਸਿਆ ਜਾਂਦਾ ਹੈ। ਸਟਾਰਜ਼ ਏਅਰ ਐਂਬੂਲੈਂਸ ਦੇ 3 ਹੈਲਿਕੌਪਟਰ ਰਵਾਨਾ ਕਰਨਾ ਪਏ ਦੱਸੇ ਜਾਂਦੇ ਹਨ। ਮਰਨ ਵਾਲੀਆਂ ਦੀ ਪਛਾਣ ਨਹੀਂ ਹੋ ਸਕੀ ਹੈ। ਬਾਕੀ ਸਾਰੇ ਲੋਕ ਸੁਰਖਿਅਤ ਦੱਸੇ ਗਏ ਹਨ।

## ਅਲ ਮਦੀਨਾ ਸੰਸਥਾ ਦੀ ਪ੍ਰਧਾਨ ਜਹੀਰਾ ਤਾਰਿਕ ਉੱਪਰ ਹਮਲਾ - ਬੁਰਕਾ ਫਾੜਨ ਦੀ ਕੋਸਿਸ ਕੀਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ 'ਅਲ-ਮਦੀਨਾ ਇਜ਼ਲਾਮਿਕ ਅਸੈਂਬਲੀ'ਜ਼ ਵਿਮੈਨ ਅਫੇਅਰਜ਼' ਦੀ ਪ੍ਰਧਾਨ ਜ਼ਹੀਰਾ ਤਾਰਿਕ ਉੱਪਰ ਹਮਲਾ ਹੋਣ ਦੀ ਖ਼ਬਰ ਹੈ। ਲੰਘੀ 30 ਮਈ ਵਾਲੇ ਦਿਨ ਬਾਦ ਦੁਪਹਿਰ ਸਵਾ 3 ਵਜੇ ਦੇ ਕਰੀਬ ਸੈਂਟਰ ਸਟ੍ਰੀਟ ਸੀ-ਟ੍ਰੇਨ ਸਟੇਸ਼ਨ ਉੱਪਰ ਇਹ ਹਮਲਾ ਹੋਇਆ ਦੱਸਿਆ ਜਾਂਦਾ ਹੈ। ਜ਼ਹੀਰਾ ਤਾਰਿਕ, ਟੈੱਲਸ ਕਨਵੈਂਸ਼ਨ ਸੈਂਟਰ ਤੋਂ ਕੋਰੋਨਾ ਵਾਇਰਸ ਵੈਕਸਿਨ ਲੈਣ ਉਪਰੰਤ ਵਾਪਸ ਪਰਤ ਰਹੀ ਸੀ ਜਦੋਂ ਗੋਰੇ ਮੂਲ ਦੇ ਇੱਕ ਵਿਅਕਤੀ ਨੇ ਉਸ ਦੇ ਪੁੱਤਰ ਨੂੰ ਕੰਧ ਵਿੱਚ ਧੱਕਾ ਮਾਰਿਆ ਤੇ ਜ਼ਹੀਰਾ ਦਾ ਹਿਜਾਬ ਫਾੜਣ ਲਈ ਉਸ ਦੇ ਮਗਰ ਦੌੜਿਆ। ਇਸ ਘਟਨਾ ਦੀ ਰਿਪੋਰਟ ਪੁਲਿਸ ਨੂੰ ਦੇ ਦਿੱਤੀ ਗਈ ਹੈ ਤੇ ਇਸ ਘਟਨਾ ਨੂੰ ਹੇਟ ਕ੍ਰਾਇਮ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਵੱਖ ਵੱਖ ਸੰਗਠਨਾਂ ਨੇ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ।

## ਅਲਬਰਟਾ ਦੇ ਸਕੂਲੀ ਕਬਰਸਤਾਨਾਂ ਹੇਠ ਦੱਬੇ ਕਨੇਡੀਅਨ ਇਤਿਹਾਸ ਦੇ ਕਾਲੇ ਪੰਨੇ ਲੱਭਣ ਲਈ ਫੰਡ ਜਾਰੀ ਹੋਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਸੂਬੇ ਵਿਚਲੇ ਸਾਬਕਾ ਰੈਜ਼ਿਡੈਂਸ਼ੀਅਲ ਸਕੂਲਾਂ ਦੇ ਕਬਰਿਸਤਾਨਾਂ ਦਾ ਪਤਾ ਲਗਾ ਕੇ ਉਹਨਾਂ ਦੀ ਜਾਂਚ ਕਰਨ ਵਾਸਤੇ ਫੰਡਿੰਗ ਜਾਰੀ ਕੀਤੀ ਜਾਵੇਗੀ ਤਾਂ ਕਿ ਪਤਾ ਲਗਾਇਆ ਜਾ ਸਕੇ ਕਿ ਇਤਿਹਾਸ ਦਾ ਕੋਈ ਕਾਲਾ ਪੰਨਾ ਇਹਨਾਂ ਸਕੂਲਾਂ ਹੇਠ ਵੀ ਦੱਬਿਆ ਹੋਇਆ ਹੈ ਜਾਂ ਨਹੀਂ। ਐਲਬਰਟਾ ਦੇ ਇੰਡਿਜਿਨੱਸ ਰਿਲੇਸ਼ਨਜ਼ ਮਨਿਸਟਰ ਰਿਕ ਵਿਲਸਨ ਵਲੋਂ ਜਾਰੀ ਇੱਕ ਸਟੇਟਮੈਂਟ ਵਿੱਚ ਕਿਹਾ ਕਿ ਜਿਹਨਾਂ ਮੌਤਾਂ ਬਾਰੇ ਕੋਈ ਸੂਚਨਾ ਦਰਜ ਨਹੀਂ ਹੈ।
















# ਕੀ ਜੂਨ ਮਹੀਨੇ ਅੰਦਰ ਦੇਸ਼ ਵਿੱਚ ਵੈਕਸੀਨ ਦੀ ਮਾਤਰਾ ਕਾਫੀ ਹੋ ਜਾਵੇਗੀ ?




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵਿੱਚ ਕੋਰੋਨਾ ਵਾਇਰਸ ਦੀ ਵੈਕਸਿਨ ਬਣਾਉਣ ਵਾਲੀ ਕੰਪਨੀ ਸੀਰਮ ਇੰਸਟੀਟਿਊਟ ਦਾ ਕਹਿਣਾ ਹੈ ਕਿ ਉਹਨਾਂ ਵੱਲੋਂ ਐਸਟ੍ਰਾ-ਜ਼ੈਨੇਕਾ ਦਵਾਈ ਬਣਾਉਣ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ। ਜੂਨ ਮਹੀਨੇ ਵਿੱਚ 40% ਉਤਪਾਦਨ ਵਧਾਉਣ ਦੀ ਗੱਲ ਕੰਪਨੀ ਨੇ ਕਹੀ ਹੈ। ਦੇਸ਼ ਦੀ ਬਹੁਤ ਵੱਡੀ ਅਬਾਦੀ ਦੀ 12% ਜਨਸੰਖਿਆ ਨੂੰ ਅਜੇ ਤੱਕ ਪਹਿਲਾ ਇੰਜੈਕਸ਼ਨ ਲਗਾਇਆ ਜਾ ਸਕਿਆ ਹੈ।

# ਮੂਲ ਨਿਵਾਸੀ ਭਾਈਚਾਰੇ ਦੇ ਲੋਕ ਆਰਸੀਐਮਪੀ ਤੋਂ ਕਿਨਾਰਾ ਕਰਨ ਲੱਗੇ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ)ਤਾਜ਼ਾ ਹਾਸਲ ਹੋਏ ਅੰਕੜਿਆਂ ਤੋਂ ਜਾਣਕਾਰੀ ਮਿਲ ਰਹੀ ਹੈ ਕਿ ਦੇਸ਼ ਦੀ ਰਾਸ਼ਟਰੀ ਪੁਲਿਸ - ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ - ਆਰ.ਸੀ.ਐਮ.ਪੀ. ਵਿੱਚ ਮੂਲ ਨਿਵਾਸੀ ਅਧਿਕਾਰੀਆਂ ਦੀ ਗਣਿਤੀ ਲਗਾਤਾਰ ਘਟਦੀ ਜਾ ਰਹੀ ਹੈ। ਪਿਛਲੇ 3 ਸਾਲਾਂ ਵਿੱਚ ਮੂਲ ਨਿਵਾਸੀ ਭਾਈਚਾਰਿਆਂ ਨਾਲ ਸੰਬੰਧਿਤ 102 ਅਧਿਕਾਰੀ ਸਰਵਿਸ ਛੱਡ ਚੁੱਕੇ ਹਨ।ਰਿਪੋਰਟ ਦੱਸਦੀ ਹੈ ਕਿ ਦੂਜੀਆਂ ਵਿਜ਼ਿਬਲ ਮਾਇਨੌਰਿਟੀ ਕਮਿਉਨਿਟੀਜ਼ ਨਾਲ ਸੰਬੰਧਿਤ ਲੋਕਾਂ ਦੀ ਠੀਕ-ਠਾਕ ਗਿਣਤੀ ਆਰ.ਸੀ.ਐਮ.ਪੀ. ਵਿੱਚ ਮੌਜੂਦ ਹੈ ਪਰ ਮੂਲ ਨਿਵਾਸੀ ਘਟਦੇ ਜਾ ਰਹੇ ਹਨ। ਇਸ ਦਾ ਕਾਰਨ ਮੰਨਿਆ ਜਾ ਰਿਹਾ ਹੈ ਕਿ ਮੂਲ ਨਿਵਾਸੀ ਭਾਈਚਾਰੀਆਂ ਨੂੰ ਇਸ ਪੁਲਿਸ ਫੋਰਸ 'ਤੇ ਭਰੋਸਾ ਨਹੀਂ ਰਿਹਾ ਹੈ ਜਿਸ ਕਰਕੇ ਉਹ ਇਸ ਫੋਰਸ ਵਿੱਚ ਕੰਮ ਹੀ ਨਹੀਂ ਕਰਨਾ ਚਾਹੁੰਦੇ। ਦੂਜੇ ਪਾਸੇ ਪਤਾ ਲੱਗਿਆ ਹੈ ਕਿ ਮੂਲ ਨਿਵਾਸੀ ਅਧਿਕਾਰੀਆਂ ਨਾਲ ਪੁਲਿਸ ਫੋਰਸ ਵਿੱਚ ਭੱਦਾ ਸਲੂਕ ਹੁੰਦਾ ਰਿਹਾ ਹੈ ਜਿਸ ਕਰਕੇ ਪਹਿਲਾਂ ਉਹ ਨੌਕਰੀਆਂ ਛੱਡਦੇ ਰਹੇ ਤੇ ਨਵੇ ਲੋਕ ਉਸ ਵਿੱਚ ਸ਼ਾਮਲ ਨਹੀਂ ਹੋ ਰਹੇ। ਪੁਲਿਸ ਫੋਰਸ ਛੱਡ ਚੁੱਕੇ ਕਈ ਸਾਬਕਾ ਅਫਸਰਾਂ ਦਾ ਕਹਿਣਾ ਹੈ ਕਿ ਉਹਨਾਂ ਨਾਲ ਬਹੁਤ ਮਾੜਾ ਵਿਹਾਰ ਹੁੰਦਾ ਰਿਹਾ ਤੇ ਉਹਨਾਂ ਪ੍ਰਤੀ ਨਫ਼ਰਤ ਸਾਫ ਝਲਕਦੀ ਦੇਖੀ ਜਾ ਸਕਦੀ ਸੀ।

# ਸਾਇਦ ਇਸ ਮਹੀਨੇ ਕਨੇਡਾ ਦਾ ਨਵਾਂ ਗਵਰਨਰ ਜਨਰਲ ਵੀ ਚੁਣਿਆ ਜਾਵੇ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਮਨਿਸਟਰ ਔਫ਼ ਇੰਟਰ-ਗਵਰਨਮੈਂਟਲ ਅਫੇਅਰਜ਼, ਡੌਮਿਨਿਕ ਲੌਬਲੌਅ ਨੇ ਦੱਸਿਆ ਹੈ ਕਿ ਦੇਸ਼ ਦੇ ਨਵੇਂ ਗਵਰਨ ਜਨਰਲ ਦੇ ਨਾਮ ਦਾ ਐਲਾਨ ਜੂਨ ਮਹੀਨੇ ਦੇ ਅਖੀਰ ਤੱਕ ਕੀਤਾ ਜਾ ਸਕਦਾ ਹੈ। ਚਾਰ ਮਹੀਨੇ ਪਹਿਲਾਂ ਦੇਸ਼ ਦੀ ਗਵਰਨਰ ਜਨਰਲ ਜੂਲੀ ਪਾਇਐਟ ਨੇ ਵਿਵਾਦਾਂ ਵਿੱਚ ਫਸਣ ਮਗਰੋਂ ਆਪਣੇ ਅਹੁਦੇ ਤੋਂਅਸਤੀਫਾ ਦੇ ਦਿੱਤਾ ਸੀ ਤੇ ਉਸ ਮਗਰੋਂ ਦੇਸ਼ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ, ਮਿਸਟਰ ਜਸਟਿਸ ਰਿਚਰਡ ਵੈਗਨਰ ਦੇਸ਼ ਦੇ ਪ੍ਰਸ਼ਾਸਕ ਵਜੋਂ ਸੇਵਾਵਾਂ ਦੇ ਰਹੇ ਹਨ। ਮਨਿਸਟਰ ਲੌਬਲੌਅ ਨੇ ਦੱਸਿਆ ਕਿ ਸੰਭਾਵਿਤ ਉਮੀਦਵਾਰਾਂ ਦੀ ਪੁਣ-ਛਾਣ ਕੀਤੀ ਜਾ ਰਹੀ ਹੈ।

# ਰੇਲ ਰਾਹੀਂ ਕੈਨੇਡੀਅਨ ਕੱਚੇ ਤੇਲ ਦੀ ਢੋਆ-ਢੁਆਈ ਵਿੱਚ ਇਸ ਸਾਲ ਮਾਰਚ ਮਹੀਨੇ ਦੌਰਾਨ 57% ਦਾ ਵਾਧਾ ਦਰਜ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਦ ਕੈਨੇਡਾ ਐਨਰਜੀ ਰੈਗੁਲੇਟਰ - ਸੀ.ਈ.ਆਰ. ਦਾ ਕਹਿਣਾ ਹੈ ਕਿ ਰੇਲ ਰਾਹੀਂ ਕੈਨੇਡੀਅਨ ਕੱਚੇ ਤੇਲ ਦੀ ਢੋਆ-ਢੁਆਈ ਵਿੱਚ ਇਸ ਸਾਲ ਮਾਰਚ ਮਹੀਨੇ ਦੌਰਾਨ 57% ਦਾ ਵਾਧਾ ਦਰਜ ਕੀਤਾ ਗਿਆ ਹੈ। ਫਰਬਰੀ ਮਹੀਨੇ ਵਿੱਚ ਪ੍ਰਤੀ ਦਿਨ 1 ਲੱਖ 11 ਹਜ਼ਾਰ 900 ਬੈਰਲ ਕੱਚਾ ਤੇਲ ਰੇਲਾਂ ਰਾਹੀਂ ਢੋਇਆ ਜਾ ਰਿਹਾ ਸੀ ਤੇ ਮਰਚ ਮਹੀਨੇ ਵਿੱਚ ਇਹ ਮਾਤਰਾ ਵਧ ਕੇ 1 ਲੱਖ 75 ਹਜ਼ਾਰ 580 ਬੈਰਲ ਕੱਚਾ ਤੇਲ 'ਤੇ ਪਹੁੰਚ ਗਈ। ਪਿਛਲੇ ਸਾਲ ਦੇ ਇਹਨਾਂ ਮਹੀਨਿਆਂ ਦੇ ਮੁਕਾਬਲੇ ਇਸ ਸਾਲ ਦੀ ਮਾਤਰਾ ਫਿਰ ਵੀ ਘੱਟ ਦਰਜ ਕੀਤੀ ਗਈ ਹੈ। ਪਿਛਲੇ ਸਾਲ ਫ਼ਰਬਰੀ ਵਿੱਚ ਇਹ ਮਾਤਰਾ ਸਿਖ਼ਰਾਂ 'ਤੇ ਚਾਲੀ ਗਈ ਸੀ ਪਰ ਜੁਲਾਈ ਆਉਂਦੇ ਆਉਂਦੇ ਇਹ ਕਾਫੀ ਘਟ ਗਈ ਸੀ। ਪਾਇਪ-ਲਾਇਨ ਦੇ ਮੁਕਾਬਲੇ ਰੇਲਾਂ ਰਾਹੀ ਕੱਚੇ ਤੇਲ ਦੀ ਢੋਆ ਢੁਆਈ ਕਾਫੀ ਮਹਿੰਗੀ ਪੈਂਦੀ ਹੈ। ਸੀ.ਈ.ਆਰ. ਦੇ ਮੁਤਾਬਕ ਕੈਨੇਡਾ ਨੇ ਮਾਰਚ ਮਹੀਨੇ ਵਿੱਚ 3.66 ਮਿਲੀਅਨ ਬੈਰਲ ਕੱਚਾ ਤੇਲ ਹਰ ਰੋਜ਼ ਐਕਸਪੋਰਟ ਕੀਤਾ ਤੇ ਇਹ ਮਾਤਰਾ ਫਰਬਰੀ ਦੇ ਮੁਕਾਬਲੇ ਘੱਟ ਦਰਜ ਹੋਈ ਹੈ।

## ਦਿਲ ਹੋਣਾ ਚਾਹੀਦੈ ਜਵਾਨ –

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੇ ਤੀਜੀ ਵਾਰ ਲਾਵਾਂ ਫੇਰਿਆਂ ਵਾਲੀ ਰਸਮਾਂ ਨਿਭਾਈਆਂ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਨਸਨ ਨੇ ਆਪਣੀ ਮੰਗੇਤਰ ਕੈਰੀ ਸਾਇਮੰਡਜ਼ ਨਾਲ ਵੈਸਟਮਿੰਸਟਰ ਚਰਚ ਵਿੱਚ ਇੱਕ ਗੁਪਤ ਤੇ ਯੋਜਨਬੱਧ ਸਮਾਗਮ ਤਹਿਤ ਵਿਆਹ ਕਰਵਾ ਲਿਆ ਹੈ। ਡਾਊਨਿੰਗ ਸਟ੍ਰੀਟ ਦੇ ਬੁਲਾਰੇ ਮੁਤਾਬਕ ਇਹ ਵਿਆਹ ਸ਼ਨੀਵਾਰ (29 ਮਈ) ਦੀ ਦੁਪਹਿਰ ਨੂੰ ਇੱਕ "ਛੋਟੇ ਸਮਾਗਮ" ਤਹਿਤ ਹੋਇਆ। ਵਿਆਹ ਦੇ ਜਸ਼ਨ ਅਗਲੇ ਸਾਨ ਗ਼ਰਮੀਆਂ ਵਿੱਚ ਮਨਾਏ ਜਾਣਗੇ। ਲਗਪਗ 200 ਸਾਲਾਂ ਦੇ ਇਤਿਹਾਸ ਵਿੱਚ ਜੌਨਸਨ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਆਪਣੇ ਅਹੁਦੇ 'ਤੇ ਰਹਿੰਦਿਆਂ ਵਿਆਹ ਕਰਵਾਇਆ ਹੈ। ਇਸ ਤੋਂ ਪਹਿਲਾਂ ਬੌਰਿਸ ਜੌਨਸਨ ਦੇ ਦੋ ਵਿਆਹ ਹੋ ਚੁੱਕੇ ਹਨ। ਇਹ ਉਨ੍ਹਾਂ ਦਾ ਤੀਜਾ ਵਿਆਹ ਸੀ। ਕੈਰੀ ਸਾਇਮੰਡਜ਼ ਅਤੇ ਬੌਰਿਸ ਜੌਨਸਨ ਨੇ ਆਪਣੀ ਮੰਗਣੀ ਬਾਰੇ ਸਾਲ ਦੇ ਸ਼ੁਰੂਆਤ ਵਿੱਚ ਹੀ ਦੱਸਿਆ ਸੀ। ਪ੍ਰਾਇਮ ਮਨਿਸਟਰ ਜੌਨਸਨ ਦੀ ਉਮਰ 57 ਸਾਲ ਅਤੇ ਉਹਨਾਂ ਦੀ ਪਤਨੀ ਦੀ ਉਮਰ 33 ਸਾਲ ਦੱਸੀ ਗਈ ਹੈ।

# ਚੀਨ ਦੀ ਸਰਕਾਰ ਨੇ ਬਦਲੇ ਨਿਯਮ, ਹੁਣ 3 ਬੱਚੇ ਪੈਦਾ ਕਰ ਸਕਣਗੇ ਜੋੜੇ

ਬੀਜਿੰਗ (ਪੰਜਾਬੀ ਅਖਬਾਰ ਬਿਊਰੋ)- ਚੀਨ ਦੀ ਕਮਿਊਨਿਸਟੀ ਪਾਰਟੀ ਨੇ ਬਜ਼ੁਰਗ ਹੁੰਦੀ ਦੇਸ਼ ਦੀ ਆਬਾਦੀ ਦੇ ਮੱਦੇਨਜ਼ਰ ਬੱਚਿਆਂ ਦੇ ਜਨਮ 'ਤੇ ਲਾਗੂ ਸੀਮਾ ਵਿੱਚ ਹੋਰ ਢਿੱਲ ਦੇਣ ਦਾ ਫ਼ੈਸਲਾ ਲਿਆ ਹੈ। ਚੀਨ ਸਰਕਾਰ ਨੇ ਪਰਿਵਾਰ ਨਿਯੋਜਨ ਦੇ ਨਿਯਮਾਂ ਵਿੱਚ ਢਿੱਲ ਦੇਣ ਦਾ ਐਲਾਨ ਕਰ ਦਿੱਤਾ ਹੈ ਜਿਸ ਮੁਤਾਬਕ ਜੋੜੇ 2 ਦੀ ਬਜਾਏ 3 ਬੱਚਿਆਂ ਨੂੰ ਜਨਮ ਦੇ ਸਕਦੇ ਹਨ। ਸਰਕਾਰੀ ਸਮਾਚਾਰ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਚੀਨੀ ਮੀਡੀਆ ਮੁਤਾਬਕ ਨਵੀਂ ਪਾਲਿਸੀ ਨੂੰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਮਨਜ਼ੂਰੀ ਮਿਲ ਗਈ ਹੈ। ਮਤਲਬ ਦਹਾਕਿਆਂ ਤੋਂ ਚੱਲ ਆ ਰਹੀ ਟੂ-ਚਾਈਲਡ ਪਾਲਿਸੀ ਨੂੰ ਹੁਣ ਚੀਨ ਵਿੱਚ ਖ਼ਤਮ ਕਰ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਸਾਹਮਣੇ ਆਏ ਆਬਾਦੀ ਸਬੰਧੀ ਅੰਕੜਿਆਂ ਤੋਂ ਪਤਾ ਚੱਲਿਆ ਸੀ ਕਿ ਬੀਤੇ ਇੱਕ ਦਹਾਕੇ ਵਿੱਚ ਚੀਨ ਵਿੱਚ ਕੰਮਕਾਜੀ ਉਮਰ ਵਰਗ ਦੀ ਆਬਾਦੀ ਵਿੱਚ ਕਮੀ ਆਈ ਹੈ ਅਤੇ 65 ਸਾਲ ਤੋਂ ਵੱਧ ਉਮਰ ਵਰਗੇ ਦੇ ਲੋਕਾਂ ਦੀ ਗਿਣਤੀ ਵਧੀ ਹੈ ਜਿਸ ਦਾ ਅਸਰ ਸਮਾਜ ਅਤੇ ਅਰਥ-ਵਿਵਸਥਾ 'ਤੇ ਪੈ ਰਿਹਾ ਹੈ।ਸ਼ਿਨਹੂਆ ਸਮਾਚਾਰ ਏਜੰਸੀ ਵੱਲੋਂ ਦੱਸਿਆ ਗਿਆ ਕਿ ਸੱਤਾਧਾਰੀ ਦਲ ਦੇ ਪੋਲਿਤ ਬਿਊਰੋ ਦੀ ਹੋਈ ਬੈਠਕ ਵਿੱਚ ਤੈਅ ਹੋਇਆ ਕਿ ਚੀਨ ਬਜ਼ੁਰਗ ਹੁੰਦੀ ਆਬਾਦੀ ਤੋਂ ਸਰਗਰਮ



ਤੌਰ 'ਤੇ ਨਜਿੱਠਣ ਲਈ ਪ੍ਰਮੁੱਖ ਨੀਤੀਆਂ ਅਤੇ ਉਪਾਅ ਲਿਆਵੇਗਾ।"ਰਿਪੋਰਟ ਵਿੱਚ ਕਿਹਾ ਗਿਆ ਕਿ ਪਾਰਟੀ ਦੇ ਨੇਤਾਵਾਂ ਨੇ ਕਿਹਾ ਕਿ ਜਨਮ ਦੇਣ ਦੀ ਉਮਰ ਸੀਮਾ ਵਿੱਚ ਢਿੱਲ ਦੇਵਾਂਗੇ, ਜਿਸ ਦੇ ਤਹਿਤ ਜੋੜਾ 3 ਬੱਚਿਆਂ ਨੂੰ ਵੀ ਜਨਮ ਦੇ ਸਕਦਾ ਹੈ ਅਤੇ ਇਸ ਨਾਲ ਜੁੜੇ ਹੋਰ ਕਦਮ ਚੁੱਕਣ ਨਾਲ ਚੀਨ ਦੇ ਆਬਾਦੀ ਸੰਬੰਧੀ ਢਾਂਚੇ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ।"ਜੋੜਿਆਂ ਦੇ ਇੱਕ ਹੀ ਬੱਚਾ ਪੈਦਾ ਕਰਨ ਦੀ ਇਜਾਜ਼ਤ ਸਬੰਧੀ ਨਿਯਮਾਂ ਵਿੱਚ 2015 ਵਿੱਚ ਢਿੱਲ ਦਿੱਤੀ ਗਈ ਸੀ ਅਤੇ ਦੋ ਬੱਚਿਆਂ ਨੂੰ ਜਨਮ ਦੇਣ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਮਗਰੋਂ ਇੱਕ ਸਾਲ ਬਾਅਦ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਪਰ ਬਾਅਦ ਵਿੱਚ ਇਸ ਵਿੱਚ ਕਮੀ ਦੇਖੀ ਗਈ।ਅੰਕੜਿਆਂ ਮੁਤਾਬਕ 2010 ਤੋਂ 2020 ਦੇ ਵਿੱਚ ਚੀਨ ਵਿੱਚ ਆਬਾਦੀ ਵੱਧਣ ਦੀ ਗਤੀ 0.3 ਫ਼ੀਸਦੀ ਸੀ ਜਦਕਿ ਸਾਲ 2000 ਤੋਂ 2010 ਦੇ ਵਿੱਚਕਾਰ ਇਹ ਗਤੀ 0.57 ਫ਼ੀਸਦੀ ਸੀ ਮਤਲਬ 2 ਦਹਾਕਿਆਂ ਵਿੱਚ ਚੀਨ ਵਿੱਚ ਆਬਾਦੀ ਵੱਧਣ ਦੀ ਗਤੀ ਘੱਟ ਗਈ ਹੈ। ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਸਾਲ 2020 ਵਿੱਚ ਚੀਨ ਵਿੱਚ ਸਿਰਫ਼ 12 ਮਿਲੀਅਨ ਬੱਚੇ ਪੈਦਾ ਹੋਏ ਜਦਕਿ 2016 ਵਿੱਚ ਇਹ ਅੰਕੜਾ 18 ਮਿਲੀਅਨ ਸੀ। ਮਤਲਬ ਚੀਨ ਵਿੱਚ ਸਾਲ 1960 ਦੇ ਬਾਅਦ ਤੋਂ ਬੱਚਿਆਂ ਦੇ ਪੈਦਾ ਹੋਣ ਦੀ ਗਿਣਤੀ ਸਭ ਤੋਂ ਘੱਟ ਸੀ।

# ਕਰੋਨਾ ਤੋਂ ਬਚਾਓ ਸਬੰਧੀ ਫੈਡਰਲ ਪਬਲਿਕ ਹੈਲਥ ਏਜੰਸੀ ਔਫ਼ ਕੈਨੇਡਾ ਦੀ ਵੱਡੀ ਨਲਾਇਕੀ ਸਾਹਮਣੇ ਆਈ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਔਡਿਟਰ ਜਨਰਲ ਵੱਲੋਂ ਜਾਰੀ ਰਿਪੋਰਟ ਵਿੱਚ ਕੋਵਿਡ-19 ਦੀ ਮਹਾਮਾਰੀ ਨਾਲ ਵਾਸਤੇ ਫੈਡਰਲ ਪਬਲਿਕ ਹੈਲਥ ਏਜੰਸੀ ਔਫ਼ ਕੈਨੇਡਾ ਦੀ ਵੱਡੀ ਨਲਾਇਕੀ ਦੱਸੀ ਗਈ ਹੈ ਤੇ ਇਸ ਰਿਪੋਰਟ ਦਾ ਕਹਿਣਾ ਹੈ ਕਿ ਫੈਡਰਲ ਏਜੰਸੀ, ਸਾਰੀ ਜਾਣਕਾਰੀ ਹੋਣ ਦੇ ਬਾਵਜੂਦ ਖ਼ੁਦ ਨੂੰ ਤਿਆਰ ਨਹੀਂ ਕਰ ਸਕੀ ਤੇ ਵਾਇਰਸ ਦਾ ਹਮਲਾ ਬਹੁਤ ਖ਼ਤਰਨਾਕ ਰੂਪ ਲੈ ਗਿਆ। ਰਿਪੋਰਟ ਕਹਿੰਦੀ ਹੈ ਕਿ ਨੈਸ਼ਨਲ ਐਮਰਜੰਸੀ ਸਟ੍ਰੀਟਿਜਿਕ ਸਟੌਕਪਾਇਲ ਦੀਆਂ ਤਿਆਰੀਆਂ ਵਿੱਚ ਵੀ ਵੱਡੀਆਂ ਖਾਮੀਆਂ ਸਨ। ਔਡਿਟਰ ਜਨਰਲ ਕੈਰੇਨ ਹੋਗੈਨ ਦਾ ਕਹਿਣਾ ਹੈ ਕਿ ਸ਼ੁਰੂ ਵਿੱਚ ਹੀ ਪੀਪੀਈ ਕਿਟਸ ਦੀ ਭਾਰੀ ਕਮੀ ਦਾ ਸਾਹਮਣਾ ਕਰਨ ਪਿਆ ਤੇ ਕਈ ਹੋਰ ਮੈਡਿਕਲ ਐਕੁਇਪਮੈਂਟਸ ਤੇ ਡਿਵਾਇਸਿਜ਼ ਹਾਸਲ ਕਰਨ ਵਿੱਚ ਦਿੱਕਤਾਂ ਆਈਆਂ। ਸੰਸਥਾ ਵਲੋਂ ਨਾ ਇਨਵੈਨਟੌਰੀ 'ਤੇ ਕੰਟਰੋਲ ਸੀ ਤੇ ਨਾ ਹੀ ਇਹ ਪਤਾ ਸੀ ਕਿਹੜਾ ਸਮਾਨ ਕਿੰਨਾ ਤੇ ਕਦੋਂ ਚਾਹੀਦਾ ਹੈ। ਐਨ-95 ਰੈਸਪਿਰੇਟੋਰਜ਼, ਟੈਸਟਿੰਗ ਸਵੌਬਜ਼ ਅਤੇ ਵੈਂਟਿਲੇਟਰਜ਼ ਦੀ ਸਪਲਾਇ ਵਿੱਚ ਵੀ ਲਗਤਾਰ ਅੜਚਨ ਪੈਂਦੀ ਰਹੀ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਬਲਿਕ ਹੈਲਥ ਏਜੰਸੀ ਕੋਲ ਤਾਂ ਤਾਂ ਅੰਕੜੇ ਵੀ ਸਹੀ ਤੇ ਸਮੇਂ ਸਿਰ ਨਹੀਂ ਆ ਰਹੇ ਸਨ। ਫੈਡਰਲ ਹੈਲਥਮ ਮਨਿਸਟਰ ਪੈਟੀ ਹਾਇਡੂ ਨੇ ਇਸ ਤਿੱਖੀ ਰਿਪੋਰਟ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਸਰਕਾਰ ਲਈ ਇਹ ਵੱਡਾ ਸਬਕ ਹੈ ਤੇ ਇਸ ਤੋਂ ਅਗੋਂ ਲਈ ਵਧੇਰੇ ਸਮਰਥਾ ਨਾਲ ਤਿਆਰ ਹੋ ਸਕਣ ਦਾ ਕੰਮ ਕੀਤਾ ਜਾ ਸਕੇਗਾ।

# ਅਮੈਰਿਕਨ ਪ੍ਰੋਡਿਊਸਰਾਂ ਦਾ ਕਹਿਣਾ ਹੈ ਕਿ ਕੈਨੇਡਾ ਦੀ ਮਾਰਕਿਟ ਵਿੱਚ ਉਹਨਾਂ ਨੂੰ ਉਹਨਾਂ ਦਾ ਬਣਦਾ ਹਿੱਸਾ ਨਹੀਂ ਦਿੱਤਾ ਜਾ ਰਿਹਾ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਅਮੈਰਿਕਨ ਡੇਅਰੀ ਉਤਪਾਦਾਂ ਦੀ ਵਿੱਕਰੀ ਨੂੰ ਲੈ ਕੇ ਅਮੈਰਿਕਾ ਨੇ ਕੈਨੇਡਾ ਨਾਲ ਨਵਾਂ ਝਗੜਾ ਸ਼ੁਰੂ ਕਰ ਦਿੱਤਾ ਹੈ। ਨਵਾਂ ਨੈਫ਼ਟਾ ਕਾਨੂੰਨ ਲਾਗੂ ਕੀਤੇ ਜਾਣ ਮਗਰੋਂ ਅਮੈਰਿਕਾ ਨੇ ਪਹਿਲਾਂ ਲੰਬਰ ਤੇ ਫਿਰ ਸਟੀਲ 'ਤੇ ਰੱਫੜ ਪਾਇਆ ਸੀ ਤੇ ਹੁਣ ਡੇਅਰੀ ਪ੍ਰੋਡਕਟਸ ਉਸ ਦੇ ਨਿਸ਼ਾਨੇ 'ਤੇ ਆ ਗਏ ਹਨ। ਯੂ.ਐਸ. ਟ੍ਰੇਡ ਰੈਪ੍ਰਿਜ਼ੈਂਟੇਟਿਵ ਕੈਥਰਿਨ ਟਾਇ ਨੇ ਡਿਸਪਿਊਟ ਸੈਟਲਮੈਂਟ ਪੈਨਲ ਨੂੰ ਕਿਹਾ ਹੈ ਕਿ ਉਹ ਅਮੈਰਿਕਨ ਪ੍ਰੋਡਿਊਸਰਾਂ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਦੀ ਜਾਂਚ ਕਰੇ। ਇਹਨਾਂ ਅਮੈਰਿਕਨ ਪ੍ਰੋਡਿਊਸਰਾਂ ਦਾ ਕਹਿਣਾ ਹੈ ਕਿ ਕੈਨੇਡਾ ਦੀ ਮਾਰਕਿਟ ਵਿੱਚ ਉਹਨਾਂ ਨੂੰ ਉਹਨਾਂ ਦਾ ਬਣਦਾ ਹਿੱਸਾ ਨਹੀਂ ਦਿੱਤਾ ਜਾ ਰਿਹਾ ਤੇ ਨਵੇਂ ਕਾਨੂੰਨ ਦੇ ਹੋਂਦ ਵਿੱਚ ਆਉਣ ਮਗਰੋਂ ਸਪਲਾਈ ਮੈਨੇਜਮੈਂਟ ਨੂੰ ਕੈਨੇਡੀਅਨ ਉਤਪਾਦਾਂ ਦਾ ਪ੍ਰਬੰਧ ਦੇ ਦਿੱਤਾ ਗਿਆ ਹੈ। ਜੋ ਬਾਇਡਨ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਅਮੈਰਿਕਨ ਪ੍ਰੋਡਿਊਸਰਾਂ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ ਤੇ ਅਮੈਰਿਕਨ ਪ੍ਰੋਡਕਟਾਂ, ਕੈਨੇਡੀਅਨ ਕੰਜ਼ਿਊਮਰਾਂ ਨੂੰ ਵੇਚੇ ਜਾਣ ਦੇ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ।

# ਵਟਸਐਪ ਆਲਿਆਂ ਦਾ ਇੰਡੀਆ ਸਰਕਾਰ ਨਾਲ ਪੇਚਾ ਪੈ ਗਿਐ !



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਸਰਕਾਰ ਨੇ ਬੀਤੀ 26 ਮਈ ਤੋਂ ਤੋਂ ਲਾਗੂ ਕੀਤੇ ਨਵੇਂ ਡਿਜਿਟਲ ਮੀਡੀਆ ਨਿਯਮਾਂ ਦੇ ਹਵਾਲੇ ਨਾਲ ਸਾਰੇ ਔਨਲਾਇਨ ਨਿਊਜ਼ ਪੋਰਟਲਾਂ ਆਦਿ ਨੂੰ 15 ਦਿਨਾਂ ਵਿੱਚ ਨਵੇਂ ਰੂਲ ਪਾਲਨ ਕਰਨ ਸੰਬੰਧੀ ਬਿ?ਰਾ ਜਮ੍ਹਾ ਕਰਵਾਉਣ ਨੂੰ ਕਿਹਾ ਹੈ। ਇਸ ਤਹਿਤ ਸਾਰੇ ਸੋਸ਼ਲ ਮੀਡੀਆ ਅਦਾਰਿਆਂ, ਨਿਊਜ਼ ਪੋਰਟਲਾਂ, ਆਪੋ ਆਪਣੇ ਚੈਨਲ ਚਲਾਉਣ ਵਾਲਿਆਂ ਨੂੰ ਕਿਹਾ ਗਿਆ ਹੈ ਕਿ ਇਹ ਕੋਡ ਔਫ਼ ਕੰਡਕਟ ਬਣਾਉਣਗੇ, 3 ਪੱਧਰੀ ਸ਼ਿਕਾਇਤ ਦੂਰ ਕਰਨ ਵਾਲੀ ਕਮੇਟੀ ਬਣਾਉਣਗੇ ਤੇ 72 ਘੰਟੇ ਦੇ ਅੰਦਰ ਅੰਦਰ ਰੋਕੀ ਗਈ ਸਮਗੱਰੀ ਹਟਾਉਣਗੇ। ਵੱਟਸਐਪ ਨੇ ਇਸ ਸੰਬੰਧੀ ਕੇਸ ਕਰ ਦਿੱਤਾ ਤੇ ਫੇਸਬੁਕ ਅਤੇ ਟਵਿਟਰ ਵਾਲੇ ਇਸ ਸੰਬੰਧੀ ਚਰਚਾ ਕਰ ਰਹੇ ਹਨ।

# ਦਿਗਜ ਨੇਤਾਵਾਂ ਨੂੰ ਸੁਖਬੀਰ ਨੇ ਕੀਤਾ ਜ਼ੀਰੋ, ਆਪ ਬਣਿਆ ਪੰਥਕ ਸਿਆਸਤ ਦਾ ਹੀਰੋ



ਬਾਘਾ ਪੁਰਾਣਾ (ਪੰਜਾਬੀ ਅਖਬਾਰ ਬਿਊਰੋ)- ਆਪਣੀ ਉਮਰ ਦੇ ਵੱਡੇ ਹਿੱਸੇ ਨੂੰ ਪੰਥ ਦੇ ਰਾਜਨੀਤਿਕ ਪਲੈਟਫ਼ੌਰਮ (ਅਕਾਲੀ ਦਲ) ਉੱਪਰ ਸਰਗਰਮ ਰਹਿਣ ਵਾਲੇ ਬਜ਼ੁਰਗ ਆਗੂਆਂ ਵਲੋਂ ਆਪਣੇ ਆਪ ਨੂੰ ਖੁੱਡੇ ਲਾਇਆ ਜਾਂਦਾ ਵੇਖ ਹੁਣ ਅਕਾਲੀ ਦਲ 'ਚ ਏਕਾਧਿਕਾਰ ਜਗਾਈ ਬੈਠੇ ਇੱਕੋ ਪਰਿਵਾਰ ਖ਼ਿਲਾਫ਼ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ ਜਾ ਰਿਹਾ ਹੈ। ਮੋਹਰਲੀ ਕਤਾਰ ਦੇ ਅਕਾਲੀ ਨੇਤਾਵਾਂ ਨੇ ਭਾਵੇਂ ਕੁਝ ਸਮਾਂ ਪਹਿਲਾਂ ਅਜਿਹੇ ਖ਼ਤਰੇ ਨੂੰ ਭਾਂਪਦਿਆਂ ਅਕਾਲੀ ਦਲ ਦੇ ਸੁਪਰੀਮੋ (ਸਰਪ੍ਰਸਤ) ਤਕ ਕਿਵੇਂ ਨਾਂ ਕਿਵੇਂ ਆਪਣਾ ਸੁਨੇਹਾ ਤਾਂ ਪੁੱਜਦਾ ਕਰ ਦਿੱਤਾ ਸੀ, ਪਰੰਤੂ ਉਸ ਸੁਨੇਹੇ ਨੂੰ ਗੰਭੀਰਤਾ ਨਾਲ ਨਾ ਲਿਆ ਗਿਆ ਹੋਣ ਕਰ ਕੇ ਅੱਜ ਤਕ ਉਹੀ ਸਰਗਰਮੀਆਂ ਜਾਰੀ ਹਨ।

ਇਸੇ ਕਰਕੇ ਅਕਾਲੀ ਦਲ 'ਚ ਹੜਕੰਪ ਮੱਚਿਆ ਪਿਆ ਹੈ।ਅਕਾਲੀ ਦਲ ਦੇ ਬਾਬਾ ਬੋਹੜ ਮੰਨੇ ਜਾਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੇ ਭਾਵੇਂ ਆਪਣੀ ਸੁੱਘੜ ਸਿਆਸਤ ਕਰ ਕੇ ਅਜਿਹੇ ਕਿਸੇ ਵੀ ਆਗੂ ਨੂੰ ਆਪਣੇ ਬਰਾਬਰ ਖੜ੍ਹਾ ਨਹੀਂ ਹੋਣ ਦਿੱਤਾ ਜਿਹੜਾ ਉਸ ਲਈ ਜਾਂ ਉਸ ਦੇ ਸਿਆਸੀ ਵਾਰਿਸ ਲਈ ਚੁਣੌਤੀ ਬਣ ਸਕਦਾ ਹੋਵੇ, ਪਰ ਅੱਜ ਦੀ ਸਿਆਸਤ 'ਚ ਅਜਿਹੀਆਂ ਚਲਾਕੀਆਂ ਲਈ ਕੋਈ ਥਾਂ ਨਹੀਂ। ਇਹੀ ਕਾਰਨ ਹੈ ਕਿ ਅਕਾਲੀ ਦਲ ਦੇ ਵੱਡੇ ਨੇਤਾਵਾਂ ਨੇ ਆਪਣੇ ਆਪ ਨੂੰ ਵੱਖ ਕਰ ਕੇ ਵੱਖ-ਵੱਖ ਧੜੇ ਬਣਾ ਲਏ ਹਨ ਅਤੇ ਕਈ ਨੇਤਾਵਾਂ ਨੇ ਕਾਂਗਰਸ 'ਚ ਸ਼ਮੂਲੀਅਤ ਕਰ ਕੇ ਆਪਣੀ ਹੋਂਦ ਨੂੰ ਐਨਾ ਮਜ਼ਬੂਤ ਕਰ ਲਿਆ ਹੈ ਕਿ ਹੁਣ ਉਨ੍ਹਾਂ ਮੂਹਰੇ ਕੋਈ ਵੱਡਾ ਆਗੂ ਚੁਣੌਤੀ ਨਹੀਂ ਬਣ ਸਕਦਾ।ਮਨਪ੍ਰੀਤ ਸਿੰਘ ਬਾਦਲ ਨੂੰ ਇਸੇ ਹੀ ਸੰਦਰਭ 'ਚ ਵੇਖਿਆ ਜਾ ਸਕਦਾ ਹੈ ਜਿਸ ਮੂਹਰੇ ਬਾਦਲ ਪਰਿਵਾਰ ਦੇ ਮੋਹਰੀਆਂ ਨੇ ਅਨੇਕਾਂ ਤਰ੍ਹਾਂ ਦੀਆਂ ਅਟਕਲਾਂ ਖੜ੍ਹੀਆਂ ਕੀਤੀਆਂ ਸਨ।ਪ੍ਰਕਾਸ਼ ਸਿੰਘ ਬਾਦਲ ਦੇ ਹਿੱਕ ਦੇ ਵਾਲ ਮੰਨੇ ਜਾਣ ਵਾਲੇ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਆਦਿ ਨੇ ਅਕਾਲੀ ਦਲ 'ਚ ਸੁਖਬੀਰ ਸਿੰਘ ਬਾਦਲ ਦੀ ਬੋਲਦੀ ਤੂਤੀ ਤੋਂ ਤੰਗ ਆ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ਼ ਕੇ ਹੁਣ ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਦੇ ਬੈਨਰ ਹੇਠ ਮਜ਼ਬੂਤ ਧੜਾ ਬਣਾ ਲਿਆ ਹੈ ਜਦਕਿ ਇਸ ਤੋਂ ਪਹਿਲਾਂ ਵੀ ਕਈ ਆਗੂ ਕਾਂਗਰਸ 'ਚ ਸ਼ਮੂਲੀਅਤ ਕਰ ਚੁੱਕੇ ਹਨ। ਅਜਿਹੇ ਵੱਡੇ ਕੱਦ ਦੇ ਅਕਾਲੀ ਨੇਤਾਂ ਦਾ ਕਹਿਣਾ ਹੈ ਕਿ ਪੰਥਕ ਸਿਆਸਤ ਦਾ ਹੀਰੋ ਸੁਖਬੀਰ ਸਿੰਘ ਬਾਦਲ ਹੀ ਬਣ ਰਿਹਾ ਹੈ ਜਿਸ ਨੇ ਬਾਕੀਆਂ ਨੂੰ ਖੁੱਡੇ ਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਉਕਤ ਵੱਡੇ ਨੇਤਾਵਾਂ ਨੇ ਤਾਂ ਕਿਸੇ ਸਮੇਂ ਇਹ ਦੋਸ਼ ਵੀ ਲਏ ਸਨ ਕਿ ਪੁੱਤ, ਨੂੰਹ, ਜਵਾਈ ਅਤੇ ਪੁੱਤ ਦੇ ਸਾਲੇ ਤੋਂ ਇਲਾਵਾ ਹੋਰ ਬਾਕੀ ਰਿਸ਼ਤੇਦਾਰਾਂ ਨੂੰ ਮੂਹਰੇ ਲਿਆਉਣ ਲਈ ਇੱਕ-ਇੱਕ ਲੱਖ ਵੋਟਾਂ ਦੇ ਫ਼ਰਕ ਨਾਲ ਲੋਕ ਸਭਾ ਸੀਟ ਜਿੱਤਣ ਵਾਲੇ ਬਜ਼ੁਰਗਾਂ ਨੂੰ ਪਿੱਛੇ ਧਕੇਲ ਕੇ ਕੇਂਦਰ 'ਚ ਪਰਿਵਾਰ ਦੇ ਮੈਂਬਰਾਂ ਲਈ ਵਜ਼ੀਰੀਆਂ ਲੈ ਲਈਆਂ ਸਨ।

# ਅਮਰੀਕਾ 'ਚ ਗੋਲੀਬਾਰੀ 'ਚ ਮਾਰੇ ਗਏ ਸਿੰਘ ਨੂੰ ਨਾਇਕ ਦੇ ਤੌਰ 'ਤੇ ਕੀਤਾ ਗਿਆ ਯਾਦ

ਲੌਸ ਐਂਜਲਸ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ 'ਚ ਗੋਲੀਬਾਰੀ ਦੀ ਘਟਨਾ 'ਚ ਮਾਰੇ ਗਏ ਭਾਰਤੀ ਮੂਲ ਦੇ ਸਿੱਖ ਵਿਅਕਤੀ ਤਪਤੇਜਦੀਪ ਸਿੰਘ ਨੂੰ ਇੱਕ ਨਾਇਕ ਦੱਸਿਆ ਗਿਆ ਹੈ ਜੋ ਦੂਜਿਆਂ ਦੀ ਸੁਰੱਖਿਆ ਲਈ ਜਿਊਂਦਾ ਸੀ। ਉਸ ਦੇ ਪਰਿਵਾਰ ਦੇ ਮੈਂਬਰਾਂ ਨੇ ਕਿਹਾ ਕਿ ਸਿੰਘ ਇੱਕ ਨਾਇਕ ਵਾਂਗ ਸੀ ਜੋ ਦੂਜਿਆਂ ਦੀ ਸੇਵਾ ਅਤੇ ਉਨ੍ਹਾਂ ਦੀ ਸੁਰੱਖਿਆ 'ਚ ਲੱਗਾ ਰਹਿੰਦਾ ਸੀ। ਕੈਲੇਫ਼ੋਰਨੀਆ ਦੇ ਰੇਲ ਯਾਰਡ 'ਚ ਹੋਈ ਗੋਲੀਬਾਰੀ 'ਚ ਨੌਂ ਲੋਕ ਮਾਰੇ ਗਏ ਸਨ ਜਿਨ੍ਹਾਂ 'ਚ ਸਿੰਘ ਵੀ ਸ਼ਾਮਿਲ ਸੀ।



ਗੋਲਾਬਾਰੀ ਛਿਲੇ ਹਫ਼ਤੇ ਸਵੇਰੇ ਤਕਰੀਬਨ ਸਾਢੇ 6 ਵਜੇ ਵੈਲੀ ਟਰਾਂਸਪੋਰਟ ਅਥੌਰਿਟੀ (VTA) ਦੀਆਂ ਦੋ ਇਮਾਰਤਾਂ 'ਚ ਹੋਈ ਸੀ ਅਤੇ ਗੋਲੀਬਾਰੀ ਰੱਖ-ਰਖਾਅ ਕਰਮਚਾਰੀ ਸੈਮੂਅਲ ਕੈਸਿਡੀ (57) ਨੇ ਕੀਤੀ ਸੀ। ਸਿੰਘ (36) VTA 'ਚ 9 ਸਾਲਾਂ ਤੋਂ ਇੱਕ ਲਾਈਟ ਰੇਲ ਆਪਰੇਟਰ ਦੇ ਤੌਰ 'ਤੇ ਕੰਮ ਕਰਦੇ ਸਨ। ਸਿੰਘ ਦੇ ਭਰਾ ਨੇ ਪਰਿਵਾਰ ਵਲੋਂ ਜਾਰੀ ਇੱਕ ਬਿਆਨ 'ਚ ਕਿਹਾ, "ਤਪਤੇਜਦੀਪ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ ਦਾ ਪਾਲਣ ਕਰਦੇ ਹੋਏ ਦੂਜਿਆਂ ਦੀ ਸੇਵਾ ਅਤੇ ਉਹਨਾਂ ਦੀ ਸੁਰੱਖਿਆ ਲਈ ਕੰਮ ਕਰ ਰਿਹਾ ਸੀ।" USA ਟੂਡੇ ਨੇ ਬਿਆਨ ਦੇ ਹਵਾਲੇ ਨਾਲ ਇੱਕ ਖ਼ਬਰ 'ਚ ਕਿਹਾ ਹੈ, "ਅਸੀਂ ਤਪਤੇਜਦੀਪ ਸਿੰਘ ਨੂੰ ਉਸ ਨਾਇਕ ਦੇ ਤੌਰ 'ਤੇ ਯਾਦ ਕਰਨਾ ਚਾਹੁੰਦੇ ਹਾਂ ਜੋ ਦੂਜਿਆਂ ਦੇ ਸੇਵਾ ਲਈ ਜਿਊਂਦੇ ਸਨ।" ਸਿੰਘ ਦੇ ਪਰਿਵਾਰ 'ਚ ਪਤਨੀ, ਤਿੰਨ ਸਾਲਾ ਇੱਕ ਬੇਟਾ ਅਤੇ ਇੱਕ ਸਾਲਾ ਬੇਟੀ ਹੈ।

# ਕੋਰੋਨਾ ਕਾਰਨ ਅਨਾਥ ਹੋਏ ਬੱਚਿਆਂ ਨੂੰ ਮੋਦੀ ਦੇਵੇਗਾ 10 ਲੱਖ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਕੋਰੋਨਾ ਆਫ਼ਤ ਦਰਮਿਆਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇੱਕ ਹੋਰ ਵੱਡਾ ਐਲਾਨ ਕੀਤਾ ਹੈ।ਮੋਦੀ ਨੇ ਕਿਹਾ ਕਿ ਕੋਰੋਨਾ ਕਾਰਨ ਜੋ ਬੱਚੇ ਅਨਾਥ ਹੋ ਗਏ ਹਨ, ਉਨ੍ਹਾਂ ਨੂੰ PM ਕੇਅਰਜ਼ ਫ਼ੌਰ ਚਿਲਰਨ ਯੋਜਨਾ ਅਧੀਨ ਮਦਦ ਦਿੱਤੀ ਜਾਵੇਗੀ।ਅਜਿਹੇ ਬੱਚਿਆਂ ਨੂੰ 18 ਸਾਲ ਦੀ ਉਮਰ ਤੋਂ ਬਾਅਦ ਮਹੀਨਾਵਾਰ ਭੱਤਾ (ਸਟਾਈਫ਼ਡ) ਮਿਲੇਗਾ ਅਤੇ 23 ਸਾਲ ਦੇ ਹੋਣ 'ਤੇ PM ਕੇਅਰਜ਼ ਫ਼ੰਡ ਤੋਂ 10 ਲੱਖ ਰੁਪਏ ਦੀ ਰਾਸ਼ੀ ਦਿੱਤੀ ਜਾਵੇਗੀ। ਇਹ ਜਾਣਕਾਰੀ ਪ੍ਰਧਾਨ ਮੰਤਰੀ ਦਫ਼ਤਰ (PMO) ਵਲੋਂ ਦਿੱਤੀ ਗਈ ਹੈ। PMO ਨੇ ਇਹ ਵੀ ਦੱਸਿਆ ਕਿ ਕੋਰੋਨਾ ਕਾਰਨ ਆਪਣੇ ਮਾਤਾ-ਪਿਤਾ ਨੂੰ ਗੁਆਉਣ ਵਾਲੇ ਬੱਚਿਆਂ ਨੂੰ ਉੱਚ ਸਿੱਖਿਆ ਕਰਜ਼ੇ ਲਈ ਮਦਦ ਦਿੱਤੀ ਜਾਵੇਗੀ।PM ਕੇਅਰਜ਼ ਫ਼ੰਡ ਤੋਂ ਇਸ ਦਾ ਵਿਆਜ ਵੀ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਬੱਚਿਆਂ ਨੂੰ 18 ਸਾਲ ਦੀ ਉਮਰ ਤਕ 5 ਲੱਖ ਰੁਪਏ ਦਾ ਮੁਫ਼ਤ ਸਿਹਤ ਬੀਮਾ ਮਿਲੇਗਾ। ਇਸ ਦੇ ਪ੍ਰੀਮੀਅਮ ਦਾ ਭੁਗਤਾਨ PM ਕੇਅਰਜ਼ ਫ਼ੰਡ ਤੋਂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬੱਚੇ ਭਾਰਤ ਦੇ ਭਵਿੱਖ ਦਾ ਪ੍ਰਤੀਨਿਧੀਤਵ ਕਰਦੇ ਹਨ, ਅਤੇ ਅਸੀਂ ਉਨ੍ਹਾਂ ਦਾ ਸਮਰਥਨ ਕਰਨ, ਉਨ੍ਹਾਂ ਦੀ ਰੱਖਿਆ ਕਰਨ ਲਈ ਸਭ ਕੁਝ ਕਰਾਂਗੇ।

# ਵਿਨੀਪੈਗ ਆਲਿਓ ! ਹਾਲੇ ਕੁਝ ਸਮਾਂ ਹੋਰ ਘਰਾਂ ਅੰਦਰ ਹੀ ਰਹੋ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੈਨਿਟੋਬਾ ਵਿੱਚ ਕੋਵਿਡ-19 ਕੇਸਾਂ ਵਿੱਚ ਆ ਰਹੀ ਤੇਜ਼ੀ ਨੂੰ ਵੇਖਦਿਆਂ ਜਨਤਕ, ਸਮਾਜਕ ਅਤੇ ਪਰਿਵਾਰਕ ਇਕੱਠਾਂ, ਰੀਟੇਲ ਬਿਜ਼ਨਿਸਿਜ਼, ਵਰਕ ਪਲੇਸਿਜ਼ ਆਦਿ 'ਤੇ ਲਗਾਈਆਂ ਸਿਹਤ ਸੰਬੰਧੀ ਪਾਬੰਦੀਆਂ ਨੂੰ ਵਧਾਉਣ ਦਾ ਐਲਾਨ ਕੀਤਾ ਗਿਆ ਹੈ। ਇੱਕ ਹੋਰ ਹਫ਼ਤੇ ਲਈ ਸਕੂਲ ਬੰਦ ਰਹਿਣਗੇ। ਮੌਜੂਦਾ ਪਾਬੰਦੀਆਂ ਬੀਤੇ ਸ਼ਨੀਵਾਰ ਖ਼ਤਮ ਹੋਣੀਆਂ ਸਨ, ਪਰ ਹੁਣ ਇਹਨਾਂ ਵਿੱਚ ਵਾਧਾ ਕਰ ਦਿੱਤਾ ਗਿਆ ਹੈ।

# ਬਰਤਾਨੀਆ ਦੇ ਇਸ ਪ੍ਰਾਇਮਰੀ ਸਕੂਲ ਵਿੱਚ ਬੋਲੀਆਂ ਜਾਂਦੀਆਂ ਹਨ 31 ਵੱਖ-ਵੱਖ ਭਾਸ਼ਾਵਾਂ

ਗਲਾਸਗੋ/ ਬਰਮਿੰਘਮ (ਮਨਦੀਪ ਖੁਰਮੀ ਹਿੰਮਤਪੁਰਾ) ਯੂਕੇ ਵਿੱਚ ਦੁਨੀਆਂ ਦੇ ਹਰ ਇੱਕ ਕੋਨੇ ਤੋਂ ਆ ਕੇ ਲੋਕ ਆਪਣੀ ਜ਼ਿੰਦਗੀ ਬਤੀਤ ਕਰਦੇ ਹਨ। ਇਸ ਲਈ ਇੱਥੋਂ ਦੇ ਸਮਾਜ ਵਿੱਚ ਵੱਖ ਵੱਖ ਧਰਮਾਂ, ਜਾਤਾਂ ਆਦਿ ਦੇ ਲੋਕ ਰਹਿੰਦੇ ਹਨ। ਅਜਿਹੇ ਹੀ ਵਿਭਿੰਨਤਾ ਵਾਲੇ ਸਮਾਜ ਵਿੱਚ ਇੱਕ ਸਕੂਲ ਵੀ ਅਜਿਹਾ ਹੈ, ਜਿੱਥੇ ਅਲੱਗ ਅਲੱਗ ਦੇਸ਼ਾਂ ਦੇ ਬੱਚੇ ਪੜ੍ਹਦੇ ਹਨ ਅਤੇ 31 ਵੱਖ ਵੱਖ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ। ਯੂਕੇ ਦੇ ਬਰਮਿੰਘਮ ਵਿੱਚ ਸੇਲੀ ਓਕ ਦੇ ਵਾਟਰ ਮਿੱਲ ਪ੍ਰਾਇਮਰੀ ਸਕੂਲ ਵਿੱਚ 31 ਵੱਖ-ਵੱਖ ਭਾਸਾਵਾਂ ਬੋਲੀਆਂ ਜਾਂਦੀਆਂ ਹਨ। ਇਸ ਸਕੂਲ ਦੇ ਹਾਲ ਵਿੱਚ ਵਿਸਵ ਭਰ ਤੋਂ ਆਏ ਹੋਏ ਬੱਚਿਆਂ ਦੀਆਂ ਫੋਟੋਆਂ ਦਾ ਬੋਰਡ ਬੜੇ ਮਾਣ ਨਾਲ ਲਗਾਇਆ ਹੋਇਆ ਹੈ। ਇਸ ਸਕੂਲ ਵਿੱਚ ਇਸ ਵੇਲੇ 30 ਵੱਖ-ਵੱਖ ਕੌਮੀਅਤਾਂ ਦੇ ਵਿਦਿਆਰਥੀ ਹਨ ਜੋ ਕਿ ਕੋਵਿਡ ਮਹਾਂਮਾਰੀ ਕਾਰਨ ਆਮ ਨਾਲੋਂ ਘੱਟ ਹੋ ਸਕਦੇ ਹਨ।




ਇਸ ਸਕੂਲ ਦੇ ਅੰਤਰਰਾਸਟਰੀ ਹੋਣ ਦਾ ਕਾਰਨ ਬਰਮਿੰਘਮ ਯੂਨੀਵਰਸਿਟੀ ਅਤੇ ਕਵੀਨ ਅਲੀਜਾਬੇਥ ਹਸਪਤਾਲ ਨਾਲ ਨੇੜਤਾ ਹੈ। ਜਿਸ ਕਰਕੇ ਬਹੁਤ ਸਾਰੇ ਵਿਦਿਆਰਥੀਆਂ ਦੇ ਮਾਪੇ ਵਿਦੇਸਾਂ ਤੋਂ ਆ ਕੇ ਯੂਨੀਵਰਸਿਟੀ ਵਿੱਚ ਪੜ੍ਹਦੇ ਹਨ ਜਾਂ ਹਸਪਤਾਲ ਵਿੱਚ ਕੰਮ ਕਰਦੇ ਹਨ ਅਤੇ ਛੇ ਮਹੀਨੇ ਤੋਂ ਤਿੰਨ ਸਾਲ ਤੱਕ ਇੱਥੇ ਰਹਿੰਦੇ ਹਨ। ਸਕੂਲ ਦੀ ਹੈੱਡਮਾਸਟਰ ਪਾਉਲਾ ਰੁਡ ਅਨੁਸਾਰ ਸਕੂਲ ਵਿੱਚ 30 ਵੱਖ-ਵੱਖ ਦੇਸ਼ਾਂ ਦੇ ਬੱਚੇ, 31 ਵੱਖ-ਵੱਖ ਭਾਸਾਵਾਂ ਬੋਲਦੇ ਹਨ ਅਤੇ ਆਉਣ ਵਾਲੇ 90 ਫੀਸਦੀ ਬੱਚੇ ਅੰਗਰੇਜੀ ਨਹੀਂ ਬੋਲਦੇ। ਅੰਗਰੇਜ਼ੀ ਸਕੂਲ ਵਿੱਚ ਆਉਣ ਵਾਲੇ ਬੱਚਿਆਂ ਦੀ ਪਹਿਲੀ ਭਾਸ਼ਾ ਨਾ ਹੋ ਕੇ ਦੂਸਰੀ ਭਾਸ਼ਾ ਹੁੰਦੀ ਹੈ, ਪਰ ਬੱਚੇ ਫਿਰ ਵੀ ਆਪਸ ਵਿੱਚ ਤਾਲਮੇਲ ਰੱਖਦੇ ਹਨ। ਸਕੂਲ ਅਨੁਸਾਰ ਕੋਰੀਆ, ਦੱਖਣੀ ਅਫਰੀਕਾ, ਚੀਨ, ਭਾਰਤ, ਪਾਕਿਸਤਾਨ ਆਦਿ ਤੋਂ ਇਲਾਵਾ ਦੁਨੀਆਂ ਦੇ ਹੋਰਾਂ ਦੇਸਾਂ ਤੋਂ ਵੀ ਬੱਚੇ ਦਾਖਲਾ ਕਰਵਾਉਂਦੇ ਹਨ।

